# ਸਿਰਜਣਾ

ਜਨਵਰੀ-ਮਾਰਚ 2009 (ਅੰਕ 151)

**January- March 2009**

**ਸੰਪਾਦਕ: ਰਘਬੀਰ ਸਿੰਘ**

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

# ਇਜਾਜ਼ਤ
# Permission

ਮੈਂ ਰਘੁਬੀਰ ਸਿੰਘ ਸੰਪਾਦਕ ਸਿਰਜਣਾ ਸੁਖਵੰਤ ਹੁੰਦਲ (13286 55 A Ave. Surrey, BC, Canada) ਨੂੰ ਸਿਰਜਣਾ ਦੇ ਸਾਰੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਸਿਰਫ ਸਿਰਜਣਾ ਦੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਲਈ ਹੀ ਹੈ। ਸਿਰਜਣਾ ਦੀ ਸਮੱਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਰਘਬੀਰ ਸਿੰਘ ਸੰਪਾਦਕ ਸਿਰਜਣਾ ਦੇ ਹਨ।

I Raghbir Singh editor Sirjana hearby grant permission to Sukhwant Hundal (13286 55 A Ave. Surrey, BC, Canada) to upload online all issues of Sirjana in PDF format. This permission is only for uploading issues online in PDF format. The copyright and all other rights for Sirjana's content remains with Raghbir Singh, editor Sirjana.

ਦਸਖਤ –Sign:

ਪਤਾ –Address: 1728, ਸੈਕਟਰ 43-ਬੀ, ਚੰਡੀਗੜ੍ਹ - 160022

1728, Sector 43-B, Chandigarh - 160022 India

ਤਾਰੀਕ –Date: 25-10-2014

# ਸਿਰਜਣਾ



ਜਨਵਰੀ-ਮਾਰਚ 2009 **151** 25 ਰੁਪਏ

# ਸਿਰਜਣਾ

151

ਜਨਵਰੀ-ਮਾਰਚ 2009

ਸੰਪਾਦਕ : ਰਘਬੀਰ ਸਿੰਘ
Editor : Raghbir Singh

*

ਪਤਾ

1728, ਸੈਕਟਰ 43-ਬੀ,
ਚੰਡੀਗੜ੍ਹ - 160 022
ਫੋਨ : +91-172-2601693

*

SIRJANA

1728, Sector 43-B,
Chandigarh-160 022
INDIA
Phone : +91-172-2601693
E-mail :
raghbirsingh_chd@dataone.in
raghbirssirjana@yahoo.com

*

SIRJANA is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966

## ਇਸ ਅੰਕ ਵਿਚ

ਸਾਧੂ ਬਿਨਿੰਗ/ ਕਵਿਤਾ/ ਬਾਰਾਕ ਓਬਾਮਾ/1
ਜਸਬੀਰ ਸਿੰਘ ਆਹਲੂਵਾਲੀਆ/ ਕਵਿਤਾ/ ਮੈਂ ਪੈਦਾਇਸ਼ੀ ਕਾਫ਼ਰ ਨਹੀਂ, ਪਰ/ 5
ਦੇਵਿੰਦਰ ਕੌਰ/ਪੰਜ ਕਵਿਤਾਵਾਂ/6
ਸੁਖਵਿੰਦਰ/ ਕਵਿਤਾ/ਨੰਨ੍ਹੀਆਂ ਮੁੰਨੀਆਂ /9
ਸੰਤੋਖ ਸਿੰਘ ਸੰਤੋਖ/ ਕਵਿਤਾ/ਚਾਚਾ ਚੁੱਪ ਹੈ !9
ਅਜਾਇਬ ਸਿੰਘ ਹੁੰਦਲ /ਕਵਿਤਾ/ ਕਵਿਤਾ ਦਾ ਸੱਚ / 10
ਤ੍ਰੈਲੋਚਨ ਲੋਚੀ/ ਦੋ ਗ਼ਜ਼ਲਾਂ/11
ਸੁਰਜੀਤ ਸਾਜਨ/ਗ਼ਜ਼ਲ/ 12
ਦਰਸ਼ਨ ਸਿੰਘ/ ਕਹਾਣੀ/ ਜਾਮ/ 13
ਗੁਰਦਿਆਲ ਦਲਾਲ/ ਕਹਾਣੀ/ ਸੇਵਾ/ 24
ਰਤਨ ਸਿੰਘ / ਕਹਾਣੀ/ ਖ਼ੁਸ਼ੀ ਦੀ ਕਲੀ / 35
ਜ਼ੋਰਾ ਸਿੰਘ ਸੰਧੂ / ਕਹਾਣੀ/ ਰਿਜ਼ਕ / 39
ਗੁਲਜ਼ਾਰ ਸਿੰਘ ਸੰਧੂ/ ਨਿਬੰਧ/ਮਹਿੰਦਰ ਸਿੰਘ ਰੰਧਾਵਾ / 43
ਨਿਗਹਤ ਖ਼ੁਰਸ਼ੀਦ ਨਾਰੂ/ ਨਿਬੰਧ/ਰਵਿੰਦਰ ਰਵੀ ਦੇ ਡਰਾਮੇ/ 50
ਜਸਵੀਰ ਸਮਰ/ ਨਿਬੰਧ/ ਪਾਸ਼ ਹੋਣ ਦਾ ਮਤਲਬ/ 61
ਗੁਰਪ੍ਰੀਤ ਕੌਰ ਗਿੱਲ/ ਨਿਬੰਧ/ ਤ੍ਰਾਸਦ ਪਾਤਰਾਂ ਦੀ ਦਾਸਤਾਂ : ਕਿੱਸਾ ਪੂਰਨ ਭਗਤ-ਕਾਦਰਯਾਰ/ 68
ਸੁਰਜੀਤ ਹਾਂਸ/ਰਿਵਿਊ/ Discovering the Vedas, Frits Staal / 74
ਸਤਿੰਦਰਪਾਲ ਸਿੰਘ/ ਰਿਵਿਊ/ਆਪਣੇ ਆਪਣੇ ਜੰਗਲ / 78,
ਰਾਜਵੰਤ ਕੌਰ/ ਰਿਵਿਊ/ ਸਮਾਂ ਤੇ ਸੁਪਨੇ/ 82
ਚੰਦਰ ਮੋਹਨ/ ਰਿਵਿਊ/ਕੰਕਰ ਤੇ ਗੁਲਦਾਨ/ 83, ਪਾਰਦਰਸ਼ੀ/86
ਸ਼ਸ਼ੀ ਸਮੁੰਦਰਾ, ਅਵਤਾਰ ਸਿੰਘ ਬਿਲਿੰਗ, ਪ੍ਰੇਮ ਗੋਰਖੀ, ਅਮਨਪਾਲ ਸਾਰਾ, ਕਰਮਜੀਤ ਸਿੰਘ ਨਡਾਲਾ, ਬਲਬੀਰ ਸਿੰਘ ਮੁਕੇਰੀਆਂ/ਪੱਤਰ/ 89

ਟਾਈਟਲ ਚਿੱਤਰ : ਦੇਵ  ਟਾਈਪ-ਸੈਟਿੰਗ : ਰਾਜਪ੍ਰੀਤ ਸਿੰਘ

ਚੰਦਾ-ਦਸ ਅੰਕ : ਦੇਸ : 250 ਰੁਪਏ, ਵਾਰਸ਼ਿਕ : 100 ਰੁਪਏ
ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 25 ਪੌਂਡ, 50 ਡਾਲਰ, ਵਾਰਸ਼ਿਕ:10 ਪੌਂਡ, 20 ਡਾਲਰ



## ਬਾਰਾਕ ਓਬਾਮਾ/ ਸਾਧੂ ਬਿਨਿੰਗ

*ਨਵੰਬਰ 5 ਦੀ ਸਵੇਰ, 2008*
ਕੱਲ੍ਹ ਰਾਤ ਤੇਰਾ ਗੀਤ :
*'ਹਾਂ! ਅਸੀਂ ਕਰ ਸਕਦੇ ਹਾਂ'*
ਦੁਨੀਆਂ ਭਰ ਨੇ ਸੁਣਿਆਂ
ਕੱਲ੍ਹ ਰਾਤ ਤੇਰੇ ਨਾਲ
ਕਰੋੜਾਂ ਸ਼ਾਇਦ ਅਰਬਾਂ ਲੋਕਾਂ ਨੇ
ਤੇਰੇ ਗੀਤ ਦੇ ਬੋਲ ਦੁਹਰਾਏ
ਤੇਰੇ ਪ੍ਰਸ਼ੰਸਕਾਂ ਦੀ ਭੀੜ 'ਚ ਜੁੜੇ
ਜੈਕੀ ਜੈਕਸਨ, ਓਪਰਾ ਤੇ ਹੋਰ ਹਜ਼ਾਰਾਂ ਨੇ
ਜਜ਼ਬਾਤੀ ਹੋ ਹੰਝੂ ਵਹਾਏ
ਉਹ ਹੰਝੂ ਅੱਗ ਦਾ ਦਰਿਆ ਸਨ
ਜੋ ਕੁੰਤਾ ਕਿੰਤੇ ਦੇ ਸਮੇਂ ਤੋਂ ਨਿਰੰਤਰ ਵਹਿ ਰਿਹਾ ਹੈ
ਅਸਲੀ ਸਨ ਉਹ ਹੰਝੂ
ਤੇਰੇ ਗੀਤ ਦੀ ਤਰ੍ਹਾਂ -ਤੇਰੇ ਬੋਲਾਂ ਦੀ ਤਰ੍ਹਾਂ
ਆਵੇਸ਼ ਵਿਚ ਆ ਕੇ
ਮੈਂ ਵੀ ਤੇਰੇ ਗੀਤ ਨਾਲ ਤੁਰਿਆ
ਮੈਨੂੰ ਵੀ ਲੱਗਿਆ: ਹਾਂ ਸੱਚ ਮੁੱਚ
ਇਕ ਸਫਰ ਤਹਿ ਹੋਇਆ ਹੈ
ਇਕ ਇਤਿਹਾਸਕ ਪਲ ਸੀ ਉਹ
ਜੋ ਨਿੱਤ ਨਹੀਂ ਹੁੰਦਾ-ਉਸ ਪਲ ਹੋਇਆ

ਪਰ ਦੋਸਤਾ
ਹੁਣ ਜਦੋਂ ਮੈਂ ਸਵੇਰੇ ਉਠਿਆਂ ਹਾਂ
ਜਜ਼ਬਾਤੀ ਨਹੀਂ ਹਾਂ
ਮੰਨਿਆ ਕਿ ਇਸ ਵਿਚ ਬੜਾ ਸੰਗੀਤ ਹੈ:
'ਹਾਂ! ਅਸੀਂ ਕਰ ਸਕਦੇ ਹਾਂ'
ਪਰ ਤੇਰਾ ਗੀਤ ਸਿਰਫ ਗੀਤ ਹੈ
ਇਸ ਤੋਂ ਅੱਗੇ ਇਹ ਬਹੁਤੀ ਦੂਰ ਨਹੀਂ ਜਾਏਗਾ
ਅੱਜ ਤੋਂ ਬਾਅਦ ਇਸ ਦੇ ਰਾਤ ਵਾਲੇ ਗਾਇਕਾਂ 'ਚੋਂ
ਮੇਰੇ ਵਾਂਗ ਕੋਈ ਨਾ ਕੋਈ ਨਿੱਤ ਕਿਰਦਾ ਹੀ ਜਾਏਗਾ

ਆਪਣੀਆਂ ਦੋਹਰੀਆਂ ਸਾਂਝਾਂ ਦਾ ਕੀ ਕਰੇਂਗਾ ਤੂੰ?
ਤੇਰੀ ਮਰੀ ਨਾਨੀ ਮੈਡਲਿਨ ਡਨਹੈਮ ਦਾ ਗ਼ਮ ਹੈ
ਜਿਸ ਨੇ ਤੈਨੂੰ ਪਾਲਿਆ

ਉਹ ਜ਼ਬਾਨ ਤੇ ਸਭਿਆਚਾਰ ਦਿੱਤਾ
ਜਿਸ ਦੇ ਸਿਰ 'ਤੇ ਤੂੰ ਜੇਤੂ ਹੋਇਆ ਏਂ
ਤੇ ਕੀਨੀਆਂ ਦੇ ਪਿੰਡ ਨਿਆਨਗੋਮਾ ਕੋਗਲੋ 'ਚ
ਨੱਚਦੀ ਦਾਦੀ ਸਾਰਾ ਹੁਸੈਨ ਓਬਾਮਾ ਦੀ ਖ਼ੁਸ਼ੀ
ਬੜੀਆਂ ਆਸਾਂ ਲਾਈਆਂ ਹਨ -ਤੇਰੇ ਰੰਗ ਦੇ ਲੋਕਾਂ ਤੇਰੇ ਤੋਂ

ਜਿਸ ਚਿੱਟੇ ਘਰ 'ਚ ਤੂੰ ਆਪਣੀ ਬੇਟੀ
ਤੇ ਉਹਦੇ ਨਵੇਂ ਕੁੱਤੇ ਨਾਲ ਰਹਿਣ ਚੱਲਿਆ ਏਂ
ਉਹਦੇ ਦਸਤੂਰ ਮੁਤਾਬਕ ਰਹੇਂਗਾ ਤੂੰ
ਤੇਰੇ ਕੋਲੋਂ ਇਸ ਚਿੱਟੇ ਘਰ ਦਾ
ਰੰਗ ਬਦਲ ਨਈਂ ਹੋਣਾ - ਢੰਗ ਬਦਲ ਨਹੀਂ ਹੋਣਾ
ਤੂੰ ਇਸ ਘਰ ਦਾ ਹੋ ਗਿਆ ਏਂ
ਪਰ ਇਹ ਘਰ ਤੇਰਾ ਕਦੇ ਨਈਂ ਹੋਣਾ
ਇਹ ਘਰ ਗ਼ੁਲਾਮਾਂ ਦੇ ਮੁੜ੍ਹਕੇ ਨਾਲ ਉਸਰਿਆ ਸੀ
ਇਹ ਘਰ ਗ਼ੁਲਾਮਾਂ ਦੇ ਮੁੜ੍ਹਕੇ ਨਾਲ ਹੀ ਚਲਦਾ ਹੈ
ਕਦੇ ਗ਼ੁਲਾਮ ਏਥੇ ਲਿਆਏ ਜਾਂਦੇ ਸਨ
ਹੁਣ ਇਹ ਘਰ ਕੰਮ ਕਰਾਉਣ -ਉਨ੍ਹਾਂ ਕੋਲ ਚਲੇ ਜਾਂਦਾ ਹੈ
ਤੇ ਆਪਣੇ ਕੰਮ ਤੇ ਮਾਲਕਾਂ ਦੀ ਰਾਖੀ ਲਈ
ਇਹਨੇ ਸਵਾ ਸੌ ਮੁਲਕਾਂ 'ਚ - ਫ਼ੌਜਾਂ ਤਾਇਨਾਤ ਕੀਤੀਆਂ ਨੇ
ਕੀ ਹੁਣ ਤੂੰ ਫ਼ੌਜੀਆਂ ਤੋਂ ਰਫਲਾਂ ਲੈ ਕੇ - ਉਨ੍ਹਾਂ ਨੂੰ ਫੁੱਲ ਫੜਾ ਦਏਂਗਾ?
ਤੂੰ ਇਸ ਵੇਲੇ ਦੁਨੀਆਂ ਦੇ - ਵੱਡੇ ਸਾਮਰਾਜ ਮੁਲਕ ਦਾ ਸਰਦਾਰ ਏਂ
ਤੈਨੂੰ ਸਰਦਾਰੀ ਲਈ ਚੁਣਿਆਂ ਏਂ
ਤੇ ਤੂੰ ਸਰਦਾਰੀ ਹੀ ਕਰੇਂਗਾ
ਹੋਰ ਕੁਝ ਤੂੰ ਕਰ ਨਹੀਂ ਸਕਦਾ
ਤੇਰਾ ਕੰਮ ਦੱਬੇ ਕੁਚਲੇ ਜਾਂਦੇ -ਕਾਮਿਆਂ ਨੂੰ ਦਬਾ ਕੇ ਰੱਖਣਾ ਹੈ
ਉਨ੍ਹਾਂ ਤੋਂ ਕੰਮ ਲੈਣਾ ਹੈ - ਉਨ੍ਹਾਂ ਦੀ ਦੇਖਭਾਲ ਕਰਨੀ ਨਹੀਂ
ਤੇਰਾ ਕੰਮ ਤੇਲ 'ਤੇ ਕਬਜ਼ੇ ਲਈ - ਇਸਰਾਈਲ ਦੀ ਰਾਖੀ ਕਰਨਾ ਹੈ
ਇਹ ਛੱਡ ਕੇ ਹੁਣ ਤੂੰ - ਬੇਕਸੂਰ ਮਾਰੇ ਜਾ ਰਹੇ ਲੱਖਾਂ ਅਫਰੀਕਣਾਂ ਦੇ
ਜਾਨ ਮਾਲ ਦੀ ਰਾਖੀ ਕਰਨ ਨਹੀਂ ਜਾਵੇਂਗਾ
ਤੇਰੇ ਚਿੱਟੇ ਘਰ ਦਾ ਇਹੀ ਦਸਤੂਰ ਹੈ
ਜੋ ਸਦੀਆਂ ਤੋਂ ਬਦਲਿਆ ਨਹੀਂ
ਤੇ ਨਾ ਹੀ ਤੇਰੇ ਕੋਲੋਂ ਬਦਲਿਆ ਜਾਣਾ ਹੈ

ਪਰ ਦੋਸਤਾ! ਤੂੰ ਬੇਫਿਕਰ ਰਹਿ
ਤੇਰੇ 'ਤੇ ਇਲਜ਼ਾਮ ਕੋਈ ਨਈਂ ਆਏਗਾ
ਜਿਸ ਆਰਿਥਕ ਨਜ਼ਾਮ ਨੇ - ਤੇਰੇ ਵਡੇਰਿਆਂ ਨੂੰ ਬੰਧੀ ਬਣਾਇਆ ਸੀ
ਅਜੇ ਤਕ ਉਸ ਦਾ ਖਾਸਾ ਨਹੀਂ ਬਦਲਿਆ



ਤੂੰ ਕਦੇ ਉਸ 'ਤੇ ਉਂਗਲੀ ਨਹੀਂ ਰੱਖੀ
ਤੂੰ ਕਦੇ ਨਹੀਂ ਕਿਹਾ-ਬਦਲਿਆ ਜਾਵੇਗਾ ਇਹ ਨਿਜ਼ਾਮ
ਤੂੰ ਕੋਈ ਵੀ ਅਜੇਹਾ ਵਾਇਦਾ ਨਈਂ ਕੀਤਾ ਕਿ
ਬਰਾਬਰਤਾ ਹੋਵੇਗੀ, ਸ਼ੋਸ਼ਣ ਨਹੀਂ ਹੋਵੇਗਾ
ਸਿਹਤ ਸੇਵਾਵਾਂ ਮਿਲਣਗੀਆਂ
ਕਿਸ਼ਤਾਂ ਟੁੱਟੀਆਂ 'ਤੇ ਬੈਂਕਾਂ
ਕਿਸੇ ਬੇਰੁਜ਼ਗਾਰ ਕਾਮੇ ਦਾ - ਘਰ ਨਈਂ ਖੋਹਣਗੀਆਂ
ਤੂੰ ਤਾਂ ਬੈਂਕਾਂ ਨੂੰ ਹੀ ਬਚਾਵੇਂਗਾ
ਤੇ ਮਧਵਰਗ ਲਈ ਵਾਇਦਾ ਕੀਤਾ ਹੈ -ਕੁਝ ਟੈਕਸ ਛੋਟਾਂ ਦਾ
ਇਰਾਕ 'ਚੋਂ ਅਮਰੀਕੀ ਫ਼ੌਜੀ
ਤੂੰ ਕੁਝ ਦੇਰ ਪਹਿਲਾਂ ਕੱਢੇਂਗਾ
ਸਿਰਫ ਇਸ ਲਈ ਕਿ ਖਰਚਾ ਜ਼ਿਆਦੇ ਹੋ ਰਿਹੈ
ਅਫਗਾਨਿਸਤਾਨ 'ਚ ਆਪਣੇ ਹਿੱਤਾਂ ਦੀ ਰਾਖੀ
ਕਿਸੇ ਹੋਰ ਕਨੇਡੇ ਨੂੰ ਬਹਾਵੇਂਗਾ
ਇਰਾਨ, ਕੋਰੀਆ, ਵੈਨਜ਼ੁਵੇਲਾ ਜਾਂ ਜਿਹੜਾ ਵੀ ਕੋਈ
ਤੇਰੀ ਸਰਦਾਰੀ ਤੋਂ ਆਕੀ ਹੋਵੇਗਾ
ਉਹਦੇ ਨਾਲ ਤੂੰ ਸਰਦਾਰਾਂ ਵਾਂਗ ਹੀ ਪੇਸ਼ ਆਵੇਂਗਾ
ਬੁਸ਼ ਵੀ ਏਦਾਂ ਹੀ ਕਰਦਾ ਸੀ - ਮਕੈਨ ਨੇ ਵੀ ਏਦਾਂ ਈ ਕਰਨੀ ਸੀ
ਤੇ ਤੂੰ ਵੀ ਏਦਾਂ ਈ ਕਰੇਂਗਾ

ਰਾਤੀਂ ਤੇਰੇ ਭਾਸ਼ਣ 'ਚ ਕਹੀ ਆਖਰੀ ਗੱਲ ਨੇ
ਮੇਰੇ ਲਈ ਤਾਂ -ਸ਼ੱਕ ਦੀ ਗੁੰਜਾਇਸ਼ ਰਹਿਣ ਈ ਨਈਂ ਦਿੱਤੀ
ਤੂੰ ਆਖਿਆ: ਗੌਡ ਬਲੈੱਸ ਯੂ! ਗੌਡ ਬਲੈੱਸ ਅਮੈਰਿਕਾ
ਭਲਾ ਬੁੱਸ਼ ਨੇ ਕੋਈ ਵੱਖਰੀ ਗੱਲ ਕਹੀ ਸੀ?
ਮਕੈਨ ਨੇ ਕੋਈ ਵੱਖਰੀ ਗੱਲ ਕਹਿਣੀ ਸੀ?
ਜਿਨ੍ਹਾਂ ਲੋਕਾਂ ਨੂੰ ਕੰਮ ਦੀ ਕੋਈ ਗਾਰੰਟੀ ਨਾ ਹੋਵੇ
ਜਿਨ੍ਹਾਂ ਲੋਕਾਂ ਨੂੰ ਸਿਰ 'ਤੇ ਛੱਤ ਦਾ ਭਰੋਸਾ ਨਾ ਹੋਵੇ
ਜਿਨ੍ਹਾਂ ਨੂੰ ਬੀਮਾਰ ਹੋ ਜਾਣ ਦਾ ਹੀ ਮੌਤ ਜਿੰਨਾ ਡਰ ਹੋਵੇ
ਉਨ੍ਹਾਂ ਨੂੰ ਰੱਬ ਦਾ ਆਸਰਾ ਤਾਂ ਚਾਹੀਦਾ ਹੀ ਹੈ

ਗਾਈ ਜਾ ਬੇਸ਼ੱਕ ਤੂੰ : *'ਹਾਂ! ਅਸੀਂ ਕਰ ਸਕਦੇ ਹਾਂ'*
ਪਰ ਤੇਰਾ ਇਹ ਬਹੁਤ ਈ ਸੰਗੀਤਮਈ ਗੀਤ
ਸਿਰਫ ਗੀਤ ਹੈ
ਜੀਵਨ ਨੂੰ ਚਲਦਾ ਰੱਖਣ ਲਈ
ਚੰਗੇ ਗੀਤਾਂ ਦੀ ਲੋੜ ਤੋਂ ਮੈਂ ਵੀ ਮੁਨਕਰ ਨਹੀਂ
ਪਰ ਤੇਰਾ ਗੀਤ ਸਿਰਫ ਗੀਤ ਹੀ ਹੈ। □□

**[4333, Partland Street, Burnaby, B.C., Canada V5J 2N5]**

## ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ

ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਅਸਾਧਾਰਨ ਸੂਝ ਬੂਝ ਵਾਲੇ ਕਮਿਊਨਿਸਟ ਨੇਤਾ ਸਨ ਜਿੰਨ੍ਹਾਂ ਦਾ ਸੱਤ ਦਹਾਕਿਆ ਤਕ ਫੈਲਿਆ ਰਾਜਨੀਤਕ ਜੀਵਨ ਇਕ ਅਣਥੱਕ ਜੋਧੇ ਦੀ ਦਾਸਤਾਨ ਹੈ। ਚੜ੍ਹਦੀ ਉਮਰੇ ਹੀ ਬਸਤੀਵਾਦੀ ਗ਼ੁਲਾਮੀ ਤੋਂ ਦੇਸ ਨੂੰ ਆਜ਼ਾਦ ਕਰਾਉਣ ਦੇ ਸੰਗਰਾਮ ਵਿਚ ਦਿਲ ਜਾਨ ਨਾਲ ਜੁਟ ਜਾਣ ਵਾਲੇ ਇਸ ਜੁਝਾਰੂ ਮਨੁੱਖ ਨੇ ਸਾਰੀ ਉਮਰ ਲੋਕਾਂ ਦੇ ਲੇਖੇ ਲਾਈ। ਦੇਸ਼ ਭਗਤੀ ਤੋਂ ਲੋਕ ਭਗਤੀ ਵੱਲ ਯਾਤਰਾ ਕਰਦਿਆਂ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋਕੇ ਉਹ ਛੇਤੀ ਹੀ ਇਸਦੀਆਂ ਆਗੂ ਸਫਾਂ ਵਿਚ ਆ ਗਏ ਸਨ। ਕਈ ਦਹਾਕਿਆਂ ਤਕ ਉਹ ਕਮਿਊਨਿਸਟ ਪਾਰਟੀ ਦੀ ਪੰਜਾਬ ਦੀ ਇਕਾਈ ਦੇ ਸਕੱਤਰ ਰਹੇ। ਮਗਰੋਂ ਮਾਰਕਸਵਾਦੀ ਕਮਿਊਨਸਟ ਪਾਰਟੀ ਦਾ ਸੰਗਠਨ ਉਸਾਰਨ ਵਾਲੇ ਆਗੂਆਂ ਵਿਚ ਉਹ ਮੂਹਰਲੀਆਂ ਸਫਾਂ ਵਿਚ ਸਨ। ਪਾਰਟੀ ਦੀ ਪੋਲਿਟ ਬਿਊਰੋ ਦੇ ਪ੍ਰਮੁਖ ਮੈਂਬਰ ਵਜੋਂ ਹੀ ਦੇਸ਼ ਦੀ ਰਾਜਨੀਤੀ ਉੱਤੇ ਕਾਮਰੇਡ ਸੁਰਜੀਤ ਦੀ ਮੁਹਰ-ਛਾਪ ਉਘੜਨ ਲੱਗੀ ਸੀ ਪਰ ਪਾਰਟੀ ਦੇ ਜਨਰਲ ਸਕੱਤਰ ਦਾ ਅਹੁਦਾ ਸੰਭਾਲਣ ਪਿੱਛੋਂ ਤਾਂ ਦੇਸ਼ ਦੀ ਰਾਜਨੀਤੀ ਵਿਚ ਉਹ ਇਕ ਤਰ੍ਹਾਂ ਕੇਂਦਰ-ਬਿੰਦੂ ਬਣ ਗਏ ਸਨ। ਲੋਕ ਤੰਤਰੀ, ਧਰਮ-ਨਿਰਪੇਖ, ਅਗਾਂਹਵਧੂ, ਲੋਕ-ਹਿਤੈਸ਼ੀ ਨੀਤੀਆਂ ਨਾਲ ਪਰਨਾਈਆਂ ਸ਼ਕਤੀਆਂ ਨੂੰ ਅੱਗੇ ਲਿਆਉਣ ਵਿਚ ਜਿਸ ਤਰ੍ਹਾਂ ਦੀ ਵੀ ਭੂਮਿਕਾ ਦੀ ਲੋੜ ਪਈ.ਕਾਮਰੇਡ ਸੁਰਜੀਤ ਹਮੇਸ਼ਾ ਉਸਦੇ ਹਾਣ ਦੇ ਹੋ ਕੇ ਸਾਹਮਣੇ ਆਏ। ਜਦੋਂ ਮਾਰਕਸਵਾਦ ਦੀ ਵਿਚਾਰਧਾਰਾ ਅਤੇ ਕਮਿਊਨਿਸਟ ਲਹਿਰ ਅੱਗੇ ਸਵਾਲੀਆ ਨਿਸ਼ਾਨ ਲੱਗਣ ਲੱਗਾ ਸੀ ਅਤੇ ਸਮਾਜਵਾਦ ਨੂੰ ਇਕ ਖੌਫਨਾਕ ਕਲਪਨਾ ਦਾ ਨਾਉਂ ਦਿੱਤਾ ਜਾਣ ਲੱਗਾ ਸੀ, ਉਦੋਂ ਕਾਮਰੇਡ ਸੁਰਜੀਤ ਅੰਤਰਰਾਸ਼ਟਰੀ ਪੱਧਰ ਦੇ ਕਮਿਊਨਿਸਟ ਆਗੂ ਵਜੋਂ ਉਭਰਕੇ ਸਾਹਮਣੇ ਆਏ, ਜੋ ਸੰਸਾਰ ਭਰ ਵਿਚ ਨਿਰਾਸ ਹੋ ਚੁੱਕੇ ਕਮਿਊਨਿਸਟਾਂ ਤੇ ਕਮਿਊਨਿਸਟ ਪਾਰਟੀਆਂ ਲਈ ਉਤਸ਼ਾਹਮਈ ਪ੍ਰੇਰਨਾ ਦਾ ਸੋਮਾ ਬਣੇ। ਉਹਨਾਂ ਨੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਉੱਤੇ ਵਿਚਰਦਿਆਂ ਹੋਇਆਂ ਅਤੇ ਬਹੁਤ ਮੌਕਿਆਂ ਉੱਤੇ ਸੱਤਾ ਦੇ ਕੇਂਦਰ ਵਿਚ ਹੁੰਦਿਆਂ ਹੋਇਆਂ ਨਿੱਜੀ ਪੱਧਰ 'ਤੇ ਆਦਰਸ਼ਕ ਵਿਹਾਰ ਦਾ ਸਬੂਤ ਦਿੱਤਾ। ਕਾਮਰੇਡ ਸੁਰਜੀਤ ਨੇ ਭਰਪੂਰ ਸਾਰਥਕ ਤੇ ਸਫਲ ਜ਼ਿੰਦਗੀ ਜੀਅ ਕੇ ਇਸ ਸੰਸਾਰ ਨੂੰ ਅਲਵਿਦਾ ਆਖੀ ਹੈ। ਲਗਾਤਾਰ ਲੋਕਾਂ ਦੇ ਕਾਜ ਲਈ ਜੂਝਦੇ ਰਹਿਣ ਵਾਲੇ ਇਸ ਅਣਥੱਕ ਜੋਧੇ ਦੀ ਸਿਮਰਤੀ ਵਿਚ ਅਸੀਂ ਆਪਣਾ ਸਿਰ ਝੁਕਾਉਂਦੇ ਹਾਂ।

## ਪ੍ਰੋਫੈਸਰ ਪ੍ਰੀਤਮ ਸਿੰਘ

ਪੰਜਾਬੀ ਦੇ ਸਾਹਿਤਕ ਤੇ ਅਕਾਦਮਿਕ ਜਗਤ ਵਿਚ ਪ੍ਰੋਫੈਸਰ ਪ੍ਰੀਤਮ ਸਿੰਘ ਦਾ ਨਾਂਅ ਜੇ ਬਹੁਤ ਆਦਰ ਸਤਿਕਾਰ ਉਭਾਰਦਾ ਸੀ ਤਾਂ ਇਸ ਲਈ ਕਿ ਪ੍ਰੋਫੈਸਰ ਸਾਹਿਬ ਨੇ ਆਪਣੀ ਸਾਰੀ ਜ਼ਿੰਦਗੀ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਅਥਵਾ ਪੰਜਾਬੀਅਤ ਦੇ ਕਾਜ਼ ਦੇ ਲੇਖੇ ਲਾਈ। ਪੰਜਾਬੀ ਦੇ ਪਰਚਾਰ ਪਰਸਾਰ ਲਈ ਵੱਖ ਵੱਖ ਰੂਪਾਂ ਵਿਚ ਉਹਨਾਂ ਨੇ ਛੇ ਤੋਂ ਵੱਧ ਦਹਾਕਿਆਂ ਦੇ ਸਮੇਂ ਦੌਰਾਨ ਏਨਾ ਕੁਝ ਕੀਤਾ ਕਿ ਉਹ ਇਕ ਤਰ੍ਹਾਂ ਪੰਜਾਬੀ ਦੇ ਹੀ ਸਮਾਨਾਰਥਕ ਬਣ ਗਏ। ਪੰਜਾਬੀ ਭਾਸ਼ਾ ਤੇ ਪੰਜਾਬੀ ਸਾਹਿਤ ਦੀ ਇਤਿਹਾਸਕ ਖੋਜ ਕਰਨ ਅਤੇ ਇਸਦਾ ਨੁਕ ਬੰਨ੍ਹਣ ਵਿਚ ਇਕ ਖੋਜੀ ਤੇ ਸ਼ੈਲੀਕਾਰ ਵਜੋਂ ਨਿੱਜੀ ਤੌਰ 'ਤੇ ਉਹਨਾਂ ਨੇ ਵੱਡੀ ਦੇਣ ਤਾਂ ਦਿੱਤੀ ਹੀ, ਕਈ ਹੋਰ ਰੂਪਾਂ ਵਿਚ ਵੀ ਬਹੁਤ ਕੁਝ ਕੀਤਾ। ਉਚੇਰੇ ਪੱਧਰ ਦੀ ਪੰਜਾਬੀ ਸਿੱਖਿਆ ਵਿਵਸਥਾ ਨਾਲ ਜੁੜਕੇ ਇਕ ਅਧਿਆਪਕ ਵਜੋਂ ਉਹਨਾਂ ਨੇ ਆਪਣੇ ਵਿਦਿਆਰਥੀਆਂ ਨੂੰ ਪੰਜਾਬੀ ਸਾਹਿਤ-ਸਿਰਜਣਾ, ਪੰਜਾਬੀ ਸਾਹਿਤ-ਚਿੰਤਨ, ਖੋਜ ਤੇ ਆਲੋਚਨਾ ਦੇ ਰਾਹ ਤੁਰਨ ਲਈ ਉਤਸ਼ਾਹਤ ਕੀਤਾ। ਵੱਖ ਵੱਖ ਸਰਕਾਰੀ ਤੇ ਗੈਰ ਸਰਕਾਰੀ ਅਦਾਰਿਆਂ - ਯੂਨੀਵਰਸਿਟੀਆਂ,ਅਕਾਦਮੀਆਂ, ਲੇਖਕ ਸਭਾਵਾਂ ਆਦਿ ਦੀ ਪੰਜਾਬੀ ਦੇ ਹਿਤ ਨਾਲ ਜੁੜੀ ਕਿਸੇ ਵੀ ਤਰ੍ਹਾਂ ਦੀ ਸਰਗਰਮੀ ਵਿਚ ਪ੍ਰੋਫੈਸਰ ਸਾਹਿਬ ਨੇ ਨਿਰੰਤਰ ਵਧ ਚੜ੍ਹ ਕੇ ਹਿੱਸਾ ਲਿਆ ਅਤੇ ਬਹੁਤ ਹਾਲਤਾਂ ਵਿਚ ਆਗੂ ਵਾਲੀ ਭੂਮਿਕਾ ਨਿਭਾਈ। ਸਦੀਵੀ ਵਿਛੋੜਾ ਦੇ ਜਾਣ 'ਤੇ ਪੰਜਾਬੀ ਮਾਂ ਦੇ ਇਸ ਸਪੂਤ ਦੀ ਦੇਣ ਪ੍ਰਤੀ ਅਸੀਂ ਆਪਣਾ ਸਤਿਕਾਰ ਪ੍ਰਗਟ ਕਰਦੇ ਹਾਂ।



# ਮੈਂ ਪੈਦਾਇਸ਼ੀ ਕਾਫ਼ਰ ਨਹੀਂ, ਪਰ

ਜਸਬੀਰ ਸਿੰਘ ਆਹਲੂਵਾਲੀਆ

ਮੈਂ ਪੈਦਾਇਸ਼ੀ ਕਾਫ਼ਰ ਨਹੀਂ।
ਪਰ ਕਦ ਤਕ-
ਜ਼ਹਿਰ-ਏ-ਹਲਾਹੁਲ ਨੂੰ ਕੰਦ ਕਹਿੰਦਾ ਰਹਿੰਦਾ,
"ਪੀ" ਕੇ ਵੀ ਲਗ਼ਜ਼ਸ਼-ਏ-ਪਾ-ਵਿਚ ਪਾਬੰਦੀ-ਏ-ਆਦਾਬ ਸਹਿੰਦਾ ਰਹਿੰਦਾ
ਗ਼ਰੀਬੀ ਰੇਖਾ ਲਕੀਰ 'ਤੇ ਆਰ ਕਦੀ ਉਰਵਾਰ ਖੜ੍ਹਾ
ਪੱਛਮ ਤੋਂ ਆਈ ਜੰਞ ਦੇ ਸੋਹਿਲੇ ਗਾਉਂਦਾ ਰਹਿੰਦਾ,
ਰਾਜੇ ਸ਼ੀਂਹ ਮੁਕੱਦਮ ਕੁੱਤਿਆਂ ਨੂੰ ਆਦਾਬ ਬਜਾਉਂਦਾ ਰਹਿੰਦਾ
'ਕੂੜ ਰਾਜਾ ਕੂੜ ਪਰਜਾ' ਨੂੰ ਜਰਦਾ ਰਹਿੰਦਾ
'ਓੜਕਿ ਸਚਿ ਰਹੀ' ਨੂੰ ਉਡੀਕਦਾ ਉਡੀਕਦਾ ਜੀਂਦਾ ਮਰਦਾ ਰਹਿੰਦਾ,
ਕਦ ਤਕ...ਕਦ ਤਕ...ਕਦ ਤਕ।

ਦੀਵੇ ਹੇਠ ਹਨ੍ਹੇਰੇ ਨੂੰ ਦੂਰ ਕਰਨ ਲਈ
ਕਦੇ ਤਾਂ ਮੋਮਨ ਤੋਂ ਕਾਫ਼ਰ ਬਣਨਾ ਪੈਣਾ ਹੀ ਸੀ।
ਵਰ੍ਹਾਓ ਮੇਰੇ 'ਤੇ ਪੱਥਰਾਂ ਦਾ ਮੀਂਹ
ਮੈਂ ਕੁਕਨੂਸ ਵਾਂਗ ਜਲ ਬਲ ਕੇ ਆਪਣੀ ਰਾਖ 'ਚੋਂ ਫਿਰ ਜੀਅ ਉਠਾਂਗਾ।

ਈਸਾ ਦੀ ਮੌਤ ਸੂਲੀ ਲਟਕਦਿਆਂ ਨਹੀਂ ਸੀ ਹੋਈ
ਈਸਾ ਦੀ ਮੌਤ ਉਸ ਦਿਨ ਹੋਈ
ਜਦੋਂ ਹਜ਼ਰਤ ਦੀ ਸਿੱਖਿਆ 'ਸ਼ਾਸਤਰ' ਬਣੀ, ਤੇ ਸ਼ਾਸਤਰ 'ਸ਼ਸਤਰ'
ਈਸਾ ਦੀ ਮੌਤ ਇਸੇ 'ਸ਼ਸਤਰ' ਨਾਲ ਹੋਈ ਸੀ।

ਮੇਰੀ ਮੌਤ ਵੀ ਤੁਹਾਡੇ ਪੱਥਰਾਂ ਨਾਲ ਨਹੀਂ ਹੋਵੇਗੀ।
ਮੇਰੀ ਮੌਤ ਉਸ ਪਲ ਹੋਵੇਗੀ
ਜਦੋਂ ਤੁਸਾਂ ਮੇਰੇ ਕੁਫ਼ਰ ਨੂੰ ਮੋਮਨੀ ਮਖੌਟਾ ਪਹਿਨਾਇਆ,
ਗਾਂਧੀ ਚੌਕ 'ਚ ਖੜ੍ਹੇ ਮੇਰੇ ਬੁੱਤ ਨੂੰ ਪੂਜ-ਪੁਜਾਇਆ,
ਮੇਰੀ ਛਵਿ ਨੂੰ ਆਪਣਾ ਵੋਟ-ਬੈਂਕ ਬਣਾਇਆ,
ਮੇਰੀ ਜੈ ਜੈ ਕਾਰ ਦਾ ਨਾਅਰਾ ਲਾਇਆ।

ਪਰ ਯਾਦ ਰੱਖੋ
ਕੋਈ ਹੋਰ ਕਾਫ਼ਰ ਉੱਠ ਕੇ
ਮੇਰੇ ਬੁੱਤ ਨੂੰ ਢਹਿ ਢੇਰੀ ਕਰ
ਮੇਰੇ ਆਤਮ ਨੂੰ ਆਜ਼ਾਦ ਕਰਵਾਏਗਾ
ਤੇ ਇਹ ਸੀਰੀਅਲ ਨਿਰੰਤਰ ਚਲਦਾ ਰਹੇਗਾ।□□

[1607, ਸੈਕਟਰ 33 ਡੀ, ਚੰਡੀਗੜ੍ਹ]

# ਪੰਜ ਕਵਿਤਾਵਾਂ/ ਦੇਵਿੰਦਰ ਕੌਰ

## ਕਿਸਨੂੰ !

ਕਿਸ ਤਰ੍ਹਾਂ ਆਖਦੀ ਉਹ
ਕਿ ਉਸਦੀ ਬੇਰੁਖ਼ੀ ਕਰ ਦੇਂਦੀ ਹੈ - ਉਸਦੇ ਅਹਿਸਾਸ ਦੇ ਟੁਕੜੇ
ਤੇ ਉਹ ਰਹਿ ਜਾਂਦੀ ਹੈ - ਹਰ ਵਾਰ ਸੋਚ ਤੋਂ ਹਾਰ ਕੇ

ਉਹ ਫੇਰ ਵੀ ਹਾਰ ਨਹੀਂ ਮੰਨਦੀ
ਹਾਰ ਤੋਂ ਹਾਰਦਿਆਂ-ਉਹ ਅਕਸਰ ਸੋਚਦੀ ਹੈ
ਹਾਰ ਨੂੰ ਕਾਹਦਾ ਸ਼ਿਕਵਾ
ਸ਼ਿਕਵੇ ਤਾਂ ਹੁੰਦੇ ਹਨ ਜੇ ਬਰਾਬਰ ਦੀ ਚੋਟ ਹੋਵੇ
ਜਿੱਤ ਜਾਂ ਹਾਰ ਦਾ ਤਕਾਜ਼ਾ

ਉਹ ਤਾਂ ਸਾਰੇ ਤਕਾਜ਼ੇ ਲੰਘ ਆਈ ਹੈ
ਰੋਸੇ, ਸ਼ਿਕਵੇ, ਸ਼ਿਕਾਇਤਾਂ-ਸਭ ਪਿੱਛੇ ਛੱਡ ਆਈ ਹੈ
ਖਾਹਿਸ਼ਾਂ ਦੀ ਝੀਲ-ਜਦੋਂ ਸੁੱਕ ਜਾਂਦੀ ਹੈ
ਗੌਤਮ ਕਦੇ ਵਾਪਸ ਨਹੀਂ ਮੁੜਦੇ

ਤੁਰ ਗਿਆਂ ਜਾਂ ਮਰ ਗਿਆਂ 'ਤੇ ਕਾਹਦਾ ਗਿਲਾ?
ਜਦੋਂ ਆਦਮੀ ਹੀ ਲਾਸ਼ ਬਣ ਜਾਏ
ਜ਼ਿੰਦਗੀ ਤੇ ਮੌਤ ਦਾ ਫ਼ਾਸਲਾ ਮਿਟ ਜਾਂਦਾ ਹੈ
ਉਹ ਜ਼ਿੰਦਗੀ ਤੇ ਮੌਤ ਦੇ ਸਾਰੇ ਡਰ ਲੰਘ ਆਈ ਹੈ
ਹਾਰ ਤੋਂ ਹਾਰਦਿਆਂ- ਅਕਸਰ ਉਹ ਸ਼ੀਸ਼ੇ ਵੱਲ ਮੁੜਦੀ ਹੈ
ਸ਼ੀਸ਼ੇ ਦੀ ਇਬਾਰਤ ਪੜ੍ਹਦੀ ਹੈ - ਤੇ ਬੱਸ-ਖ਼ਾਮੋਸ਼ ਹੋ ਜਾਂਦੀ ਹੈ
ਕਿਸਨੂੰ ਸਵਾਲ ਕਰੇ
ਉਸਨੂੰ, ਆਪਣੇ ਆਪ ਨੂੰ
ਜਾਂ-ਸ਼ੀਸ਼ੇ ਦੀ ਇਬਾਰਤ ਨੂੰ? □□

## ਰਿਸ਼ਤਾ

ਉਹ ਹਰ ਮੌਸਮ ਦੀ ਧੁੱਪ ਦਾ ਸੇਕ - ਡਾਇਰੀ ਦੇ ਪੰਨਿਆ 'ਤੇ ਉਤਾਰਦਾ
ਦੂਰ ਕਿਸੇ ਸ਼ਹਿਰ ਨਿਕਲ ਜਾਂਦਾ - ਥੋੜ੍ਹਾ ਸੁਸਤਾਉਣ ਲਈ
ਸ਼ਹਿਰ ਜਿੱਥੇ ਆਦਮੀ ਦੀ ਲਾਸ਼ ਜੀਂਦੀ ਹੈ
ਕਹਿੰਦੇ ਨੇ ਉਸ ਸ਼ਹਿਰ ਵਿਚ ਭੂਤਾਂ ਦਾ ਡੇਰਾ ਹੈ
ਭੂਤ ਰੋਜ਼ ਉਸ ਲਾਸ਼ ਦਵਾਲੇ ਤਾਂਡਵ ਨ੍ਰਿਤ ਕਰਦੇ ਨੇ
ਮਨੁੱਖ ਦੀ ਖੋਪੜੀ 'ਚ ਲਾਲ ਮਦਰਾ ਦੇ ਘੁੱਟ ਚਾੜ੍ਹਦੇ
ਤਾਂਡਵ ਹੋਰ ਤੇਜ਼ ਹੁੰਦਾ ਹੈ
ਕੰਨਾਂ 'ਚ ਸ਼ੋਰ ਖੋਰੂ ਪਾਉਂਦਾ
ਉਹ ਸ਼ੋਰ ਚੋਂ ਲੱਭਦਾ ਆਪਣੇ ਦੁੱਖਾਂ ਦਾ ਦਾਰੂ
ਦੁੱਖਾਂ ਨੂੰ ਭੁੱਲਦਾ, ਦੁੱਖਾਂ ਤੋਂ ਭੱਜਦਾ



ਵਾਪਸ ਪਰਤਦਾ-ਆਪਣੇ ਹਨੇਰੇ ਕਮਰੇ 'ਚ
ਸ਼ਾਂਤ, ਖ਼ਾਮੋਸ਼, ਇਕੱਲਾ
ਤੇ ਮਲਕੜੇ ਜਿਹੇ ਖੋਲ੍ਹਦਾ ਡਾਇਰੀ ਦੇ ਪੰਨੇ

ਉਹ ਨਿੱਤ ਡਾਇਰੀ ਲਿਖਦਾ, ਨਿੱਤ ਪੰਨੇ ਪਰਤਦਾ
ਬਣ ਗਿਆ ਹੈ ਖ਼ੁਦ, ਇਕ ਅਣਲਿਖਤ ਡਾਇਰੀ
ਡਾਇਰੀ 'ਚੋਂ ਪੰਨੇ ਉਲਟਦਾ, ਅੱਗੇ ਪਿੱਛੇ ਨਜ਼ਰਾਂ ਘੁਮਾਂਦਾ
ਜੋੜ ਰਿਹਾ ਰਿਸ਼ਤਾ, ਉਸ ਡਾਇਰੀ ਨਾਲ
ਜੋ ਉਹ ਦੂਜਿਆਂ ਬਾਰੇ ਲਿਖਦਾ □□

## ਬੱਦਲਾਂ ਨਾਲ ਸੰਵਾਦ

ਚਿਰਾਂ ਬਾਅਦ
ਗੋਰੀ ਧਰਤੀ 'ਤੇ ਵਰ੍ਹਿਆ ਸੇਕ ਦਾ ਝੱਖੜ
ਰੁੱਖਾਂ 'ਚ ਜਾਗੀ ਹਰਕਤ
ਜੰਗਲੀ ਬੂਟਿਆਂ ਨੇ ਕਰ ਲਏ ਕੰਨ ਖੜ੍ਹੇ

ਸਖੀ ਦਾ ਫ਼ੋਨ ਆਇਆ, ਅੱਜ ਕੀ ਕਰ ਰਹੀ ਹੈਂ
ਕੁਝ ਲਿਖ ਰਹੀ ਹਾਂ-ਉਸ ਆਖਿਆ
ਹਿਮਲੀ ਪਾਰਕ ਨੂੰ ਚੱਲੀਏ
ਚੱਲ ਪੈਂਦੇ ਹਾਂ ਉਸ ਆਖਿਆ
ਤੇ ਉਹ ਤਿਆਰ ਹੋਣ ਲੱਗ ਪਈ

ਪਹੁੰਚ ਗਈਆਂ ਆਖਿਰ ਉਹ ਹਿਮਲੀ ਪਾਰਕ
ਬਹੁਤ ਵੱਡਾ ਸੀ ਉਹ ਹਿਮਲੀ ਪਾਰਕ
ਦੋਵੇਂ ਤੁਰ ਪਈਆਂ ਸੈਰ ਨੂੰ-ਆਪੋ ਆਪਣੀ ਦਿਸ਼ਾ
ਮੁੜੀਆਂ ਫੇਰ-ਇਕੱਠੀਆਂ ਬੈਠ ਗਈਆਂ
ਗੱਲਾਂ ਕਰਦਿਆਂ ਲੇਟ ਗਈਆਂ
ਹਰੇ ਤਾਜ਼ੇ ਨਰਮ ਨਰਮ ਕੋਸੇ ਕੋਸੇ ਘਾਹ 'ਤੇ

ਉਸ ਆਕਾਸ਼ ਵੱਲ ਤੱਕਿਆ
ਬੱਦਲਾਂ 'ਚ ਉਡ ਰਹੀ ਹੀਰ ਸਲੇਟੀ
ਕਰਨ ਲੱਗੀ ਉਹ ਬੱਦਲਾਂ ਸੰਗ ਸੰਵਾਦ

ਉਸ ਝੀਲ ਵਲ ਤੱਕਿਆ
ਏਨੇ ਨੂੰ ਬੱਤਖਾਂ ਤੈਰਦੀਆਂ ਨਜ਼ਰੀਂ ਪਈਆਂ
ਨਿੱਕੀ ਜੇਹੀ ਝੀਲ ਬਣ ਗਈ ਵੱਡਾ ਦਰਿਆ
ਬੱਤਖ ਆਪਣਾ ਰੂਪ ਵਟਾਇਆ
ਜਾਪੇ ਸੋਹਣੀ ਜਿਵੇਂ ਝਨਾਂ ਵਿਚ ਤਾਰੀ ਲਾਵੇ
ਕਰਨ ਲੱਗੀ ਉਹ ਦਰਿਆ ਸੰਗ ਸੰਵਾਦ

ਉਸ ਘਾਹ ਵੱਲ ਤੱਕਿਆ
ਫੈਲਿਆ ਦੂਰ ਦੂਰ ਤਕ ਮਾਰੂਥਲ

ਡਲ੍ਹਕਾਂ ਮਾਰੇ ਤੱਤੀ ਰੇਤ
ਦੂਰੋਂ ਇਕ ਪਰਿੰਦਾ ਆਇਆ
ਬਣ ਗਈ ਸੱਸੀ-ਢਹਿ ਪਈ ਘਾਹ 'ਤੇ

ਬਣ ਗਿਆ ਹਿਮਲੀ ਪਾਰਕ-ਕਿੱਸਿਆਂ ਦਾ ਦੇਸ਼
ਮੁੱਦਤ ਬਾਅਦ, ਗੋਰੀ ਧਰਤੀ ਜਾਪੇ ਜਿਵੇਂ
ਇਕ ਸਾਂਝਾ ਮੰਦਿਰ, ਸਾਂਝਾ ਮੱਕਾ
ਜਿਸ ਦੀ ਕੋਈ ਵੀ ਹੱਦ ਨਾ ਬਣਦੀ
ਲੱਗੀ ਸੂਹ ਬਸ ਇਸ਼ਕ ਦੇ ਦਰ ਦੀ
ਜਿਸ ਦੀ ਰੂਹ ਵਿਚ ਕਵਿਤਾ ਵਸਦੀ
ਹੋਣ ਲੱਗਾ ਫਿਰ ਕਵਿਤਾ ਸੰਗ ਸੰਵਾਦ
ਬੱਦਲਾਂ ਸੰਗ ਸੰਵਾਦ-ਦਰਿਆ ਸੰਗ ਸੰਵਾਦ □□

## ਅੱਜ ਫੇਰ

ਅੱਜ ਫੇਰ
ਇਕ ਗਹਿਰੀ ਸ਼ਰਾਬੀ ਧੁੰਦ ਵਿਚ
ਡੁੱਬ ਗਈ ਜ਼ਿੰਦਗੀ ਦੀ ਹੁਸੀਨ ਸ਼ਾਮ
ਬੋਲ ਥਰਥਰਾਏ
ਕੁਝ ਕੰਬੇ ਕੁਝ ਤਿਲਮਿਲਾਏ

ਨਿਗਲ ਗਈ ਸ਼ਬਦਾਂ ਦੀ ਭਾਫ਼
ਚੁੱਪ ਦੇ ਅਰਥਾਂ ਦੇ ਪੈਗ਼ਾਮ
ਅੱਜ ਫੇਰ ਇਕ ਗਹਿਰੀ ਸ਼ਰਾਬੀ ਧੁੰਦ ਵਿਚ
ਡੁੱਬ ਗਈ ਜ਼ਿੰਦਗੀ ਦੀ ਹੁਸੀਨ ਸ਼ਾਮ □□

## ਵਜੂਦ

ਵਿੱਸਰ ਹੀ ਜਾਂਦਾ ਹੈ ਅਕਸਰ
ਰੋਮਾਂਸ 'ਚੋਂ ਜਨਮਿਆ ਬਿਖਰਿਆ, ਟੁੱਟਿਆ
ਹਾਰਿਆ, ਜਿੱਤਿਆ ਵਜੂਦ
ਸ਼ਬਦ ਚੁੱਪ ਸਾਧ ਲੈਂਦੇ ਨੇ
ਚੁੱਪ 'ਚ ਹੱਸਦੇ ਨੇ-ਚੁੱਪ 'ਚ ਰੋਂਦੇ ਨੇ
ਉਦੋਂ ਸ਼ਬਦ ਤੇ ਅਰਥ
ਨਾ ਮਰ ਕੇ ਜੀਅ ਸਕਦੇ-ਨਾ ਜੀਅ ਕੇ ਮਰ ਸਕਦੇ
ਜ਼ਿੰਦਗੀ ਦਾ ਵਹੀ ਖਾਤਾ
ਕੁਝ ਇਸਤਰ੍ਹਾਂ ਹੀ ਖੁੱਲ੍ਹਦਾ ਹੈ
ਇਸ ਤਰ੍ਹਾਂ ਹੀ ਬੰਦ ਹੁੰਦਾ ਹੈ □□

**[239, Birmingham New Road, Wolverhampton, U.K. WV4 6LP]**



## ਨੰਨ੍ਹੀਆਂ ਮੁੰਨੀਆਂ/ ਸੁਖਵਿੰਦਰ

ਨੰਨ੍ਹੀਆਂ ਮੁੰਨੀਆਂ-ਧੀਆਂ ਮੇਰੀਆਂ
ਮਿੱਠੀਆਂ ਗਨੇਰੀਆਂ-ਅੱਖਾਂ ਨੇ ਮੇਰੀਆਂ
ਜਦ ਵੀ ਦੂਰ ਹੋ ਜਾਣ ਕਿਧਰੇ
ਤਾਂ ਦਿਸਣੋਂ ਹਟ ਜਾਂਦਾ ਮੈਨੂੰ !

ਮੇਰੇ ਲਈ ਮੇਰੀਆਂ ਧੀਆਂ
ਵਿਹੜੇ 'ਚ ਉੱਗੀਆਂ ਧਰੇਕਾਂ ਨਈਂ ਨੇ
ਤੇ ਨਾ ਹੀ ਨੇ ਕੋਈ ਚਿੜੀਆਂ ਦਾ ਚੰਬਾ
ਮੇਰੇ ਲਈ ਮੇਰਾ ਰੁਤਬਾ ਮੇਰੀ ਸ਼ਾਨ ਨੇ ਧੀਆਂ
ਜਿੰਦ ਨੇ ਮੇਰੀ ਜਾਨ ਨੇ ਧੀਆਂ
ਮੇਰੇ ਲਈ ਮੇਰੀ ਪਹਿਚਾਣ ਨੇ ਧੀਆਂ
ਜੱਗ 'ਤੇ ਮੇਰਾ ਸੀਰ ਨੇ ਧੀਆਂ
ਬੱਸ ਮੇਰੀ ਹੀ ਤਸਵੀਰ ਨੇ ਧੀਆਂ !

ਨੰਨ੍ਹੀਆਂ ਮੁੰਨੀਆਂ-ਧੀਆਂ ਮੇਰੀਆਂ
ਮਿੱਠਆਂ ਗਨੇਰੀਆਂ-ਅੱਖਾਂ ਨੇ ਮੇਰੀਆਂ
ਜਦ ਵੀ ਦੂਰ ਹੋ ਜਾਣ ਕਿਧਰੇ
ਤਾਂ ਦਿਸਣੋਂ ਹਟ ਜਾਵੇ ਮੈਨੂੰ ! □□

**[897, South Kenneth Ave., Kerman CA 93623, U.S.A.]**

## ਚਾਚਾ ਚੁੱਪ ਹੈ ! ਸੰਤੋਖ ਸਿੰਘ ਸੰਤੋਖ

ਚਾਚਾ ਚੁੱਪ ਹੈ ਇਸ ਵਾਰ ਦੀ ਭਾਰਤ ਫੇਰੀ 'ਤੇ
ਲੋਕੀ ਪੁੱਛਦੇ ਨੇ ਹਾਲ ਚਾਲ
ਤਾਂ ਚਾਚਾ ਕਹਿੰਦਾ ਹੈ ਠੀਕ ਠਾਕ
ਪਰ ਭਤੀਜ ਪਰੇਸ਼ਾਨ ਹੈ
ਕਹਿੰਦਾ ਚਾਚੇ ਦੇ ਮੱਥੇ ਨਹੀਂ ਲੱਗਣਾ
ਭਾਵੇਂ ਬਣੇ ਕੁਝ ਜਾਂ ਨਾ ਬਣੇ
ਅਸੀਂ ਤਾਂ ਚਾਚੇ ਨੂੰ ਠੱਗਣਾ
ਚਾਚੇ ਨੇ ਕਿਹੜਾ ਏਥੇ ਬੈਠੇ ਰਹਿਣਾ
ਹੋਣਾ ਸੋਈ ਜੋ ਭਤੀਜ ਨੇ ਕਹਿਣਾ
ਆਪਣੇ ਪਿਉ ਵਰਗੇ ਚਾਚੇ ਨੂੰ
ਅਜ ਕਲ ਭਤੀਜ ਕਰੇ ਪਰ੍ਹਾਂ ਪਰ੍ਹਾਂ
ਤੇ ਚਾਚਾ ਲਟਕਦਾ ਹੈ
ਹਰੇ ਭਰੇ ਦਰਖ਼ਤ 'ਤੇ - ਟੁੱਟੇ ਟਾਹਣ ਦੀ ਤਰ੍ਹਾਂ
ਯਾਰੀ ਤਾਂ ਪਿਉ ਪੁੱਤ ਦੀ ਵੀ ਹੁੰਦੀ ਹੈ

ਇਹ ਚਾਚਾ ਭਤੀਜ ਕੀ ਹੋਏ !
ਜੋ ਪੁਰਖਿਆਂ ਦੇ ਸਾਂਝੇ ਖ਼ੂਨ ਨੂੰ
ਗਾਲੀ ਗਲੋਚ 'ਚ ਗੰਦਾ ਕਰ ਰਹੇ
ਪਤਾ ਨਹੀਂ ਕਿਹੜੇ ਦੁਰਸੀਸਾਂ ਦੇ ਵਿਹੜੇ ਭਰ ਰਹੇ
ਜੋ ਕਿਹਾ ਭਤੀਜ ਨੇ
ਚਾਚੇ ਨੇ ਸਦਾ ਕਬੂਲਿਆ
ਚਾਚੇ ਨੇ ਭਤੀਜ ਦੀਆਂ ਗ਼ਲਤੀਆਂ ਨੂੰ ਵੀ
ਕਿਹਾ ਵਾਹ ! ਮਾਨ ਮੱਤੇ ਦੂਲਿਆ
ਮਿੱਤਰਾਂ ਦੀ ਮੋਟਰ 'ਤੇ
ਹੁੰਦੀਆਂ ਦੁਸ਼ਵਾਰੀਆਂ ਤੇ ਸਰਦਾਰੀਆਂ
ਜ਼ੁੰਮੇਂਵਾਰੀਆਂ ਨੇ ਭਾਰੀਆਂ
ਅੜਿੱਕਾ ਤਾਂ ਟੱਟਪੂੰਜੀਆ ਗਰੁੱਪ ਹੈ
ਚਾਚਾ ਚੁੱਪ ਹੈ ☐☐

**[84 Anderson Ave., Earley, Reading (Berks) U.K., RG6 1HB]**

## ਕਵਿਤਾ ਦਾ ਸੱਚ/ ਅਜਾਇਬ ਸਿੰਘ ਹੁੰਦਲ

ਆਪਣੀ ਕਵਿਤਾ ਦਾ ਸੱਚ ਲੈ ਕੇ
ਜਦ ਉਹ ਪਹਿਲੀ ਵਾਰ ਕਚਹਿਰੀ ਆਈ
ਹਰ ਪਾਸੇ ਜੁੜੀ ਭੀੜ
ਰੌਣਕ ਵਿਚ ਬਦਲ ਗਈ ਸੀ
ਤੇ ਉਸ ਬਾਰੇ ਛਿੜੀ ਚਰਚਾ
ਕਈਆਂ ਦੇ ਨਾਲ ਵੀ ਚਲੀ ਗਈ ਸੀ

ਉਹ ਅਦਾਲਤ ਵੱਲ ਜਾ ਰਹੀ ਹੁੰਦੀ
ਜਾਂ ਅਦਾਲਤ ਵੱਲੋਂ ਆ ਰਹੀ ਹੁੰਦੀ
ਉਸ ਦੀ ਨਜ਼ਰ ਜਿੰਨੀ ਉਸ ਥਾਂ 'ਤੇ ਹੁੰਦੀ
ਜਿੱਥੇ ਉਸ ਨੇ ਪੈਰ ਰੱਖਣਾ ਹੋਵੇ
ਓਨੀ ਹੀ ਉਸ ਥਾਂ 'ਤੇ ਵੀ ਹੁੰਦੀ
ਜਿੱਥੇ ਉਹ ਪੈਰ ਰੱਖ ਆਈ ਹੁੰਦੀ

ਆਪਣੇ ਪੈਰ ਉਪਰ
ਉਹ ਪੈਰ ਨਾ ਧਰਨ ਦਿੰਦੀ
ਆਪਣੀ ਪੈੜ 'ਤੇ ਰੱਖਿਆ ਪੈਰ ਵੇਖ
ਉਹ ਰਸਤਾ ਬਣ ਜਾਣ ਦਾ ਭਰਮ ਪਾਲਦੀ

ਉਹ ਗੱਲਾਂ ਕਰ ਰਹੀ ਹੁੰਦੀ
ਜਾਂ ਕਵਿਤਾ ਸੁਣਾ ਰਹੀ
ਉਸ ਦੇ ਮੂੰਹ ਵਿਚੋਂ ਲੱਛੇਦਾਰ ਧੂੰਆਂ ਨਿਕਲਦਾ
ਉਸ ਧੂੰਏਂ ਨੂੰ
ਹਵਾ ਵਿਚ ਉੱਡ ਜਾਣ ਦੀ ਬਜਾਏ



ਜਦ ਕੋਈ ਆਪਣੇ ਮੂੰਹ ਵਿਚ ਪਾ ਲੈਂਦਾ
ਉਸ ਦੀਆਂ ਅੱਖਾਂ ਚਮਕ ਉੱਠਦੀਆਂ
ਉਹ ਸੋਚਣ ਲੱਗ ਪੈਂਦੀ
ਧੂੰਆਂ ਕਵਿਤਾ ਕਿਵੇਂ ਬਣ ਜਾਂਦਾ ਹੈ
ਕਵਿਤਾ ਧੂੰਆਂ ਕਿਵੇਂ ਹੋ ਜਾਂਦੀ ਹੈ

ਉਹ ਅਕਸਰ ਕਹਿੰਦੀ-
ਟੁਕੜੇ ਹੋਈ ਔਰਤ ਦਾ ਜੁੜ ਜਾਣਾ
ਔਰਤ ਦਾ ਖ਼ੁਸ਼ ਹੋਣਾ ਨਹੀਂ ਹੁੰਦਾ
ਮਰਦ ਨੂੰ ਬਰਦਾਸ਼ਤ ਕਰਨਾ ਹੁੰਦਾ ਹੈ
ਔਰਤ ਦੀ ਖੁਸ਼ੀ - ਉਸ ਦੀ ਮਰਜ਼ੀ ਵਿਚ ਹੁੰਦੀ ਹੈ

ਕਈ ਪੇਸ਼ੀਆਂ ਭੁਗਤਣ ਤੋਂ ਬਾਅਦ
ਜਦ ਉਸ ਦਾ ਸੱਚ ਸਾਬਤ ਹੋ ਗਿਆ
ਉਸ ਦੇ ਮੂੰਹ ਵਿਚ ਧੂੰਆਂ ਨਹੀਂ ਸੀ ਰਿਹਾ !
ਧੂੰਏਂ ਵਿਚ ਕਵਿਤਾ ਨਹੀਂ ਸੀ ਰਹੀ !!
ਕਵਿਤਾ ਵਿਚ ਸੱਚ ਨਹੀਂ ਸੀ ਰਿਹਾ !!! ☐☐

[ਈ-56, ਰਣਜੀਤ ਐਵਿਨਿਊ, ਅੰਮ੍ਰਿਤਸਰ]

## ਦੋ ਗ਼ਜ਼ਲਾਂ/ਤ੍ਰੈਲੋਚਨ ਲੋਚੀ

ਚਲੋ ਹੈਰਾਨ ਹੋ ਕੇ ਦੇਖਦੇ ਹਾਂ।
ਕਿ ਅੱਜ ਇਨਸਾਨ ਹੋ ਕੇ ਦੇਖਦੇ ਹਾਂ।

ਚਲੋ ਕੁਝ ਜ਼ਿੰਦਗੀ ਵਿਚ ਰੰਗ ਭਰੀਏ,
ਕਿਸੇ ਦੀ ਜਾਨ ਹੋ ਕੇ ਦੇਖਦੇ ਹਾਂ।

ਹੈ ਤੇਰੇ ਹੁਕਮ ਵਿਚ ਕਿੰਨੀ ਕੁ ਗ਼ੁਰਬਤ?
ਤਿਰੇ ਦਰਬਾਨ ਹੋ ਕੇ ਦੇਖਦੇ ਹਾਂ।

ਕਿਵੇਂ ਲਿਖਦਾ ਹੈ 'ਲੋਚੀ' ਖ਼ੂਬ ਗ਼ਜ਼ਲਾਂ?
ਉਦ੍ਹੇ ਮਹਿਮਾਨ ਹੋ ਕੇ ਦੇਖਦੇ ਹਾਂ।

0000

ਡਾਲਰਾਂ 'ਚੋਂ ਨਿਕਲਿਆ ਜਾਣਾ ਨਹੀਂ।
ਹੁਣ ਘਰਾਂ ਨੂੰ ਪਰਤਿਆ ਜਾਣਾ ਨਹੀਂ।
ਤੋੜ ਜਾ ਰਿਸ਼ਤੇ ਤੂੰ ਸਾਰੇ ਤੋੜ ਜਾ,
ਰੂਹ ਦਾ ਰਿਸ਼ਤਾ ਤੋੜਿਆ ਜਾਣਾ ਨਹੀਂ।

ਸ਼ਹਿਰ ਦੇ ਵਿਚ ਭੀੜ ਹੈ ਤੇ ਸ਼ੋਰ ਹੈ,
ਗੀਤ ਕੋਈ ਛੇੜਿਆ ਜਾਣਾ ਨਹੀਂ।

ਹਰ ਤਰਫ਼ ਬੈਠੇ ਸ਼ਿਕਾਰੀ ਇਸ ਤਰ੍ਹਾਂ,
ਪੰਛੀਆਂ ਤੋਂ ਚਹਿਕਿਆ ਜਾਣਾ ਨਹੀਂ।

ਦਿਲ 'ਚ ਏਨੀ ਮੈਲ ਹੈ ਤੇ ਖੋਟ ਹੈ,
ਦੋਸਤੋ ਇਹ ਰਿੜਕਿਆ ਜਾਣਾ ਨਹੀਂ।

ਛੱਡ 'ਲੋਚੀ' ਤੂੰ ਮੁਹੱਬਤ ਦੀ ਕਥਾ,
ਤੈਥੋਂ ਭੋਰਾ ਤੜਪਿਆ ਜਾਣਾ ਨਹੀਂ।□□

[20-ਐੱਸ.ਐੱਫ, ਐਚ. ਆਈ. ਜੀ., ਰਾਜਗੁਰੂ ਨਗਰ, ਲੁਧਿਆਣਾ]

## ਗ਼ਜ਼ਲ/ਸੁਰਜੀਤ ਸਾਜਨ

ਬੜੇ ਹੀ ਯਾਦ ਆਉਂਦੇ ਨੇ ਗੁਲਾਬੀ ਰੰਗ ਦੇ ਸੁਪਨੇ।
ਜੋ ਹਾਸਿਲ ਹੋ ਗਿਆ ਮੈਨੂੰ ਤੇ ਮੇਰੀ ਮੰਗ ਦੇ ਸੁਪਨੇ।

ਕਿਸੇ ਦੀ ਨੀਂਦ ਨੂੰ ਹਨ ਖੰਭ ਲੱਗੇ ਲੋਭ ਲਾਲਚ ਦੇ,
ਕਿਸੇ ਨੂੰ ਸੌਣ ਨਾ ਦਿੰਦੇ ਛਣਕਦੀ ਵੰਗ ਦੇ ਸੁਪਨੇ।

ਨਹੀਂ ਤਕਰਾਰ ਦੇ ਆਦੀ ਅਸੀਂ ਹਾਂ ਅਮਨ ਦੇ ਹਾਮੀ,
ਤੇ ਸਾਨੂੰ ਹੀ ਹਮੇਸ਼ਾ ਆ ਰਹੇ ਕਿਉਂ ਜੰਗ ਦੇ ਸੁਪਨੇ।

ਸਿਆਣੇ ਆਖਦੇ ਫਲ ਖਾ ਕੇ ਸੁਪਨੇ ਸੁਖਧ ਆਉਂਦੇ ਨੇ,
ਜੇ ਸੌਂਵੇਂ ਦੁੱਧ ਪੀ ਕੇ ਆਉਣ ਵੱਖਰੇ ਢੰਗ ਦੇ ਸੁਪਨੇ।

ਮੈਂ ਕੋਸ਼ਿਸ਼ ਕਰ ਰਿਹਾ ਹਾਂ ਦੂਰ, ਥੋੜ੍ਹਾ ਦੂਰ ਹੋ ਜਾਵਾਂ,
ਮੇਰੇ ਤੋਂ ਦੂਰ ਨਾ ਜਾਂਦੇ ਕਦੇ ਭੁੱਖ ਨੰਗ ਦੇ ਸੁਪਨੇ।

ਮਨੁੱਖੀ ਜ਼ਿੰਦਗੀ ਸੁਪਨੇ ਤੋਂ ਵੱਧ ਕੁਝ ਹੋਰ ਨਾ ਜਾਪੀ,
ਇਹ ਵੇਖੀ ਸਾਂਭਦੀ ਫਿਰਦੀ ਹਜ਼ਾਰਾਂ ਰੰਗ ਦੇ ਸੁਪਨੇ।

ਕਦੇ ਵੀ ਲੀਡਰਾਂ ਨੂੰ ਏਸ ਦਾ ਅਹਿਸਾਸ ਨਈਂ ਹੁੰਦਾ,
ਕਿ ਕਿੰਨੇ ਲੋਕ ਜਰਦੇ ਘਰ 'ਚ ਭੁਜਦੀ ਭੰਗ ਦੇ ਸੁਪਨੇ।

ਉਹ ਸੁਪਨੇ ਖਾਸ ਨਹੀਂ ਹੁੰਦੇ ਜੋ ਰਾਤੀਂ ਨੀਂਦ ਵਿਚ ਆਉਂਦੇ,
ਉਹੋ ਹੀ ਅਹਿਮ ਹੁੰਦੇ ਨੇ ਜੋ ਨੀਂਦਰ ਡੰਗਦੇ ਸੁਪਨੇ।

ਤੁਸੀਂ ਲੱਖ ਵਾਰ ਭੁੱਲ ਜਾਵੋ ਤੁਹਾਡੇ 'ਤੇ ਮੁਨੱਸਰ ਹੈ,
ਕਦੇ ਭੁੱਲਣੇ ਨਾ ਸਾਜਨ ਨੂੰ ਤੁਹਾਡੇ ਸੰਗ ਦੇ ਸੁਪਨੇ।□□

[ਪੱਤੜ ਕਲਾਂ, ਜ਼ਿਲ੍ਹਾ ਜਲੰਧਰ-144 806]



## ਜਾਮ

### ਦਰਸ਼ਨ ਸਿੰਘ

ਲੀਜ਼ਾ ਨੇ ਮਹਿਮਾਨਾਂ ਦੀ ਸੂਚੀ ਦਾ ਪਹਿਲਾ ਨਾਂ ਕੱਟ ਦਿੱਤਾ। ਇਹ ਉਸਦੀ ਸਹੇਲੀ ਕਾਤੀਆ ਦਾ ਸੀ। ਉਹਨੂੰ ਉਹਨੇ ਯਾਦ ਕਰਾ ਦਿੱਤਾ ਸੀ ਕਿ ਅੱਜ ਉਹਨੇ ਸ਼ਾਮੀਂ ਸੱਤ ਵਜੇ ਹੋਟਲ ਫੋਰ ਸੀਜ਼ਨਜ਼ 'ਚ ਉਹਦੇ ਜਨਮ-ਦਿਨ ਦੀ ਪਾਰਟੀ 'ਤੇ ਪਹੁੰਚਣਾ ਸੀ। ਜਨਮ-ਦਿਨ ਅਠੱਤੀਵਾਂ ਸੀ, ਪਰ ਉਹ ਇਹਨੂੰ ਇੰਝ ਮਨਾ ਰਹੀ ਸੀ, ਜਿਵੇਂ ਉਹ ਪੈਂਤੀਵਾਂ ਜਾਂ ਚਾਲ੍ਹੀਵਾਂ ਹੋਵੇ। ਉਹ ਰੂਸਣ ਸੀ ਤੇ ਰੂਸ ਵਿਚ ਪੰਜ ਉੱਤੇ ਤਕਸੀਮ ਹੋ ਜਾਣ ਵਾਲੀਆਂ ਵਰ੍ਹੇਗੰਢਾਂ ਖ਼ਾਸ ਸਮਝੀਆਂ ਜਾਂਦੀਆਂ ਸਨ। ਗੁਲਾਈ ਵਾਲੀਆਂ ਵਰ੍ਹੇ-ਗੰਢਾਂ ਅਖਵਾਂਦੀਆਂ ਸਨ।

ਜਿਵੇਂ ਹੀ ਲੀਜ਼ਾ ਆਪਣੀ ਅਗਲੀ ਮਹਿਮਾਨ ਦਾ ਨੰਬਰ ਦਬਾਣ ਲੱਗੀ, ਉਹਦਾ ਸੈੱਲ ਟੁਣਕ ਪਿਆ। ਜਿਹੜੀ ਤਰਜ਼ ਵੱਜੀ, ਉਸ ਤੋਂ ਪਤਾ ਲਗਦਾ ਸੀ, ਉਹਨੂੰ ਯਾਨਿਸ ਯਾਦ ਕਰ ਰਿਹਾ ਹੈ। ਉਹਦਾ ਦਿਲੀ ਦੋਸਤ। ਲੀਜ਼ਾ ਨੇ ਸੈੱਲ ਕੰਨ ਨਾਲ ਲਾਇਆ ਤੇ ਸੁਣਨ ਲੱਗੀ।

'ਲੀਜ਼ੀ, ਤੇਰੇ ਜਨਮ-ਦਿਨ 'ਤੇ ਅੱਜ ਮੈਂ ਵੀ ਆਵਾਂਗਾ...।' ਯਾਨਿਸ ਗੰਭੀਰ ਲਗਦਾ ਸੀ।

'ਤੂੰ ਕਿਸ ਤਰ੍ਹਾਂ ਆ ਸਕਣੈ?' ਲੀਜ਼ਾ ਨੇ ਕੁਝ ਹੱਸ ਕੇ ਪੁੱਛਿਆ। ਉਹਨੇ ਯਾਦ ਕਰਵਾਇਆ, 'ਅਸੀਂ ਜਨਮ-ਦਿਨ ਤਾਂ ਕਲ੍ਹ ਮਨਾ ਚੁੱਕੇ ਹਾਂ। ਸਿਰਫ਼ ਅਸੀਂ ਦੋਵੇਂ।'

ਲੀਜ਼ਾ ਤੇ ਯਾਨਿਸ ਕਲ੍ਹ ਪਹਾੜਾਂ 'ਤੇ ਗਏ ਸਨ। ਸਵੇਰੇ ਨੌਂ ਵਜੇ ਤੋਂ ਦੋ ਵਜੇ ਤਕ ਇਕੱਠੇ ਰਹੇ ਸਨ। ਇਹ ਉਹਨਾਂ ਦੀ ਖ਼ਾਸ ਜਨਮ-ਦਿਨ ਦੀ ਮਿਲਣੀ ਸੀ। ਡੇਢ ਵਜੇ ਉਹ ਓਥੋਂ ਵਾਪਸ ਚੱਲੇ ਸਨ ਤੇ ਦੋ ਵਜੇ ਵਾਪਸ ਸ਼ਹਿਰ ਪਹੁੰਚ ਗਏ ਸਨ। ਓਸ ਵੇਲੇ ਲੀਜ਼ਾ ਨੇ ਆਪਣੀ ਧੀ ਨੂੰ ਸਕੂਲੋਂ ਲੈਣਾ ਸੀ। ਜੇ ਉਹ ਨਾ ਪਹੁੰਚਦੀ ਤਾਂ ਕੁੜੀ ਸਕੂਲੋਂ ਬਾਹਰ ਖੜ੍ਹੀ ਰਹਿ ਜਾਂਦੀ।

ਉਹਨਾਂ ਦਾ ਸ਼ਹਿਰ ਲਿਮਾਸੋਲ ਸੀ। ਸਾਇਪ੍ਰੈਸ ਟਾਪੂ ਦਾ ਦੂਜਾ ਸਭ ਤੋਂ ਵੱਡਾ ਸ਼ਹਿਰ। ਓਥੋਂ ਪਹਾੜ ਬਹੁਤੇ ਦੂਰ ਨਹੀਂ ਸਨ ਪੈਂਦੇ। ਬਹੁਤੇ ਉੱਚੇ ਵੀ ਨਹੀਂ ਸਨ। ਸੜਕਾਂ ਚੰਗੀਆਂ ਸਨ। ਅੱਧੇ ਘੰਟੇ 'ਚ ਕਿਸੇ ਵੀ ਥਾਂ ਪਹੁੰਚਿਆ ਜਾ ਸਕਦਾ ਸੀ।

'ਇਹ ਕਿਵੇਂ ਹੋ ਸਕਦੈ? ਤੇਰਾ ਜਨਮ-ਦਿਨ ਹੋਵੇ ਤਾਂ ਮੈਂ ਨਾ ਹੋਵਾਂ।' ਯਾਨਿਸ ਨੇ ਝੂਠੀ-ਸੱਚੀ ਜ਼ਿੱਦ ਕੀਤੀ।

ਲੀਜ਼ਾ ਦਾ ਹਾਸਾ ਛੁੱਟ ਪਿਆ। ਉਹਨੂੰ ਉਹ ਮਿੱਠੀ ਜਿਹੀ ਝਾੜ ਪਾਣ ਲੱਗੀ।

'ਬੁੱਧੂ! ਆਂਦਰੇ ਵੀ ਆ ਰਿਹੈ, ਉਚੇਚਾ ਮਾਸਕੋ ਤੋਂ। ਇਹ ਨਾ ਭੁੱਲ ਤੂੰ ਮੇਰਾ ਪ੍ਰੇਮੀ ਏਂ, ਪਤੀ ਨਹੀਂ। ਪਾਰਟੀ ਪਰਿਵਾਰ ਦੀ ਏ, ਤੂੰ ਨਹੀਂ ਆ ਸਕਦਾ।'

ਯਾਨਿਸ ਕੁਝ ਠੰਢਾ ਪਿਆ। ਉਹ ਲੀਜ਼ਾ ਦਾ ਪਤੀ ਨਹੀਂ ਸੀ। ਲੀਜ਼ਾ ਦਾ ਪਤੀ ਆਂਦਰੇ ਸੀ, ਜਿਹੜਾ ਓਥੋਂ ਤਿੰਨ ਹਵਾਈ ਘੰਟੇ ਦੂਰ ਮਾਸਕੋ ਰਹਿੰਦਾ ਸੀ। ਉਹਨੇ ਕੁਝ ਕਾਰਨਾਂ ਕਰਕੇ ਆਪਣਾ ਪਰਿਵਾਰ ਤੇ ਆਪਣੇ ਕੁਝ ਖਾਤੇ ਏਥੇ ਰੱਖੇ ਹੋਏ ਸਨ। ਹਫ਼ਤੇ ਦੋ ਹਫ਼ਤੇ ਬਾਅਦ ਆਉਂਦਾ ਸੀ ਤੇ ਦੋ-ਤਿੰਨ ਦਿਨ ਰਹਿ ਕੇ ਵਾਪਸ ਮਾਸਕੋ ਚਲਾ ਜਾਂਦਾ ਸੀ। ਵੈਸੇ ਦਿਨ 'ਚ ਕਈ ਵਾਰ ਫੋਨ ਕਰਦਾ ਸੀ। ਲੀਜ਼ਾ ਕਲ੍ਹ ਜਦੋਂ ਯਾਨਿਸ ਨਾਲ ਪਹਾੜਾਂ 'ਤੇ ਗਈ ਹੋਈ ਸੀ, ਆਂਦਰੇ ਦਾ ਫ਼ੋਨ ਓਥੇ ਵੀ ਆਇਆ ਸੀ। ਉਹਨੇ ਲੀਜ਼ਾ ਨੂੰ ਦੱਸਿਆ ਸੀ, 'ਮੈਂ ਅੱਜ ਹੀ ਆ ਰਿਹਾਂ, ਚਾਰ ਵਜੇ ਦੀ ਫਲਾਈਟ 'ਤੇ। ਮੈਨੂੰ ਏਅਰਪੋਰਟ ਤੋਂ ਲੈ ਲਈਂ। ਓਥੋਂ ਸਿੱਧੇ ਬੀਚ 'ਤੇ ਜਾਵਾਂਗੇ।'

ਆਂਦਰੇ ਨੂੰ ਸਮੁੰਦਰ ਦਾ ਬੜਾ ਸ਼ੌਕ ਸੀ। ਜਿੰਨਾ ਚਿਰ ਵੀ ਉਹ ਲੀਜ਼ਾ ਦੇ ਸ਼ਹਿਰ ਰਹਿੰਦਾ ਸੀ, ਉਹਦਾ ਦਿਨ ਬੀਚ 'ਤੇ ਹੀ ਗੁਜ਼ਰਦਾ ਸੀ। ਆਂਦਰੇ ਨੇ ਫੋਨ 'ਤੇ ਪੁੱਛਿਆ ਸੀ:

'ਲਿਜ਼ੀ, ਤੂੰ ਕਿੱਥੇ ਏਂ?'

ਲੀਜ਼ਾ ਨੇ ਸਹਿਜ ਸੁਭਾ ਜਵਾਬ ਦਿੱਤਾ ਸੀ, 'ਮੈਂ ਵੂਲਵਰਥ 'ਚ ਹਾਂ। ਘਰ ਦਾ ਸਾਮਾਨ ਲੈਣ ਆਈ ਹਾਂ।'

ਜਿੰਨੇ ਦਿਨ ਉਹਦੇ ਕੋਲ ਆਂਦਰੇ ਆਇਆ ਹੁੰਦਾ, ਉਹ ਯਾਨਿਸ ਨੂੰ ਨਾ ਮਿਲ ਸਕਦੀ। ਓਨੇ ਦਿਨ ਯਾਨਿਸ ਬੜਾ ਬਿਹਬਲ ਰਹਿੰਦਾ। ਉਹਨੂੰ ਉੱਕਾ ਚੈਨ ਨਾ ਪੈਂਦਾ। ਉਹ ਲੀਜ਼ਾ ਦੇ ਘਰ ਵਾਲੀ ਸੜਕ 'ਤੇ ਗੱਡੀ ਦੁੜਾਂਦਾ ਰਹਿੰਦਾ ਤੇ ਉਹਦਾ ਸੈੱਲ ਟੁਣਕਦਾ ਰਹਿੰਦਾ, ਭਾਵੇਂ ਲੀਜ਼ਾ ਗੱਲ ਨਾ ਕਰ ਸਕਦੀ।

ਯਾਨਿਸ ਅੱਜ ਵੀ ਬਿਹਬਲ ਸੀ। ਸਮਝਦਾ ਸੀ, ਜਨਮ-ਦਿਨ ਦੀ ਪਾਰਟੀ 'ਚ ਉਹ ਨਹੀਂ ਸੀ ਆ ਸਕਦਾ, ਫੇਰ ਵੀ। ਅਖੀਰ ਲੀਜ਼ਾ ਨੂੰ ਕਹਿਣਾ ਹੀ ਪਿਆ:

'ਦੱਸ, ਮੈਨੂੰ ਘਰੋਂ ਕਢਵਾਣਾ ਈ! ਮੇਰਾ ਭਾਰ ਝੱਲ ਸਕੇਂਗਾ? ਮੈਂ ਬੜੀ ਮਹਿੰਗੀ ਤੇ ਖਰਚੀਲੀ ਹਾਂ। ਇਕੋ ਦਿਨ 'ਚ ਹੀ ਤੇਰੀ ਤਨਖਾਹ ਖ਼ਤਮ ਹੋ ਜਾਏਗੀ।'

ਯਾਨਿਸ ਦੀ ਤਨਖਾਹ ਹੈ ਹੀ ਏਨੀ ਕੁ ਸੀ। ਉਹ ਇਕ ਨਾਈਟ ਕਲੱਬ ਦਾ ਮੈਨੇਜਰ ਸੀ। ਉਹਨੂੰ ਮਹੀਨੇ ਭਰ ਦੇ ਕੰਮ ਪਿੱਛੋਂ ਇਕ ਹਜ਼ਾਰ ਪੌਂਡ ਮਿਲਦੇ ਸਨ। ਟਾਪੂ 'ਚ ਇਹ ਬੜੀ ਚੰਗੀ ਤਨਖਾਹ ਸਮਝੀ ਜਾਂਦੀ ਸੀ। ਪਰ ਲੀਜ਼ਾ ਲਈ ਇਹ ਕੁਝ ਨਹੀਂ ਸੀ। ਏਨਾ ਤਾਂ ਉਹਦੇ ਘਰ ਦਾ ਕਿਰਾਇਆ ਸੀ। ਤਿੰਨ ਸੌ ਪੌਂਡ ਮਾਹਵਾਰ ਉਹਦੀ ਧੀ ਦੇ ਸਕੂਲ ਦੀ ਫੀਸ ਸੀ। ਉਹਦੇ ਕਪੜਿਆਂ, ਗਹਿਣਿਆਂ, ਸੈਂਡਲਾਂ, ਬਟਵਿਆਂ ਤੇ ਖੁਸ਼ਬੂਆਂ ਦਾ ਖਰਚ ਹੋਰ ਸੀ। ਕਪੜੇ ਉਹ ਸਿਰਫ਼ ਮਹਿੰਗੇ ਬਰੈਂਡਾਂ ਦੇ ਪਾਉਂਦੀ ਸੀ। ਵਧੀਆ ਰੈਸਤੋਰਾਨਾਂ 'ਚ ਜਾਂਦੀ ਸੀ। ਜਿਸ ਹੋਟਲ 'ਚ ਉਹਨੇ ਅੱਜ ਜਨਮ-ਦਿਨ ਦੀ ਪਾਰਟੀ ਰੱਖੀ ਸੀ, ਉਹ ਪੰਜ-ਤਾਰਾ ਸੀ। ਉਹਦੇ ਚੀਨੀ ਰੈਸਤੋਰਾਂ ਦੀ ਇਕ ਪਲੇਟ ਦਾ ਮੁੱਲ ਸੱਠ ਪਾਊਂਡ ਸੀ। ਯਾਨਿਸ ਉਹਦੇ ਸ਼ੌਕ ਨਹੀਂ ਸੀ ਪਾਲ ਸਕਦਾ। ਪਰ ਆਂਦਰੇ ਪਾਲ ਸਕਦਾ ਸੀ। ਉਹ ਮਾਸਕੋ 'ਚ ਬਹੁਤ ਵੱਡੀ ਕੰਪਨੀ ਦਾ ਮਾਲਕ ਸੀ। ਬੇ-ਹਿਸਾਬਾ ਕਮਾਂਦਾ ਸੀ ਤੇ ਬੇ-ਹਿਸਾਬਾ ਖਰਚ ਕਰਦਾ ਸੀ। ਉਹਦੇ ਨਾਲੋਂ ਵੀ ਜ਼ਿਆਦਾ ਉਹਦੀ ਲੀਜ਼ਾ ਖਰਚਦੀ ਸੀ। ਆਂਦਰੇ ਨੇ ਉਹਨੂੰ ਕਈ ਕਰੈਡਿਟ ਕਾਰਡ ਬਣਾ ਕੇ ਦਿੱਤੇ ਹੋਏ ਸਨ। ਉਹਨਾਂ ਨੂੰ ਉਹ ਬੇਦਰੇਗ ਵਰਤਦੀ ਸੀ। ਆਂਦਰੇ ਦੀ ਕਮਾਈ ਦੇ ਤੇਹੇ ਲਾਂਹਦੀ ਸੀ। ਪਰ ਫੇਰ ਵੀ ਆਂਦਰੇ ਦੀ ਕਮਾਈ ਨੂੰ ਢਾਹ ਨਹੀਂ ਸੀ ਲਗਦੀ। ਕਲ੍ਹ ਵੀ ਜਦੋਂ ਉਹ ਯਾਨਿਸ ਨਾਲ ਪਹਾੜਾਂ 'ਤੇ ਗਈ ਹੋਈ ਸੀ, ਓਥੋਂ ਦੇ ਹੋਟਲ ਦੀ ਅਦਾਇਗੀ ਲੀਜ਼ਾ ਨੇ ਹੀ ਕੀਤੀ ਸੀ। ਉਹਦੇ ਲਈ ਆਂਦਰੇ ਦਾ ਲੈ ਕੇ ਦਿੱਤਾ ਕੋਈ ਕਰੈਡਿਟ ਕਾਰਡ ਹੀ ਵਰਤਿਆ ਸੀ।

ਅਖੀਰ ਯਾਨਿਸ ਨੂੰ ਠੰਢ ਵਰਤੀ। ਉਹ ਹਾਰ ਗਿਆ। ਲੀਜ਼ਾ ਨੂੰ ਕਹਿਣ ਲੱਗਾ:

'ਨਹੀਂ, ਬਾਬਾ, ਘਰੋਂ ਨਾ ਨਿਕਲੀਂ। ਮੈਥੋਂ ਸਾਂਭ ਨਹੀਂ ਹੋਣੀ ਤੂੰ। ਮੈਂ ਤੇਰੇ ਹੋਟਲ ਦੇ ਬਾਹਰੋਂ ਇਕ ਦੋ ਵਾਰੀ ਲੰਘ ਜਾਵਾਂਗਾ। ਤੇਰਾ ਸੈੱਲ ਟੁਣਕਾ ਦਿਆਂਗਾ। ਮੇਰੀ ਤਸੱਲੀ ਹੋ ਜਾਏਗੀ।'

ਲੀਜ਼ਾ ਨੂੰ ਲੱਗਾ, ਯਾਨਿਸ ਕੁਝ ਜ਼ਿਆਦਾ ਹੀ ਨਿਰਾਸ ਹੋ ਗਿਆ ਸੀ। ਉਹਨੇ ਉਹਨੂੰ ਧਰਵਾਸ ਦੇਣਾ ਚਾਹਿਆ:

'ਠੀਕ ਏ, ਲੰਘੀਂ ਪਿਆ। ਕਾਰ 'ਚ ਉਹੀਓ ਸੀਡੀ ਲਾ ਕੇ ਰੱਖੀਂ, ਜਿਹੜੀ ਅਸੀਂ ਕਲ੍ਹ ਪਹਾੜਾਂ 'ਚ ਲਾਈ ਹੋਈ ਸੀ।'

ਲੀਜ਼ਾ ਨੂੰ ਅੱਗੋਂ ਠੰਢਾ ਸਾਹ ਸੁਣੀਤਾ। ਉਹਨੇ ਫੋਨ ਕੰਨਾਂ ਤੋਂ ਲਾਹ ਦਿੱਤਾ।

0 0 0 0

ਲੀਜ਼ਾ ਦੀ ਸੂਚੀ 'ਤੇ ਦੂਜਾ ਨਾਂ ਉਹਦੀ ਸਹੇਲੀ ਲੀਦਾ ਦਾ ਸੀ। ਉਹਨੇ ਉਹਦਾ ਨੰਬਰ ਦਬਾਇਆ।

'ਮੇਰੀ ਪਾਰਟੀ ਯਾਦ ਹੀ ਨਾ?' ਉਹਨੇ ਲੀਦਾ ਨੂੰ ਪੁੱਛਿਆ, 'ਆਂਦਰੇ ਵੀ ਪਹੁੰਚ ਗਿਐ...।'

'ਯਾਦ ਏ। ਆ ਰਹੀ ਹਾਂ। ਹੱਛਾ, ਦੱਸ ਕਾਤੀਆ ਨੂੰ ਤਾਂ ਨਹੀਂ ਬੁਲਾ ਰਹੀ?'

'ਬੁਲਾ ਚੁੱਕੀ ਹਾਂ। ਹੁਣੇ ਉਹਨੂੰ ਵੀ ਫੋਨ ਕੀਤੈ। ਬੁਲਾਣਾ ਤਾਂ ਪੈਣਾ ਹੀ ਸੀ। ਉਹਨੂੰ ਪਾਰਟੀ ਦਾ ਪਤਾ ਸੀ।'

'ਨਾ ਬੁਲਾਂਦੀ ਤਾਂ ਚੰਗਾ ਸੀ। ਹੁਣ ਉਹਨੂੰ ਆਂਦਰੇ ਤੋਂ ਦੂਰ ਬਿਠਾਈਂ', ਲੀਦਾ ਨੇ ਸਲਾਹ ਦਿੱਤੀ।



'ਕੋਸ਼ਿਸ਼ ਤਾਂ ਕਰਾਂਗੀ।'

ਕਾਤੀਆ ਤੇ ਲੀਜ਼ਾ ਦੀ ਕਹਾਣੀ ਇਕੋ ਜਿਹੀ ਸੀ। ਕਾਤੀਆ ਵੀ ਸੱਤ ਅੱਠ ਸਾਲ ਤੋਂ ਲਿਮਾਸੋਲ ਰਹਿ ਰਹੀ ਸੀ। ਉਹਦੇ ਦੋ ਬੱਚੇ ਸਨ। ਉਹ ਵੀ ਲੀਜ਼ਾ ਦੀ ਧੀ ਵਾਲੇ ਸਕੂਲੇ ਪੜ੍ਹਦੇ ਸਨ। ਕਾਤੀਆ ਦਾ ਪਤੀ ਵੀ ਮਾਸਕੋ ਆਪਣੀ ਕੰਪਨੀ ਚਲਾਂਦਾ ਸੀ। ਉਹ ਵੀ ਬੜਾ ਕਮਾਊ ਤੇ ਅਮੀਰ ਸੀ। ਉਹਨੇ ਵੀ ਆਪਣੇ ਪਰਿਵਾਰ ਤੇ ਆਪਣੇ ਖਾਤੇ ਏਥੇ ਰੱਖੇ ਹੋਏ ਸਨ। ਏਸ ਤੋਂ ਬਾਅਦ ਕਾਤੀਆ ਦੀ ਕਹਾਣੀ ਬਦਲ ਜਾਂਦੀ ਸੀ। ਏਥੇ ਆਉਣ ਤੋਂ ਦੋ ਸਾਲਾਂ ਬਾਅਦ ਉਹਦੇ ਪਤੀ ਨੇ ਉਹਨੂੰ ਛੱਡ ਦਿੱਤਾ ਸੀ। ਹੁਣ ਕਾਤੀਆ ਤਲਾਕਸ਼ੁਦਾ ਸੀ। ਛੁੱਟੜ ਸੀ। ਉਹਨੂੰ ਆਪਣੇ ਲਈ ਤੇ ਬੱਚਿਆਂ ਲਈ ਪਹਿਲੇ ਪਤੀ ਤੋਂ ਪੈਸੇ ਪਹੁੰਚਦੇ ਰਹਿੰਦੇ ਸਨ, ਪਰ ਓਨੇ ਖੁੱਲ੍ਹੇ ਨਹੀਂ, ਜਿੰਨੇ ਲੀਜ਼ਾ ਨੂੰ ਮਿਲਦੇ ਸਨ। ਉਹ ਲੀਜ਼ਾ ਨਾਲੋਂ ਛੋਟੀ ਸੀ ਤੇ ਸੁਹਣੀ ਸੀ। ਏਧਰ ਓਧਰ ਮੂੰਹ ਵੀ ਨਹੀਂ ਸੀ ਮਾਰਦੀ। ਫੇਰ ਵੀ ਛੁੱਟੀ ਪਈ ਸੀ। ਲੀਜ਼ਾ ਮੌਜਾਂ ਮਾਣ ਰਹੀ ਸੀ। ਉਹਦੇ ਕੋਲ ਪਤੀ ਵੀ ਸੀ, ਪੈਸੇ ਵੀ ਤੇ ਪ੍ਰੇਮੀ ਵੀ। ਕਾਤੀਆ ਕੋਲ ਕੁਝ ਵੀ ਨਹੀਂ ਸੀ, ਸਿਵਾਇ ਦੋ ਬੱਚਿਆਂ ਤੇ ਲੰਮੀ, ਸੁੰਨੀ ਤੇ ਅਸੁਰੱਖਿਅਤ ਜ਼ਿੰਦਗੀ ਦੇ। ਉਹਨੂੰ ਸਾੜਾ ਤਾਂ ਹੋਣਾ ਹੀ ਸੀ।

ਕਾਤੀਆ ਨੂੰ ਯਾਨਿਸ ਤੇ ਲੀਜ਼ਾ ਦੇ ਮੁਆਸ਼ਕੇ ਦਾ ਪਹਿਲੇ ਦਿਨ ਤੋਂ ਹੀ ਪਤਾ ਸੀ। ਜਦੋਂ ਲੀਜ਼ਾ ਦੀ ਯਾਨਿਸ ਨਾਲ ਪਹਿਲੀ ਮੁਲਾਕਾਤ ਹੋਈ ਸੀ, ਉਹ ਵੀ ਓਥੇ ਸੀ। ਇਹ ਓਸ ਵੇਲੇ ਦੀ ਗੱਲ ਏ, ਜਦੋਂ ਅਜੇ ਦੋਵਾਂ ਸਹੇਲੀਆਂ ਦੀ ਕਹਾਣੀ ਇਕੋ ਜਿਹੀ ਹੁੰਦੀ ਸੀ। ਦੋਵੇਂ ਯਾਨਿਸ ਵਾਲੀ ਨਾਈਟ ਕਲੱਬ ਗਈਆਂ ਹੋਈਆਂ ਸਨ, ਕਾਤੀਆ ਨੇ ਲੀਜ਼ਾ ਤੇ ਯਾਨਿਸ ਦਾ ਅੱਖ-ਮਟੱਕਾ ਹੁੰਦਾ ਤੇ ਇਸ਼ਕ-ਪੇਚਾ ਪੈਂਦਾ ਅੱਖੀਂ ਵੇਖਿਆ ਸੀ। ਸ਼ੁਰੂ ਤੋਂ ਹੀ ਲੀਜ਼ਾ ਨੂੰ ਤੌਖਲਾ ਰਹਿੰਦਾ ਸੀ, ਕਾਤੀਆ ਕਿਤੇ ਆਂਦਰੇ ਨੂੰ ਦੱਸ ਨਾ ਦੇਵੇ। ਆਪ ਜਾਂ ਆਪਣੇ ਪਤੀ ਰਾਹੀਂ ਜਾਂ ਕਿਸੇ ਹੋਰ ਤਰ੍ਹਾਂ।

ਲੀਜ਼ਾ ਦੀਆਂ ਬਾਕੀ ਸਹੇਲੀਆਂ ਨੂੰ ਵੀ ਯਾਨਿਸ ਦਾ ਪਤਾ ਸੀ। ਲੀਜ਼ਾ ਨੇ ਆਪ ਨਹੀਂ ਸੀ ਦੱਸਿਆ। ਫੇਰ ਵੀ ਉਹਨਾਂ ਨੂੰ ਆਪੋ ਆਪਣੀ ਤਰ੍ਹਾਂ ਉਹਦਾ ਪਤਾ ਸੀ। ਆਂਦਰੇ ਨੂੰ ਵੀ ਮਿਲਦੀਆਂ ਰਹਿੰਦੀਆਂ ਸਨ। ਉਹਦੇ ਨਾਲ ਬੀਚ 'ਤੇ ਘੰਟਿਆਂ-ਬੱਧੀ ਬਹਿੰਦੀਆਂ ਸਨ ਤੇ ਖਾਂਦੀਆਂ ਪੀਂਦੀਆਂ ਸਨ। ਪਰ ਲੀਜ਼ਾ ਨੂੰ ਉਹਨਾਂ ਦਾ ਡਰ ਨਹੀਂ ਸੀ। ਉਹ ਉਹਦੀ ਚੁਗ਼ਲੀ ਨਹੀਂ ਸਨ ਕਰਦੀਆਂ। ਇਹੋ ਜਿਹੇ ਮਾਮਲੇ 'ਚ ਉਹ ਚੁੱਪ ਰਹਿਣਾ ਹੀ ਸਹੀ ਤੇ ਸਭਿਅ ਸਮਝਦੀਆਂ ਸਨ। ਉਹ ਇਹਨੂੰ ਲੀਜ਼ਾ ਤੇ ਆਂਦਰੇ ਦਾ ਨਿੱਜੀ ਮਾਮਲਾ ਸਮਝਦੀਆਂ ਸਨ। ਉਹ ਇਹਦੀ ਲੀਜ਼ਾ ਨਾਲ ਵੀ ਗੱਲ ਨਹੀਂ ਸਨ ਕਰਦੀਆਂ। ਸੋਚਦੀਆਂ ਸਨ ਕਿ ਆਂਦਰੇ ਨੂੰ ਕਦੀ ਆਪੇ ਹੀ ਪਤਾ ਲੱਗ ਜਾਏਗਾ। ਇਹੋ ਜਿਹੀ ਚੀਜ਼ ਬਹੁਤਾ ਚਿਰ ਲੁਕੀ ਨਹੀਂ ਰਹਿੰਦੀ। ਰੂਸੀ ਅਖਾਣ ਸੀ, 'ਘਰ ਵਾਲੇ ਨੂੰ ਸਭ ਤੋਂ ਅਖੀਰ ਪਤਾ ਲਗਦੈ।' ਉਹ ਸਮਝਦੀਆਂ ਸਨ, ਉਹ ਅਖੀਰ ਹੁਣ ਹੋਣ ਵਾਲਾ ਸੀ। ਬਾਕੀ ਸਭ ਨੂੰ ਪਤਾ ਲੱਗ ਚੁੱਕਾ ਸੀ। ਆਪਣੇ ਬੰਨੇ, ਲੀਜ਼ਾ ਇਹ ਸਮਝੀ ਬੈਠੀ ਸੀ, ਅਖੀਰ ਹੋਣ ਤੋਂ ਪਹਿਲਾਂ ਜ਼ਿੰਦਗੀ ਲੰਘ ਜਾਏਗੀ।

ਲੀਜ਼ਾ ਨੇ ਆਪ ਕਦੀ ਕਿਸੇ ਵੀ ਸਹੇਲੀ ਨਾਲ ਯਾਨਿਸ ਦੀ ਗੱਲ ਨਹੀਂ ਸੀ ਕੀਤੀ। ਬਸ ਇਕ ਵਾਰੀ ਐਵੇਂ ਲੀਦਾ ਨਾਲ ਛਿੜੀ ਸੀ। ਵਿਸ਼ਵ ਫੁੱਟਬਾਲ ਮੈਚਾਂ ਦੇ ਦਿਨ ਸਨ। ਸ਼ਾਇਦ 30 ਅਪਰੈਲ ਦੀ ਰਾਤ ਸੀ। ਸਨਿੱਚਰਵਾਰ। ਲੀਜ਼ਾ ਘਰ ਇਕੱਲੀ ਸੀ। ਬੱਚੀ ਕਿਸੇ ਸਹੇਲੀ ਦੇ ਘਰ ਸੀ। ਫਿਲੀਪੀਨੋ ਮੇਡ ਨੂੰ ਉਹਨੇ ਰਾਤ ਬਾਹਰ ਰਹਿਣ ਦੀ ਛੁੱਟੀ ਦੇ ਦਿੱਤੀ ਸੀ। ਯਾਨਿਸ ਦੀ ਕਲੱਬ ਰਾਤੀਂ ਢਾਈ ਵਜੇ ਬੰਦ ਹੋਣੀ ਸੀ। ਇਕੱਲਿਆਂ ਉਡੀਕਣਾ ਮੁਸ਼ਕਿਲ ਲੱਗ ਰਿਹਾ ਸੀ। ਉਹਨੇ ਲੀਦਾ ਨੂੰ ਫੋਨ ਕੀਤਾ ਤੇ ਕਿਹਾ, ਮੈਂ ਤੇਰੇ ਘਰ ਮੈਚ ਵੇਖਣ ਆ ਰਹੀ ਹਾਂ। ਮੈਚ ਸ਼ੁਰੂ ਹੋਇਆ। ਪਹਿਲੋਂ ਲੀਦਾ ਦੀ ਕੁੜੀ ਉੱਠੀ ਤੇ ਫੇਰ ਉਹਦਾ ਪਤੀ। ਦੋਵੇਂ ਸੌਣ ਚਲੇ ਗਏ। ਦੋਵੇਂ ਸਹੇਲੀਆਂ ਬੈਠੀਆਂ ਰਹੀਆਂ। ਰੂਸ ਦੀ ਟੀਮ ਪਹਿਲੋਂ ਹੀ ਹਾਰ ਗਈ ਹੋਈ ਸੀ। ਪਰ ਉਸ ਦਿਨ ਯੂਕਰੀਨ ਦੀ ਟੀਮ ਕੁਆਟਰ ਫਾਈਨਲ ਖੇਡ ਰਹੀ ਸੀ। ਉਹ ਵਾਈਨ ਪੀਂਦੀਆਂ ਰਹੀਆਂ ਤੇ ਯੂਕਰੇਨੀਆਂ ਨੂੰ ਹੱਲਾਸ਼ੇਰੀਆਂ ਦੇਂਦੀਆਂ ਰਹੀਆਂ। ਮੈਚ ਖਤਮ ਹੋ ਗਿਆ। ਯੂਕਰੀਨੀ ਹਾਰ ਗਏ। ਲੀਜ਼ਾ ਫੇਰ ਵੀ ਬੈਠੀ ਰਹੀ। ਅਜੇ ਯਾਨਿਸ ਦੀ ਕਲੱਬ ਬੰਦ ਨਹੀਂ ਸੀ ਹੋਈ।

ਕੋਈ ਢਾਈ ਕੁ ਵਜੇ ਯਾਨਿਸ ਦਾ ਫੋਨ ਆਇਆ। ਉਹਨੇ ਦੱਸਿਆ, 'ਮੈਂ ਵਿਹਲਾ ਹੋ ਗਿਆ ਹਾਂ। ਜੇ ਚਾਹਵੇਂ ਤਾਂ ਮਿਲ ਸਕਦਾ ਹਾਂ।'

ਲੀਜ਼ਾ ਨੇ ਉਹਨੂੰ ਆਪਣੇ ਘਰ ਸੱਦ ਲਿਆ।

ਸੁਣ ਕੇ ਲੀਦਾ ਨੇ ਉਹਨੂੰ ਪੁੱਛ ਲਿਆ, 'ਲੀਜ਼ਾ, ਤੈਨੂੰ ਡਰ ਨਹੀਂ ਲਗਦਾ?'

'ਨਹੀਂ, ਮੈਂ ਮੇਡ ਨੂੰ ਛੁੱਟੀ ਦਿੱਤੀ ਹੋਈ ਏ...।'

'ਨਹੀਂ, ਮੇਰਾ ਮਤਲਬ ਇਹ ਨਹੀਂ। ਜੇ ਆਂਦਰੇ ਨੂੰ ਪਤਾ ਲੱਗ ਗਿਆ ਤਾਂ?'

'ਹਾਂ, ਲੱਗ ਸਕਦੈ। ਤੂੰ ਦੱਸ, ਮੈਂ ਕੀ ਕਰਾਂ...।'

ਲੀਜ਼ਾ ਦੀਆਂ ਅੱਖਾਂ ਵਹਿ ਟੁਰੀਆਂ। ਕੁਝ ਚਿਰ ਉਹਨੇ ਅੱਥਰੂਆਂ ਨੂੰ ਮੂੰਹ ਉੱਤੇ ਪੈਣ ਦਿੱਤਾ। ਫੇਰ ਠੰਢਾ ਸਾਹ ਲੈਂਦੀ ਕਹਿ ਉੱਠੀ:

'ਲੀਦਾ ਸੱਚੀਂ, ਮੈਨੂੰ ਕਦੀ ਵੀ ਪਛਤਾਵਾ ਨਹੀਂ ਹੋਇਆ। ਸ਼ਾਇਦ ਮੇਰੀ ਲੋੜ ਏ। ਸ਼ਾਇਦ ਮੇਰੀ ਕੋਈ ਕਸਰ ਪੂਰੀ ਹੁੰਦੀ ਏ।'

ਲੀਦਾ ਨੇ ਸੁਣ ਲਿਆ। ਚੁੱਪ ਰਹੀ। ਹੋਰ ਕਰਦੀ ਵੀ ਕੀ? ਉਹਦਾ ਬੋਲਣਾ ਨਹੀਂ ਸੀ ਬਣਦਾ। ਲੀਜ਼ਾ ਦਾ ਨਿੱਜੀ ਮਾਮਲਾ ਸੀ। ਉਹਦਾ ਤੇ ਆਂਦਰੇ ਦਾ। ਨਾਲੇ, ਉਹਨੇ ਕੋਈ ਸਲਾਹ ਵੀ ਨਹੀਂ ਸੀ ਮੰਗੀ।

ਕੁਝ ਚਿਰ ਬਾਅਦ ਲੀਜ਼ਾ ਚਲੀ ਗਈ। ਆਪਣੇ ਘਰ। ਜਿੱਥੇ ਉਹ ਇਕੱਲੀ ਸੀ ਤੇ ਜਿੱਥੇ ਹੁਣ ਉਹਨੇ ਬਾਕੀ ਦੀ ਰਾਤ ਇਕੱਲੀ ਨਹੀਂ ਸੀ ਰਹਿਣਾ।

0 0 0 0

ਲੀਜ਼ਾ ਦੇ ਸ਼ਹਿਰ 'ਚ ਏਸ ਤਰ੍ਹਾਂ ਦੇ ਮਾਮਲੇ ਬਹੁਤਾ ਚਿਰ ਲੁਕੇ ਨਹੀਂ ਸਨ ਰਹਿੰਦੇ। ਸ਼ਹਿਰ ਛੋਟਾ ਸੀ। ਲੋਕ ਘੱਟ ਸਨ। ਜੋ ਵੀ ਓਪਰਾ ਤੇ ਵੱਖਰਾ ਹੁੰਦਾ ਸੀ, ਰੜਕ ਪੈਂਦਾ ਸੀ। ਫੇਰ ਲੀਜ਼ਾ ਦੀ ਹੋਂਦ ਵੀ ਬੜੀ ਚਮਕੀਲੀ ਤੇ ਭੜਕੀਲੀ ਸੀ। ਨਜ਼ਰਾਂ 'ਚ ਆਏ ਬਿਨਾਂ ਨਹੀਂ ਸੀ ਰਹਿੰਦੀ। ਕਲ੍ਹ ਜਦੋਂ ਉਹ ਪਹਾੜਾਂ 'ਚ ਗਈ ਸੀ, ਪੂਰੀ ਜਿਪਸਨ ਬਣੀ ਹੋਈ ਸੀ। ਉਹਦਾ ਵੇਸ ਫਿੱਕਾ ਜਾਮਣੂ ਸੀ। ਉੱਤੇ ਵੱਡੇ ਵੱਡੇ ਫੁੱਲ ਸਨ। ਨੀਵੇਂ ਗਲੇ 'ਚੋਂ ਛਾਤੀਆਂ ਅੱਧੀਆਂ ਦਿਸਦੀਆਂ ਸਨ। ਉਹਨਾਂ ਉੱਤੇ ਰੰਗ ਬਰੰਗੇ ਨਗਾਂ ਨਾਲ ਜੜਿਆ ਵੱਡਾ ਸਾਰਾ ਪੈਂਡੰਟ ਲਟਕੰਦਾ ਸੀ। ਕੰਨਾਂ ਵਿਚ ਲੰਮੀਆਂ ਵਾਲੀਆਂ ਸਨ। ਲੱਕ ਵੱਡੇ-ਵੱਡੇ ਫੁੱਲਾਂ ਵਾਲੀ ਜਾਮਣੂ ਸਕਰਟ ਸੀ। ਇਕ ਪਾਸਿਉਂ ਉੱਚੀ ਤੇ ਦੂਜੇ ਪਾਸਿਉਂ ਨੀਵੀਂ। ਇਕ ਲੱਤ ਗੋਡੇ ਤਕ ਦਿਸਦੀ ਸੀ। ਸੈਂਡਲ ਵੀ ਜਾਮਣੂ ਸਨ, ਉੱਚੀ ਅੱਡੀ ਵਾਲੇ। ਉਹ ਵੈਸੇ ਹੀ ਲੰਮ-ਸਲੰਮੀ ਸੀ। ਬਟਵਾ ਵੀ ਓਸ ਰੰਗ ਦਾ ਸੀ ਤੇ ਉਹਦੇ ਉੱਤੇ ਕਢਾਈ ਵੀ ਓਸ ਰੰਗ ਦੀ ਸੀ। ਜਿੰਨ੍ਹੇ ਵੀ ਉਹਨੂੰ ਪਹਾੜਾਂ 'ਚ ਵੇਖਿਆ ਹੋਵੇਗਾ, ਉਹਨੂੰ ਉਹ ਜ਼ਰੂਰ ਯਾਦ ਰਹਿ ਗਈ ਹੋਵੇਗੀ। ਏਸੇ ਤਰ੍ਹਾਂ ਉਹ ਸ਼ਹਿਰ ਵਾਲਿਆਂ ਨੂੰ ਵੀ ਯਾਦ ਰਹਿੰਦੀ ਹੋਵੇਗੀ। ਸਹੇਲੀਆਂ ਨੂੰ ਤਾਂ ਪਤਾ ਲੱਗਣਾ ਹੀ ਲੱਗਣਾ ਸੀ।

ਆਪ ਲੀਦਾ ਨੂੰ ਪਤਾ ਆਪਣੀ ਧੀ ਤੋਂ ਲੱਗਾ ਸੀ। ਇਕ ਵਾਰੀ ਉਹਦੀ ਧੀ ਆਪਣੇ ਇਕ ਦੋਸਤ ਨਾਲ ਕਿਸੇ ਕਾਰਨੀਵਲ 'ਤੇ ਗਈ ਸੀ। ਓਥੇ ਬੜੀ ਰੌਣਕ ਸੀ। ਖਾਣਾ-ਪੀਣਾ ਸੀ। ਨਾਚ-ਗਾਣਾ ਸੀ। ਬੜੀਆਂ ਫੋਟੋ ਖਿੱਚੀਆਂ ਗਈਆਂ। ਜਦੋਂ ਉਹਦੀ ਧੀ ਬਾਅਦ 'ਚ ਆਪਣੇ ਦੋਸਤ ਨਾਲ ਫੋਟੋਆਂ ਵੇਖ ਰਹੀ ਸੀ, ਉਹਨਾਂ ਨੂੰ ਇਕ ਫੋਟੋ 'ਚ ਯਾਨਿਸ ਤੇ ਲੀਜ਼ਾ ਵੀ ਦਿਸ ਪਏ। ਉਹ ਦੋਵੇਂ ਇਕ ਦੂਜੇ ਨਾਲ ਵਲ੍ਹੇਟੇ ਪਏ ਸਨ। ਵੇਖ ਕੇ ਧੀ ਦਾ ਦੋਸਤ ਕਹਿਣ ਲੱਗਾ:

'ਇਹ ਰੂਸੀ ਕੁੜੀ ਅਕਸਰ ਏਸ ਮੁੰਡੇ ਨਾਲ ਹੁੰਦੀ ਏ...।'

'ਇਹ ਕੁੜੀ ਨਹੀਂ, ਔਰਤ ਏ,' ਲੀਦਾ ਦੀ ਧੀ ਨੇ ਕਿਹਾ।

'ਨਹੀਂ, ਇਹ ਤਾਂ ਕੰਵਾਰੀ ਏ।'

'ਕੰਵਾਰੀ ਕਿੱਥੋਂ? ਉਹਦੀ ਧੀ ਮੇਰੇ ਭਰਾ ਨਾਲ ਸਕੂਲ ਪੜ੍ਹਦੀ ਏ।'

ਲੀਦਾ ਦੀ ਧੀ ਨੇ ਉਹ ਫੋਟੋ ਮਾਂ ਨੂੰ ਵਿਖਾਈ। ਲੀਦਾ ਨੂੰ ਏਸ ਤਰ੍ਹਾਂ ਪਤਾ ਲੱਗਾ। ਉਹਨੇ ਸਗੋਂ ਯਾਨਿਸ



ਦੀ ਸ਼ਕਲ ਵੀ ਵੇਖ ਲਈ। ਸੁਨੱਖਾ ਸੀ ਤੇ ਲਵਾ ਜਿਹਾ। ਲੀਜ਼ਾ ਉਹਦੇ ਨਾਲੋਂ ਵੱਡੀ ਲਗਦੀ ਸੀ।

ਅੱਜ ਦੀ ਪਾਰਟੀ 'ਚ ਲੀਜ਼ਾ ਨੇ ਆਪਣੀਆਂ ਦੋ ਹੋਰ ਸਹੇਲੀਆਂ ਨੂੰ ਸੱਦਿਆ ਸੀ। ਇਕ ਫ਼ਰਾਂਸੀਸਨ ਸੀ, ਲਿਲੇ ਤੇ ਇਕ ਅੰਗ੍ਰੇਜ਼, ਮਿਸ਼ੇਲ। ਯਾਨਿਸ ਦਾ ਉਹਨਾਂ ਨੂੰ ਵੀ ਪਤਾ ਸੀ। ਆਪਣੇ ਹੀ ਸੋਮਿਆਂ ਤੋਂ। ਇਕ ਦੁਪਹਿਰੇ ਉਹ ਦੋਵੇਂ ਇਕ ਇਟਾਲੀਅਨ ਰੈਸਤੋਰਾਂ 'ਚ ਲੰਚ ਕਰ ਰਹੀਆਂ ਸਨ। ਉਹਨਾਂ ਵੇਖਿਆ, ਰੈਸਤੋਰਾਂ ਦੀ ਇਕ ਪਾਰਲੀ, ਅਣ-ਮੱਲੀ ਨੁੱਕਰੇ ਲੀਜ਼ਾ ਕਿਸੇ ਸਿਪਰੀਅਟ ਮਰਦ ਨਾਲ ਬੜੀ ਢੁਕ ਕੇ ਬੈਠੀ ਸੀ। ਉਹਨਾਂ ਨੂੰ ਖੁੜਕ ਗਈ। ਲਿਲੇ ਨੇ ਓਥੋਂ ਹੀ ਲੀਦਾ ਨੂੰ ਫੋਨ ਖੜਕਾ ਦਿੱਤਾ ਤੇ ਹਾਸੇ ਨਾਲ ਪੁੱਛਿਆ:

'ਤੈਨੂੰ ਪਤੈ, ਮੇਰੀਆਂ ਇਹਨਾਂ ਦੋ ਕਮਜ਼ੋਰ ਅੱਖਾਂ ਅੱਗੇ ਕੀ ਵਾਪਰ ਰਿਹੈ?'

'ਕੀ ਭਲਾ?'

'ਇਸ਼ਕੇ ਦਾ ਪੇਚਾ ਪੈ ਰਿਹੈ।'

'ਤੈਨੂੰ ਕੀ?'

'ਮੈਨੂੰ ਹੈ, ਇਸ ਲਈ ਕਿ ਪੇਚਾ ਸਾਡੀ ਲੀਜ਼ਾ ਨਾਲ ਪੈ ਰਿਹੈ। ਜਾ ਕੇ ਮਿਲਾਂ ਸੂ? ਮਿਸ਼ੇਲ ਵੀ ਮੇਰੇ ਨਾਲ ਏ। ਸਭ ਕੁਝ ਉਹਦੀਆਂ ਅੱਖਾਂ ਅੱਗੇ ਵੀ ਹੋ ਰਿਹੈ।'

'ਬੈਠੀ ਰਹੁ। ਐਵੇਂ ਵਿਘਨ ਨਾ ਪਾ।' ਲੀਦਾ ਨੇ ਉਹਨੂੰ ਠੱਪ ਦਿੱਤਾ।

ਲਿਲੇ ਤੇ ਮਿਸ਼ੇਲ ਨੇ ਵਿਘਨ ਨਾ ਪਾਇਆ। ਚੁੱਪ-ਚਾਪ ਲੰਚ ਕਰਦੀਆਂ ਰਹੀਆਂ। ਕਦੀ-ਕਦੀ ਉਹਨਾਂ ਵੱਲ ਵੇਖ ਲੈਂਦੀਆਂ। ਲੀਜ਼ਾ ਵੀ ਕਦੀ-ਕਦੀ ਉਹਨਾਂ ਵੱਖ ਵੇਖ ਲੈਂਦੀ। ਅਖੀਰ ਸਹੇਲੀਆਂ ਦਾ ਲੰਚ ਖਤਮ ਹੋ ਗਿਆ, ਪਰ ਲੀਜ਼ਾ ਦਾ ਚਲਦਾ ਰਿਹਾ। ਸਹੇਲੀਆਂ ਉਹਨਾਂ ਨੂੰ ਓਥੇ ਹੀ ਛੱਡ ਬਾਹਰ ਨਿਕਲ ਗਈਆਂ।

ਪਾਰਟੀ 'ਤੇ ਸੱਦੀ ਗਈ ਪੰਜਵੀਂ ਸਹੇਲੀ ਮਾਰੀਆ ਸੀ। ਉਹ ਸਿਪਰੀਅਟ ਸੀ। ਇਕ ਨਾਮੀ ਸਥਾਨਕ ਬੁੱਤਕਾਰ ਦੀ ਬੀਵੀ ਸੀ। ਉਹਨੂੰ ਯਾਨਿਸ ਦਾ ਪਤਾ ਆਪਣੀ ਨੌਜਵਾਨ ਧੀ ਤੋਂ ਲੱਗਾ ਸੀ।

ਧੀ ਇਕ ਪੇਸਟਰੀ ਸ਼ਾਪ 'ਚ ਕੰਮ ਕਰਦੀ ਸੀ। ਇਕ ਵਾਰੀ ਲੀਜ਼ਾ ਤੇ ਯਾਨਿਸ ਓਥੇ ਕਾਫੀ ਪੀਣ ਆਏ ਸਨ। ਕਿੰਨਾ ਚਿਰ ਬੈਠੇ ਰਹੇ ਸਨ। ਧੀ ਨੇ ਹੀ ਘਰ ਜਾ ਕੇ ਮਾਂ ਨੂੰ ਦੱਸਿਆ ਸੀ:

'ਤੁਹਾਡੀ ਸਹੇਲੀ ਏਥੋਂ ਦੇ ਕਿਸੇ ਮੁੰਡੇ ਨਾਲ ਫਸੀ ਹੋਈ ਜੇ।'

ਮਾਰੀਆ ਨੂੰ ਯਕੀਨ ਨਹੀਂ ਸੀ ਆਇਆ। ਉਹਨੇ ਧੀ ਨੂੰ ਸਮਝਾਇਆ:

'ਐਵੇਂ ਕਿਸੇ ਵਾਕਿਫ਼ ਨਾਲ ਬੈਠੀ ਹੋਵੇਗੀ। ਬੈਠਣ ਦਾ ਮਤਲਬ ਫਸਣਾ ਥੋੜ੍ਹਾ ਹੁੰਦੈ?'

'ਇਹ ਤਾਂ ਫਸ ਰਹੀ ਸੀ। ਕਦੀ ਮੁੰਡੇ ਦੇ ਵਾਲ ਸੰਵਾਰਦੀ ਸੀ। ਕਦੀ ਉਹਦਾ ਕਾਲਰ ਠੀਕ ਕਰਦੀ ਸੀ। ਕਦੀ ਇੰਝ ਵੇਖਦੀ ਸੀ, ਜਿਵੇਂ ਉਹਨੂੰ ਆਪਣੇ ਅੰਦਰ ਖਿੱਚ ਲਵੇ।'

ਮਾਰੀਆ ਨੇ ਬਾਅਦ 'ਚ ਆਪਣੀਆਂ ਸਹੇਲੀਆਂ ਨਾਲ ਗੱਲ ਕੀਤੀ। ਉਹਨਾਂ ਉਹਦੀ ਧੀ ਦੇ ਕਹੇ ਦੀ ਪ੍ਰੋੜ੍ਹਤਾ ਕੀਤੀ। ਮਾਮਲਾ ਫਸਣ ਫਸਾਣ ਦਾ ਹੀ ਸੀ।

ਜਦੋਂ ਵੀ ਇਹ ਸਾਰੀਆਂ ਸਹੇਲੀਆਂ ਜੁੜ ਬਹਿੰਦੀਆਂ ਤੇ ਜੇ ਲੀਜ਼ਾ ਤੇ ਆਂਦਰੇ ਉਹਨਾਂ ਨਾਲ ਨਾ ਹੁੰਦੇ, ਉਹ ਲੀਜ਼ਾ ਦੇ ਏਸ ਰੁਮਾਂਸ ਦਾ ਥੋੜ੍ਹਾ ਬਹੁਤ ਜ਼ਿਕਰ ਜ਼ਰੂਰ ਕਰਦੀਆਂ।

ਇਕ ਕਹਿੰਦੀ, 'ਲੀਜ਼ਾ ਨੂੰ ਏਡਾ ਖ਼ਤਰਾ ਮੁੱਲ ਨਹੀਂ ਲੈਣਾ ਚਾਹੀਦਾ। ਜੇ ਆਂਦਰੇ ਨੂੰ ਪਤਾ ਲੱਗ ਗਿਆ ਤਾਂ।'

ਦੂਜੀ ਕਹਿੰਦੀ, 'ਆਂਦਰੇ ਨੂੰ ਪਤਾ ਨਹੀਂ ਲੱਗ ਸਕਦਾ। ਉਹ ਤਾਂ ਭੱਜਾ-ਭੱਜਾ ਆਉਂਦੈ, ਇਕ ਅੱਧ ਦਿਨ ਲਈ। ਮਿਲ ਮਿਲਾ ਕੇ ਚਲਾ ਜਾਂਦੈ। ਉਹਨੂੰ ਪਤਾ ਲੱਗੇ ਜੇ ਉਹਨੂੰ ਕੋਈ ਸਾਡੇ 'ਚੋਂ ਦੱਸੇ।'

ਦੱਸਣ ਨੂੰ ਕੋਈ ਵੀ ਤਿਆਰ ਨਹੀਂ ਸੀ। ਆਮ ਰਾਇ ਇਹ ਹੁੰਦੀ ਕਿ ਇਹ ਆਂਦਰੇ ਤੇ ਲੀਜ਼ਾ ਦਾ ਆਪਣਾ ਮਾਮਲਾ ਏ। ਕਿਸੇ ਹੋਰ ਨੂੰ ਟੰਗ ਨਹੀਂ ਅੜਾਣੀ ਚਾਹੀਦੀ। ਕਾਤੀਆ ਏਨਾ ਜ਼ਰੂਰ ਕਹਿੰਦੀ

ਕਿ ਦੱਸਣਾ ਸਾਡਾ ਫ਼ਰਜ਼ ਬਣਦਾ ਏ। ਆਂਦਰੇ ਸਾਡਾ ਵੀ ਦੋਸਤ ਏ। ਜੇ ਕਦੀ ਉਹਨੂੰ ਪਤਾ ਲੱਗ ਗਿਆ ਕਿ ਜੋ ਹੋ ਰਿਹਾ ਸੀ, ਅਸੀਂ ਜਾਣਦੀਆਂ ਸਾਂ, ਉਹ ਕੀ ਸੋਚੇਗਾ।

ਲੀਦਾ ਕਹਿੰਦੀ, 'ਜ਼ਰੂਰ ਇਹ ਸੋਚੇਗਾ ਕਿ ਅਸੀਂ ਸਾਰੀਆਂ ਲੀਜ਼ਾ ਨਾਲ ਰਲੀਆਂ ਹੋਈਆਂ ਸਾਂ। ਉਹ ਸਾਡੇ ਨਾਲ ਫੇਰ ਕਦੀ ਜ਼ੁਬਾਨ ਸਾਂਝੀ ਨਹੀਂ ਕਰੇਗਾ।'

ਅਖ਼ੀਰ ਹਮੇਸ਼ਾ ਇਹੋ ਸਲਾਹ ਬਣਦੀ ਕਿ ਜੋ ਰਿੱਝ ਰਿਹਾ ਏ, ਉਹਨੂੰ ਰਿੱਝਣ ਦਈਏ। ਪਤੀਲੇ ਦਾ ਢੱਕਣ ਉਹੀਓ ਚੁੱਕੇ, ਜਿਨ੍ਹੇ ਰਿੱਝਣਾ ਰੱਖਿਆ ਹੋਵੇ।

0 0 0 0

ਲੀਜ਼ਾ ਦਾ ਸਭ ਨੂੰ ਯਾਦ ਦਿਵਾਉਣਾ ਚੰਗਾ ਰਿਹਾ। ਉਹਦੀਆਂ ਪੰਜੇ ਸਹੇਲੀਆਂ ਤੇ ਉਹਨਾਂ ਦੇ ਪਤੀ ਸੱਜ-ਸਜਾ, ਤੁਹਫ਼ੇ ਲੈ, ਹੋਟਲ ਫੋਰ ਸੀਜ਼ਨਜ਼ ਦੇ ਚਾਈਨੀਜ਼ ਰੂਮ 'ਚ ਪਹੁੰਚੇ ਹੋਏ ਸਨ। ਉਹਨਾਂ ਦਾ ਸੁਆਗਤ ਆਂਦਰੇ ਨੇ ਕੀਤਾ। ਲੀਜ਼ਾ ਅਜੇ ਆਪ ਨਹੀਂ ਸੀ ਪਹੁੰਚੀ।

'ਵਾਲ ਬਣਾਉਣ ਲਈ ਗਈ ਹੋਈ ਏ। ਬੱਸ ਆਈ ਕਿ ਆਈ', ਆਂਦਰੇ ਨੇ ਦੱਸਿਆ।

ਲੀਜ਼ਾ ਦਾ ਮੌਕੇ 'ਤੇ ਨਾ ਹੋਣਾ ਕੋਈ ਏਡੀ ਅਲੋਕਾਰ ਗੱਲ ਨਹੀਂ ਸੀ। ਉਹ ਕਦੀ ਵੀ ਕਿਸੇ ਵੀ ਥਾਂ ਵੇਲੇ ਸਿਰ ਨਹੀਂ ਸੀ ਪਹੁੰਚਦੀ। ਉਹ ਚੱਲਣ ਤੋਂ ਪਹਿਲਾਂ ਉਚੇਚਾ ਤਿਆਰ ਹੁੰਦੀ ਸੀ ਤੇ ਉਸ ਕਰਕੇ ਪਛੜ ਜਾਂਦੀ ਸੀ। ਉਹਦੀ ਤਿਆਰੀ ਬੜੀ ਪੇਚੀਦਾ ਚੀਜ਼ ਸੀ। ਵਕਤ ਲਗਦਾ ਹੀ ਸੀ। ਉਹ ਨਵੀਂ ਤਰ੍ਹਾਂ ਵਾਲ ਬਣਾਂਦੀ ਸੀ। ਨਵੇਂ ਕਪੜੇ ਪਾਂਦੀ ਸੀ। ਉਹਨਾਂ ਨਾਲ ਢੁਕਦੇ ਗਹਿਣੇ, ਸੈਂਡਲ ਤੇ ਘੜੀ ਪਾਂਦੀ ਸੀ। ਨਾਲ-ਜਾਂਦਾ ਬਟਵਾ ਲੱਭਦੀ ਸੀ। ਹੱਥਾਂ ਪੈਰਾਂ ਦੇ ਨਹੁੰ ਰੰਗਦੀ ਸੀ। ਅੱਖਾਂ ਬਣਾਂਦੀ ਸੀ। ਲਿਪਸਟਿਕ ਬਦਲਦੀ ਸੀ। ਹੋਰ ਵੀ ਬੜਾ ਕੁਝ ਕਰਦੀ ਸੀ।

ਅੱਧੇ ਕੁ ਘੰਟੇ ਬਾਅਦ ਲੀਜ਼ਾ ਪਹੁੰਚ ਪਈ, ਇਕ ਨਵੇਂ, ਅੰਗ੍ਰੇਜ਼ ਹੇਅਰ-ਡ੍ਰੈਸਰ ਤੋਂ ਵਾਲ ਬਣਵਾ ਕੇ। ਨਵੀਂ ਤਰ੍ਹਾਂ ਦੇ। ਅੱਗੋਂ, ਅੱਧੇ ਸਿਰ ਤਕ ਸਿੱਧਾ ਚੀਰ ਸੀ। ਉਸ ਪਿੱਛੋਂ ਵਾਲ ਉਪਰ ਉੱਠ ਕੇ ਚੀਨੀ ਪੱਖੇ ਵਾਂਗ ਖੁੱਲ੍ਹ ਜਾਂਦੇ ਸਨ। ਕਈ ਸ਼ੈਲੀਆਂ ਨੂੰ ਮੇਲ ਕੇ ਕੋਈ ਨਵੀਂ ਸ਼ੈਲੀ ਬਣਾਈ ਗਈ ਸੀ। ਲਿਲੇ ਦੇ ਪਤੀ ਨੇ ਸਿਰ ਨੂੰ ਛੂਹ ਕੇ ਵੇਖਿਆ ਤੇ ਕਿਹਾ, 'ਵਾਲ ਅਸਲੀ ਨੇ।'

ਚਾਈਨੀਜ਼ ਰੂਮ 'ਚ ਤਿੰਨ ਮੇਜ਼ ਨਾਲ ਜੋੜ ਕੇ ਇਕੋ ਵੱਡਾ ਮੇਜ਼ ਬਣਾ ਦਿੱਤਾ ਗਿਆ ਸੀ। ਉਹਦੀਆਂ ਵੱਡੀਆਂ ਬਾਹੀਆਂ ਵੱਲ ਦੋ-ਦੋ ਜੋੜੇ ਬੈਠੇ ਸਨ। ਇਕ ਛੋਟੀ ਬਾਹੀ 'ਤੇ ਲੀਜ਼ਾ ਤੇ ਆਂਦਰੇ ਬੈਠੇ ਸਨ ਤੇ ਉਹਦੀ ਸਾਹਮਣੀ ਛੋਟੀ ਬਾਹੀ 'ਤੇ ਮਾਰੀਆ ਤੇ ਉਹਦਾ ਬੁੱਤਕਾਰ ਪਤੀ। ਖੁਲ੍ਹੀ, ਨਿਵੇਕਲੀ, ਚੰਗੀ ਗਠੀ ਹੋਈ ਬੈਠਕ ਬਣੀ ਹੋਈ ਸੀ।

ਆਂਦਰੇ ਬੜਾ ਖੁਸ਼ ਲਗਦਾ ਸੀ। ਮੁੜ-ਘਿੜ ਲੀਜ਼ਾ ਵੱਲ ਵੇਖਦਾ ਸੀ। ਮੁਸਕਰਾਂਦਾ ਸੀ। ਉਹਨੂੰ ਛੂੰਹਦਾ ਸੀ। ਉਹਨੂੰ ਲੀਜ਼ਾ ਕੋਈ ਚਰਜ ਚੀਜ਼ ਲੱਗ ਰਹੀ ਸੀ। ਅਸਮਾਨੋਂ ਉੱਤਰੀ ਕੋਈ ਪਰੀ ਜਾਂ ਹੁਣੇ-ਹੁਣੇ ਸੁੰਦਰਤਾ ਦਾ ਮੁਕਟ ਜਿੱਤ ਕੇ ਆਈ ਕੋਈ ਵਿਸ਼ਵ ਸੁੰਦਰੀ। ਏਨੇ ਨੂੰ ਲੀਜ਼ਾ ਦਾ ਸੈੱਲ ਟੁਣਕ ਪਿਆ। ਲੀਜ਼ਾ ਨੇ ਸ਼ੀਸ਼ੇ ਉੱਤੇ ਉਭਰ ਆਇਆ ਨੰਬਰ ਪੜ੍ਹਿਆ ਤੇ ਫੇਰ ਸੈੱਲ ਦਾ ਸਾਹ ਘੋਪ ਦਿੱਤਾ। ਨੇੜੇ ਹੀ ਬੈਠੀ ਲੀਦਾ ਨੇ ਉਹਦੇ ਵੱਲ ਇੰਝ ਵੇਖਿਆ, ਜਿਵੇਂ ਕਹਿ ਰਹੀ ਹੋਵੇ, ਮੈਨੂੰ ਪਤਾ ਏ, ਕਿਹਦਾ ਫੋਨ ਸੀ ਤੇ ਤੂੰ ਕਿਉਂ ਨਹੀਂ ਸੀ ਸੁਣਿਆ।

ਪਹਿਲਾ ਕੋਰਸ ਪ੍ਰੋਸ ਦਿੱਤਾ ਗਿਆ। ਗਲਾਸ ਵਾਈਨ ਨਾਲ ਭਰ ਦਿੱਤੇ ਗਏ। ਸਾਰੇ ਕੁਝ ਖਾਣ ਤੇ ਕੁਝ ਚੁਸਕਣ ਲੱਗੇ। ਆਪੋ 'ਚ ਗੱਲੀਂ ਲੱਗ ਗਏ। ਓਥੇ ਹੀ, ਜਿੱਥੇ-ਜਿੱਥੇ ਕੋਈ ਬੈਠਾ ਸੀ। ਏਨੇ ਨੂੰ ਦੂਜਾ ਕੋਰਸ ਵੀ ਪ੍ਰੋਸਿਆ ਜਾਣ ਲੱਗ ਪਿਆ। ਬੁੱਤਕਾਰ ਨੂੰ ਇਹ ਚੁੱਪ ਜਿਹੀ ਅੱਖਰੀ। ਮਾਮਲਾ ਫੁਸਫੁਸਾ ਹੋ ਰਿਹਾ ਸੀ। ਉਹ ਬੋਲ ਉਠਿਆ:

'ਦੋਸਤੋ, ਮਜ਼ਾ ਨਹੀਂ ਆ ਰਿਹਾ। ਥੋੜ੍ਹਾ ਬਹੁਤ ਰੌਲਾ ਪੈਣਾ ਚਾਹੀਦੈ। ਜਨਮ-ਦਿਨ ਦੀ ਪਾਰਟੀ ਏ। ਮੇਰੀ ਤਜਵੀਜ਼ ਏ ਕਿ ਲੀਜ਼ਾ ਦੀ ਹਰ ਸਹੇਲੀ ਉਹਦੇ ਲਈ ਇਕ-ਇਕ ਜਾਮ ਪੇਸ਼ ਕਰੇ।'



ਬੁੱਤਕਾਰ ਦਾ ਸੁਭਾਅ ਬੁੱਤਾਂ ਵਾਲਾ ਨਹੀਂ ਸੀ। ਉਹ ਚੁੱਪ ਨਹੀਂ ਸੀ ਰਹਿ ਸਕਦਾ। ਉਹ ਜਿੱਥੇ ਵੀ ਹੁੰਦਾ ਸੀ, ਓਥੋਂ ਦੀ ਵਾਗਡੋਰ ਸੰਭਾਲ ਲੈਂਦਾ ਸੀ ਤੇ ਕਾਰਵਾਈ ਨੂੰ ਸੇਧ ਦੇਣ ਲੱਗ ਪੈਂਦਾ ਸੀ। ਬੁੱਤ ਬਣਾਣ ਤੋਂ ਪਹਿਲਾਂ ਉਹ ਇਕ ਟੀਵੀ ਸ਼ੋਅ ਦਾ ਐਂਕਰ ਹੁੰਦਾ ਸੀ। ਓਦੋਂ ਤੋਂ ਹੀ ਉਹਨੂੰ ਹਰ ਸ਼ੋਅ ਆਪਣੇ ਦੁਆਲੇ ਘੁੰਮਾਣ ਦੀ ਆਦਤ ਪਈ ਹੋਈ ਸੀ। ਅੱਜ ਵੀ ਉਹ ਚਾਹੁੰਦਾ ਸੀ, ਸਾਰੀ ਰੋਸ਼ਨੀ ਲੀਜ਼ਾ ਉੱਤੇ ਹੀ ਨਾ ਪੈਂਦੀ ਰਹੇ। ਕੁਝ ਉਹਦੇ ਹਿੱਸੇ ਵੀ ਆਵੇ।

ਆਂਦਰੇ ਨੇ ਉਹਦੀ ਤਜਵੀਜ਼ ਦੀ ਤਾਈਦ ਕੀਤੀ। ਇਹੋ ਜਿਹੀਆਂ ਪਾਰਟੀਆਂ 'ਚ ਜਾਮ ਤਾਂ ਪੀਤੇ ਹੀ ਜਾਂਦੇ ਹਨ। ਬਹੁਤ ਕੁਝ ਇਹੋ ਜਿਹਾ ਕਿਹਾ ਜਾਂਦਾ ਏ ਜਿਹੜਾ ਮੇਜ਼ਬਾਨਾਂ ਨੂੰ ਚੰਗਾ ਲਗਦਾ ਏ।

ਬੁੱਤਕਾਰ ਨੇ ਸਲਾਹ ਦਿੱਤੀ, ਪ੍ਰੋਗਰਾਮ ਇਕ ਪਾਸਿਉਂ ਸ਼ੁਰੂ ਕੀਤਾ ਜਾਏ। ਸਭ ਤੋਂ ਪਹਿਲਾ ਜਾਮ ਕਾਤੀਆ ਪੇਸ਼ ਕਰੇ ਤੇ ਸਭ ਤੋਂ ਆਖ਼ਰੀ ਲੀਦਾ।

ਕਾਤੀਆ ਲਗਦੀ ਵੀ ਕਾਹਲੀ ਸੀ। ਉਹਨੇ ਬੁੱਤਕਾਰ ਨੂੰ ਗੱਲ ਪੂਰੀ ਵੀ ਨਾ ਕਰਨ ਦਿੱਤੀ। ਫਟਾਫਟ ਖਲੋ ਗਈ। ਪਹਿਲੋਂ ਆਪਣਾ ਗਲਾਸ ਭਰਿਆ ਤੇ ਫੇਰ ਬਾਕੀ ਸਾਰਿਆਂ ਦੇ ਭਰਵਾਏ। ਗਲਾਸ ਉੱਚਾ ਕੀਤਾ। ਬੁਲ੍ਹਾਂ 'ਤੇ ਇਕ ਮੀਸਣੀ ਜਿਹੀ ਮੁਸਕੜੀ ਲਿਆਂਦੀ ਤੇ ਕਹਿਣ ਲੱਗੀ:

'ਲੀਜ਼ਾ, ਏਥੇ ਟਾਪੂ 'ਚ, ਮੇਰੀ ਸਭ ਤੋਂ ਪੁਰਾਣੀ ਸਹੇਲੀ ਏ। ਮੈਂ ਦਾਅਵਾ ਕਰ ਸਕਦੀ ਹਾਂ ਕਿ ਜਿਵੇਂ ਮੈਂ ਲੀਜ਼ਾ ਨੂੰ ਜਾਣਦੀ-ਸਮਝਦੀ ਹਾਂ, ਉਵੇਂ ਉਹਨੂੰ ਉਹਦੀ ਕੋਈ ਹੋਰ ਸਹੇਲੀ ਨਹੀਂ ਜਾਣਦੀ-ਸਮਝਦੀ...।'

ਸਭ ਦੀਆਂ ਨਜ਼ਰਾਂ ਕਾਤੀਆ ਉੱਤੇ ਸਨ। ਉਹਦਾ ਦਾਅਵਾ ਸੁਣ ਸਭ ਨੂੰ ਮਾੜਾ ਜਿਹਾ ਹਾਸਾ ਆਇਆ।

'ਸਾਡੀ ਲੀਜ਼ਾ 'ਚ ਬੜੀਆਂ ਸਿਫ਼ਤਾਂ ਨੇ', ਕਾਤੀਆ ਬੋਲਦੀ ਗਈ, 'ਪਰ ਜਿਸ ਸਿਫ਼ਤ ਦਾ ਜਾਮ ਮੈਂ ਅੱਜ ਪੀਣਾ ਚਾਹੁੰਦੀ ਹਾਂ, ਉਹ ਸਿਫ਼ਤ ਹੈ, ਲੀਜ਼ਾ ਦੀ ਹਿੰਮਤ, ਉਹਦਾ ਹੌਸਲਾ, ਉਹਦੀ ਦਲੇਰੀ। ਨਹੀਂ, ਦੀਦਾ-ਦਲੇਰੀ। ਲੀਜ਼ਾ ਸਮੁੰਦਰ 'ਚ ਓਦੋਂ ਕੁੱਦਦੀ ਏ, ਜਦੋਂ ਉਹ ਗੁੱਸੇ 'ਚ ਹੋਵੇ ਤੇ ਆਪਣੀਆਂ ਛੱਲਾਂ ਕੰਢੇ ਉੱਤੇ ਪਟਕਾ ਰਿਹਾ ਹੋਵੇ। ਉਹ ਕਹਿੰਦੀ ਏ, ਮੈਨੂੰ ਮਜ਼ਾ ਹੀ ਓਦੋਂ ਆਉਂਦੈ। ਲੀਜ਼ਾ ਉਦੋਂ ਟੁਰਦੀ ਹੈ, ਜਦੋਂ ਅੱਗੇ ਹਨੇਰੀ ਝੁੱਲੀ ਹੋਵੇ। ਲੀਜ਼ਾ ਉਹ ਰਾਹ ਚੁਣਦੀ ਏ, ਜਿਦ੍ਹੇ 'ਚ ਟੋਏ-ਟਿੱਬੇ ਹੋਣ। ਕਹਿੰਦੀ ਏ, ਮੈਨੂੰ ਸਾਵੇਂ, ਪੱਧਰੇ ਰਾਹ ਪਸੰਦ ਨਹੀਂ...।'

ਸੁਣਦਿਆਂ-ਸੁਣਦਿਆਂ ਲੀਜ਼ਾ ਦੇ ਮੂੰਹ ਉੱਤੇ ਛਾਂ ਹੋ ਗਈ। ਉਹਨੂੰ ਲੱਗਾ, ਕਾਤੀਆ ਉਹਨੂੰ ਸਲਾਹ ਨਹੀਂ ਸੀ ਰਹੀ, ਭੰਡ ਰਹੀ ਸੀ। ਉਹ ਕਿਸੇ ਵੀ ਵੇਲੇ ਉਸਦਾ ਰਾਜ਼ ਫ਼ਾਸ਼ ਕਰ ਸਕਦੀ ਸੀ। ਕਾਤੀਆ ਨੇ ਵੀ ਸ਼ਾਇਦ ਉਹਦਾ ਇਹ ਡਰ ਭਾਂਪ ਲਿਆ ਤੇ ਉਹਨੇ ਇਕਦਮ ਆਪਣਾ ਕਾਂਟਾ ਬਦਲ ਦਿੱਤਾ। ਕਹਿਣ ਲੱਗੀ:

'...ਲੀਜ਼ਾ ਦੇ ਮੁਕਾਬਲੇ 'ਚ ਮੈਂ ਬੜੀ ਡਰੂ ਹਾਂ। ਸਮੁੰਦਰ 'ਚ ਓਦੋਂ ਵੜਦੀ ਹਾਂ, ਜਦੋਂ ਉਹ ਸ਼ਾਂਤ ਹੋਵੇ। ਘਰੋਂ ਬਾਹਰ ਓਦੋਂ ਨਿਕਲਦੀ ਹਾਂ, ਜਦੋਂ ਹਵਾ ਤੇਜ਼ ਨਾ ਹੋਵੇ। ਰਾਹ ਉਹ ਫੜਦੀ ਹਾਂ, ਜਿਹੜਾ ਸਿੱਧਾ ਤੇ ਸਾਫ਼ ਹੋਵੇ। ਏਡਾ ਇਹਤਿਆਤ ਕਰਨ ਨਾਲ ਮੈਂ ਹੀਣਤਾ ਮਹਿਸੂਸ ਕਰਦੀ ਹਾਂ। ਮੇਰਾ ਵੀ ਜੀਅ ਕਰਦੈ, ਖ਼ਤਰੇ ਮੁੱਲ ਲਵਾਂ। ਆਪਣੇ ਆਪ ਨੂੰ ਜੋਖਮ 'ਚ ਪਾਵਾਂ। ਪਰ ਇੰਝ ਉਹ ਬਹੁਤੀ ਦੇਰ ਨਹੀਂ ਕਰਦਾ। ਮੇਰੇ 'ਤੇ ਡਰ ਹਾਵੀ ਹੋ ਜਾਂਦਾ ਏ। ਮੈਂ ਫੇਰ ਫੂਕ-ਫੂਕ ਕੇ ਪੈਰ ਧਰਨ ਲਗਦੀ ਹਾਂ। ਹੈ ਵੀ ਸੁਭਾਵਕ। ਬੰਦਾ ਜੋ ਹੋਵੇ, ਉਹ ਹੀ ਹੋ ਸਕਦਾ ਏ। ਹਰ ਕੋਈ ਲੀਜ਼ਾ ਨਹੀਂ ਬਣ ਸਕਦਾ। ਸਾਡੀ ਲੀਜ਼ਾ ਨਿਆਰੀ ਏ। ਉਹ ਸਮੇਂ ਤੇ ਘਟਨਾਵਾਂ ਦੀ ਦੰਦੀ 'ਤੇ ਖਲੋਂਦੀ ਏ। ਉਹਨੂੰ ਏਧਰ-ਓਧਰ ਉਲਰ ਪੈਣ ਦੀ ਪਰਵਾਹ ਨਹੀਂ ਹੁੰਦੀ। ਉਹ ਖ਼ਤਰਿਆਂ ਨਾਲ ਅੱਖਾਂ ਮੇਲਦੀ ਏ...। ...ਮੇਰਾ ਜਾਮ ਲੀਜ਼ਾ ਦੀ ਏਸੇ ਹਿੰਮਤ ਤੇ ਦਲੇਰੀ ਦੇ ਨਾਮ।'

ਕਾਤੀਆ ਦਾ ਜਾਮ ਵੀ ਦੰਦੀ 'ਤੇ ਖਲੋਣ ਵਰਗਾ ਸੀ। ਉਹ ਕਿਸੇ ਪਾਸੇ ਵੀ ਉਲਰ ਸਕਦਾ

ਸੀ। ਉਹ ਮੁੱਕਿਆ ਤਾਂ ਸਭ ਨੂੰ ਸਾਹ ਆਇਆ। ਬੜੀ ਵਾਹ-ਵਾਹ ਹੋਈ। ਮੇਜ਼ 'ਤੇ ਹੱਥ ਵੱਜੇ। ਬਰਾਵੋ! ਬਰਾਵੋ! ਦੇ ਨਾਅਰੇ ਲੱਗੇ। ਆਂਦਰੇ ਉੱਠਿਆ ਤੇ ਉਹਨੇ ਲੀਜ਼ਾ ਨੂੰ ਪੋਲੇ ਜਿਹੇ ਚੁੰਮਿਆ। ਮਹਿਫ਼ਲ ਮਘ ਪਈ।

0000

ਅੱਗੋਂ ਫ਼ਰਾਂਸੀਸਣ ਸਹੇਲੀ ਲਿਲੇ ਦੀ ਵਾਰੀ ਸੀ। ਅਜੇ ਗਲਾਸ ਅੱਧੇ ਭਰੇ ਸਨ। ਉਹ ਉੱਠੀ ਤੇ ਆਪਣਾ ਅੱਧ-ਭਰਿਆ ਗਲਾਸ ਚੁੱਕ ਕਹਿਣ ਲੱਗੀ:

'ਜਿਸ ਤਰ੍ਹਾਂ ਦੇ ਖ਼ਤਰਿਆਂ ਵੱਲ ਇਸ਼ਾਰਾ ਕਾਤੀਆ ਨੇ ਕੀਤਾ ਏ, ਉਹੋ ਜਿਹੇ ਖ਼ਤਰੇ ਅਸੀਂ ਫ਼ਰਾਂਸੀਸਣਾਂ ਨਿੱਤ ਸਹੇੜਦੀਆਂ ਰਹਿੰਦੀਆਂ ਹਾਂ...। ਅਸੀਂ ਇਹਨਾਂ ਖ਼ਤਰਿਆਂ ਨੂੰ ਖ਼ਤਰੇ ਨਹੀਂ ਸਮਝਦੀਆਂ...।'

ਲੀਜ਼ਾ ਦੇ ਮੂੰਹ ਦਾ ਪਰਛਾਵਾਂ ਵਾਪਸ ਆ ਗਿਆ। ਪਰ ਲਿਲੇ ਨੇ ਖ਼ਤਰਿਆਂ ਦੀ ਵਿਆਖਿਆ ਨਾ ਕੀਤੀ। ਉਹ ਅੱਗੇ ਬੋਲੀ:

'ਮੈਂ ਲੀਜ਼ਾ ਦੀ ਇਕ ਹੋਰ ਸਿਫ਼ਤ ਦਾ ਜਾਮ ਪੀਣਾ ਚਾਹੁੰਦੀ ਹਾਂ। ਇਕ ਵਾਰੀ ਇਕ ਪਾਰਟੀ ਹੋ ਰਹੀ ਸੀ। ਅੱਧੀ ਦਰਜਨ ਮਰਦ ਸਨ ਤੇ ਔਰਤਾਂ ਸਿਰਫ਼ ਦੋ ਹੀ ਸਾਂ, ਮੈਂ ਤੇ ਲੀਜ਼ਾ। ਕੁਝ ਦੇਰ ਬਾਅਦ ਬੁਰਦੋ-ਬੁਰਦੀ ਪੀਣ ਦਾ ਸਿਲਸਿਲਾ ਸ਼ੁਰੂ ਹੋ ਗਿਆ। ਕਾਫ਼ੀ ਪੀਤੀ ਗਈ। ਅਖ਼ੀਰ ਘਰੋ-ਘਰੀ ਜਾਣ ਦਾ ਸਵਾਲ ਉਠਿਆ। ਹਾਲ ਸਭ ਦਾ ਮਾੜਾ ਸੀ। ਉਸ ਵੇਲੇ ਗੱਡੀ ਚਲਾਣ ਜੋਗਾ ਕੋਈ ਵੀ ਨਹੀਂ ਸੀ। ਪਰ ਸਾਡੀ ਲੀਜ਼ਾ ਤਿਆਰ-ਬਰ-ਤਿਆਰ ਸੀ। ਕਹਿਣ ਲੱਗੀ, ਮੈਂ ਤਾਂ ਚੱਲੀ! ਉਹਨੇ ਮੈਨੂੰ ਨਾਲ ਬਿਠਾਇਆ ਤੇ ਗੱਡੀ ਘੂਕਾਂਦੀ ਮੈਨੂੰ ਮੇਰੇ ਘਰ ਛੱਡ ਗਈ ਤੇ ਫੇਰ ਆਪਣੇ ਘਰ ਨੂੰ ਹੋ ਪਈ। ਮਰਦ ਵਿਚਾਰੇ ਅਜੇ ਓਥੇ ਹੀ ਗੜੁੰਦੇ ਪਏ ਸਨ। ਡਰਾਈਵਰ ਹੋਵੇ ਤਾਂ ਸਾਡੀ ਲੀਜ਼ਾ ਵਰਗਾ। ਹਰ ਹਾਲਤ 'ਚ ਬੰਦੇ ਨੂੰ ਪਾਰ ਲਾਏ। ਮੇਰਾ ਇਹ ਅੱਜ ਦਾ ਜਾਮ ਲੀਜ਼ਾ ਦੀ ਏਸੇ ਪਾਰ-ਲਾਉਣੀ ਖ਼ੂਬੀ ਦੇ ਨਾਮ। ਮੇਰੀ ਕਾਮਨਾ ਏ, ਟਾਪੂ ਦੀ ਹਰ ਔਰਤ ਕਾਰ ਚਲਾਉਣੀ ਲੀਜ਼ਾ ਤੋਂ ਸਿੱਖੇ। ਅੱਖਾਂ 'ਤੇ ਭਾਵੇਂ ਪੱਟੀ ਬੱਝੀ ਹੋਵੇ, ਚੱਲੇ ਸਿੱਧੀ ਤੀਰ ਵਾਂਗ...।'

ਬੜਾ ਹਾਸਾ ਪਿਆ। ਹਰ ਕੋਈ ਜਾਣਦਾ ਸੀ ਕਿ ਜੇ ਲੀਜ਼ਾ ਪੀਣ 'ਤੇ ਆਵੇ ਤਾਂ ਸਭ ਨੂੰ ਮਾਤ ਪਾ ਸਕਦੀ ਸੀ। ਮੇਜ਼ ਥਪਥਪਾਏ ਗਏ। ਲੀਜ਼ਾ-ਜ਼ਿੰਦਾਬਾਦ! ਦੇ ਨਾਅਰੇ ਲੱਗੇ। ਗਲਾਸ ਟਕਰਾਏ ਗਏ। ਆਂਦਰੇ ਨੇ ਲੀਜ਼ਾ ਦਾ ਮੂੰਹ ਚੁੰਮਿਆ। ਚੰਗਾ ਰੌਲਾ ਪਿਆ। ਅਖ਼ੀਰ ਬੁੱਤਕਾਰ ਨੇ ਸਭ ਨੂੰ ਚੁੱਪ ਕਰਾਇਆ ਤੇ ਕਿਹਾ, 'ਸਾਡਾ ਇਹ ਸਿਲਸਿਲਾ ਜਾਰੀ ਰਹੇਗਾ। ਲੀਜ਼ਾ 'ਚ ਖ਼ੂਬੀਆਂ ਬਹੁਤ ਨੇ। ਬਹੁਤ ਜਾਮ ਪੀਤੇ ਜਾ ਸਕਦੇ ਨੇ। ਹੁਣ ਮਿਸ਼ੇਲ ਉਹਦੀ ਹੋਰ ਖ਼ੂਬੀ ਲੱਭੇਗੀ।'

'ਸਾਡੀ ਲੀਜ਼ਾ ਦਾ ਦਿਲ ਬੜਾ ਵੱਡਾ ਏ', ਮਿਸ਼ੇਲ ਨੇ ਸ਼ੁਰੂ ਕੀਤਾ। 'ਬਹੁਤ ਹੀ ਮਹਿਸੂਸ ਕਰਨ ਵਾਲਾ ਦਿਲ ਏ। ਹਰ ਪਲ ਕਿਸੇ ਨਾ ਕਿਸੇ ਲਈ ਤੜਫਦਾ ਰਹਿੰਦੈ। ਜੇ ਕਿਤੇ ਇਕ ਕਤਰਾ ਖ਼ੂਨ ਚਾਹੀਦਾ ਹੋਵੇ, ਉਹ ਪੂਰੀ ਬੋਤਲ ਲੈ ਕੇ ਪਹੁੰਚ ਜਾਂਦੀ ਏ। ਜੇ ਉਹਨੇ ਕਿਸੇ ਨੂੰ ਕੋਈ ਤੋਹਫ਼ਾ ਦੇਣਾ ਹੋਵੇ, ਤਾਂ ਉਹ ਸਭ ਤੋਂ ਵੱਡੀ ਤੇ ਸਭ ਤੋਂ ਮਹਿੰਗੀ ਚੀਜ਼ ਖਰੀਦਦੀ ਏ, ਭਾਵੇਂ ਉਹ ਅੱਗੋਂ ਲੈਣ ਵਾਲੇ ਦੇ ਕੰਮ ਨਾ ਆਵੇ...।'

ਸਾਰੇ ਹੱਸ ਪਏ। ਸਾਰਿਆਂ ਕੋਲ ਹੀ ਲੀਜ਼ਾ ਦਾ ਦਿੱਤਾ ਕੁਝ ਨਾ ਕੁਝ ਹੈ ਸੀ, ਜਿਹਨੂੰ ਉਹ ਨਾ ਰੱਖ ਸਕਦੇ ਸਨ ਤੇ ਨਾ ਸੁੱਟ ਸਕਦੇ ਸਨ।

ਮਿਸ਼ੇਲ ਬੋਲਦੀ ਗਈ, '...ਪਰ ਲੀਜ਼ਾ ਦਾ ਦਿਲ ਤੁਹਫ਼ਿਆਂ ਤਕ ਹੀ ਨਹੀਂ, ਹਰ ਤਰ੍ਹਾਂ ਵੱਡਾ ਏ। ਪਿਛਲੇ ਸਾਲ ਟਾਮ ਬੀਮਾਰ ਹੋਇਆ ਸੀ। ਉਹਨੂੰ ਹਸਪਤਾਲ ਦਾਖ਼ਲ ਕਰਾਣਾ ਪਿਆ। ਮੈਨੂੰ ਓਥੇ ਉਹਦੇ ਨਾਲ ਰਹਿਣਾ ਪਿਆ। ਮੇਰੇ ਬੱਚਿਆਂ ਨੂੰ ਸੰਭਾਲਣ ਵਾਲਾ ਕੋਈ ਨਹੀਂ ਸੀ। ਇਹ ਕੰਮ ਲੀਜ਼ਾ ਨੇ ਕੀਤਾ। ਜੇ ਮੈਂ ਹਸਪਤਾਲ ਹੁੰਦੀ ਤਾਂ ਉਹ ਮੇਰੇ ਘਰ। ਜੇ ਮੈਂ ਘਰ ਹੁੰਦੀ ਤਾਂ ਉਹ ਹਸਪਤਾਲ। ਉਹ ਮੇਰੇ ਬੱਚਿਆਂ ਨੂੰ ਸਕੂਲ



ਪਹੁੰਚਾਂਦੀ ਰਹੀ ਤੇ ਓਥੋਂ ਘਰ ਲਿਆਂਦੀ ਰਹੀ। ਸਾਡੇ ਦੋ ਬੱਚੇ ਸਮਝੋ ਉਹਨੇ ਆਪਣੇ ਪਰਿਵਾਰ 'ਚ ਸ਼ਾਮਲ ਕਰ ਲਏ। ਉਸ ਭੀੜ ਦੇ ਸਮੇਂ ਜੋ ਕੁਝ ਲੀਜ਼ਾ ਨੇ ਮੇਰੇ ਲਈ ਕੀਤਾ, ਮੈਂ ਕਦੀ ਭੁੱਲ ਨਹੀਂ ਸਕਦੀ। ਜੋ ਓਸ ਕੀਤਾ, ਉਹ ਕੋਈ ਆਪਣਾ ਹੀ ਕਰ ਸਕਦਾ ਏ...। ਨਹੀਂ, ਸ਼ਾਇਦ ਆਪਣਾ ਵੀ ਨਹੀਂ ਕਰ ਸਕਦਾ।

'ਲੀਜ਼ਾ ਦੇ ਦਿਲ ਦੀ ਇਕ ਸਿਫ਼ਤ ਹੋਰ ਵੀ ਏ, ਉਹਦੇ 'ਤੇ ਕੁਝ ਲਗਦਾ ਨਹੀਂ। ਉਹ ਬਹੁਤਾ ਕੁਝ ਵੇਖਦਾ ਨਹੀਂ। ਉਹਨੂੰ ਬਹੁਤਾ ਕੁਝ ਪੁਹੰਦਾ ਨਹੀਂ। ਉਹਦੇ 'ਚ ਬੜਾ ਤਰਸ ਏ। ਉਹ ਸਭ ਨੂੰ ਮੁਆਫ਼ ਕਰ ਦੇਂਦੈ। ਉਹ ਮਾੜਾ-ਚੰਗਾ ਨਹੀਂ ਗੌਲਦਾ। ਉਹਦੇ ਤੋਂ ਕਿਸੇ ਨੂੰ ਵੀ ਡਰ ਨਹੀਂ ਲਗਦਾ। ਤੁਹਾਨੂੰ ਸਦਾ ਚੇਤੰਨ ਤੇ ਚੌਕੰਨਾ ਰਹਿਣ ਦੀ ਲੋੜ ਮਹਿਸੂਸ ਨਹੀਂ ਹੋਣ ਦੇਂਦਾ...

'ਮੈਂ ਇਹ ਜਿਹੜਾ ਜਾਮ ਪੀ ਰਹੀ ਹਾਂ, ਉਹ ਹੈ ਲੀਜ਼ਾ ਦੇ ਏਸ ਮਿਹਰ ਵਾਲੇ ਦਿਲ ਦੇ ਨਾਂ। ਮੇਰੀ ਕਾਮਨਾ ਏ, ਉਹਦਾ ਦਿਲ ਸਦਾ ਪਿਆਰ ਤੇ ਤਰਸ ਨਾਲ ਛਲਕਦਾ ਰਹੇ!'

ਇਹ ਖ਼ੂਬੀ ਤਾਂ ਲੀਜ਼ਾ 'ਚ ਹੈ ਹੀ ਸੀ। ਲੋੜ ਪੈਣ 'ਤੇ ਉਹ ਹਰ ਇਕ ਨੂੰ ਬਹੁੜਦੀ ਸੀ। ਜਾਮ 'ਤੇ ਬੜੀਆਂ ਤਾੜੀਆਂ ਵੱਜੀਆਂ। ਗਲਾਸ ਨਾਲ ਗਲਾਸ ਟਕਰਾਏ ਗਏ। ਦੋ-ਚਾਰ ਘੁੱਟ ਪੀਤੇ ਗਏ। ਹਰ ਕਿਸੇ ਜਾ ਕੇ ਲੀਜ਼ਾ ਨੂੰ ਕਲਾਵੇ 'ਚ ਲਿਆ ਤੇ ਚੁੰਮਿਆ। ਚੰਗੀ ਖੱਪ ਪਈ। ਏਨੀ ਕਿ ਦੂਜੇ ਮੇਜ਼ਾਂ 'ਤੇ ਬੈਠੇ ਲੋਕ ਉਹਨਾਂ ਵੱਲ ਵੇਖਣ ਲੱਗ ਪਏ।

ਅਖ਼ੀਰ ਬੁੱਤਕਾਰ ਨੇ ਸਭ ਨੂੰ ਚੁੱਪ ਕਰਾਇਆ ਤੇ ਆਪੋ ਆਪਣੀ ਥਾਂ ਬਿਠਾਇਆ। ਆਪਣੀ ਪਤਨੀ ਮਾਰੀਆ ਨੂੰ ਪੋਲੇ ਜਿਹੇ ਹੁੱਜ ਮਾਰੀ ਤੇ ਕਿਹਾ, 'ਚੱਲ ਹੁਣ ਤੇਰੀ ਵਾਰੀ ਏ।'

ਮਾਰੀਆ ਦਾ ਗਲਾਸ ਖ਼ਾਲੀ ਸੀ। ਉਹਨੇ ਖ਼ਾਲੀ ਗਲਾਸ ਹੀ ਚੁੱਕ ਲਿਆ। ਲੀਜ਼ਾ ਨੇ ਤਾੜਿਆ, 'ਪਹਿਲੋਂ ਗਲਾਸ ਤਾਂ ਭਰ ਲੈ।' ਲਿਲੇ ਨੇ ਬੋਤਲ ਚੁੱਕੀ ਤੇ ਮਾਰੀਆ ਦਾ ਗਲਾਸ ਭਰ ਦਿੱਤਾ ਤੇ ਬਾਕੀ ਦੀ ਬੋਤਲ ਥੋੜ੍ਹੀ-ਥੋੜ੍ਹੀ ਹੋਰਨਾਂ ਗਲਾਸਾਂ 'ਚ ਲੁੱਦ ਦਿੱਤੀ।

ਮਾਰੀਆ ਨੇ ਸ਼ੁਰੂ ਕੀਤਾ, 'ਅਸੀਂ ਟਾਪੂ-ਵਾਸੀ ਬੜੇ ਗਰਮ ਖ਼ੂਨ ਵਾਲੇ ਹਾਂ। ਛੇਤੀ ਹੀ ਭੜਕ ਪੈਂਦੇ ਹਾਂ। ਛੇਤੀ ਹੀ ਲੁੜ੍ਹਕ ਪੈਂਦੇ ਹਾਂ। ਛੇਤੀ ਹੀ ਡੁਲ੍ਹ ਪੈਂਦੇ ਹਾਂ। ਸਾਡਾ ਸੁਭਾਅ ਸਮੁੰਦਰ ਨਾਲ ਮਿਲਦੈ। ਮਿਲੇ ਵੀ ਕਿਉਂ ਨਾ? ਅਸੀਂ ਹਰ ਪਲ ਉਹਦੇ ਨਾਲ ਘਿਰੇ ਰਹਿੰਦੇ ਹਾਂ। ਉਹਦੀ ਹਵਾ ਭਖਦੇ ਹਾਂ। ਉਹਦਾ ਲੂਣ ਚਖਦੇ ਹਾਂ। ਪਰ ਸਾਡੀ ਲੀਜ਼ਾ ਤਾਂ ਸਮੁੰਦਰ ਵਾਲੀ ਨਹੀਂ। ਉਹ ਠੰਢੀਆਂ ਥਾਵਾਂ ਦੀ ਏ। ਬਰਫ਼ਾਂ ਦੀ ਜਾਈ ਏ। ਉਹਨੂੰ ਠਰੇ ਹੋਣਾ ਚਾਹੀਦੈ। ਪਰ ਉਹ ਸਾਡੇ ਨਾਲੋਂ ਵੀ ਗਰਮ ਏ। ਬੜੀ ਨਿੱਘੀ ਏ। ਡੁਲ੍ਹ-ਡੁਲ੍ਹ ਪੈਂਦੀ ਏ। ਛਲਕਦੀ ਰਹਿੰਦੀ ਏ। ਟਾਪੂ 'ਚ ਉਹ ਮੇਰੀ ਸਭ ਤੋਂ ਪਿਆਰੀ ਸਹੇਲੀ ਏ। ਉਹਨੂੰ ਮੈਂ ਕੁਝ ਵਰ੍ਹਿਆਂ ਤੋਂ ਜਾਣਦੀ ਹਾਂ। ਪਰ ਮੈਨੂੰ ਇੰਝ ਲਗਦਾ ਏ, ਜਿਵੇਂ ਮੈਂ ਉਹਨੂੰ ਹਮੇਸ਼ਾਂ ਤੋਂ ਜਾਣਦੀ ਹੋਵਾਂ। ਇੰਝ ਜਿਵੇਂ ਮੈਂ ਸਮੁੰਦਰ 'ਚ ਪਹਿਲੀ ਵਾਰੀ ਉਹਦੇ ਨਾਲ ਹੀ ਵੜੀ ਹੋਵਾਂ। ਉਹਦੇ ਨਾਲ ਕੰਢੇ ਬਹਿ ਰੇਤ ਦੇ ਘਰ ਬਣਾਏ ਹੋਣ। ਉਹਦੇ ਨਾਲ ਇਕੋ ਸਕੂਲ 'ਚ ਪੜ੍ਹੀ ਹੋਵਾਂ। ਅਸਲ 'ਚ ਇੰਝ ਨਹੀਂ ਹੋਇਆ। ਲੱਗਦਾ ਇੰਝ ਏ। ਇਹ ਸਾਰਾ ਕੁਝ ਲੀਜ਼ਾ ਦੇ ਗਰਮ ਖ਼ੂਨ ਦਾ, ਉਹਦੇ ਨਿੱਘ ਦਾ, ਸਦਕਾ ਏ। ਮੇਰਾ ਇਹ ਜਾਮ, ਲੀਜ਼ਾ ਦੇ ਨਿੱਘੇ ਦਿਲ ਦੇ ਨਾਮ...।'

ਫੇਰ ਗਲਾਸ ਟਕਰਾਏ ਗਏ। ਵਾਈਨ ਅੰਦਰ ਸੁੱਟੀ ਗਈ। ਮੇਜ਼ 'ਤੇ ਹੱਥ ਵੱਜੇ। ਬੜੀ ਵਾਹ-ਵਾਹ ਹੋਈ। ਮਾਰੀਆ ਦੇ ਜਾਮ 'ਚ ਦਮ ਬਹੁਤਾ ਨਹੀਂ ਸੀ। ਸ਼ੁਰੂ ਠੀਕ ਕੀਤਾ ਸੀ, ਪਰ ਅੱਗੋਂ ਜਾ ਕੇ ਠੀਕ ਨਹੀਂ ਸੀ ਨਿਭਿਆ। ਫੇਰ ਵੀ ਮਿਸ਼ੇਲ ਦੇ ਜਾਮ ਜਿੰਨਾ ਹੀ ਰੌਲਾ ਪਿਆ। ਵਾਈਨ ਵੀ ਅਸਰ ਕਰ ਰਹੀ ਸੀ। ਹਰ ਕੋਈ ਥੋੜ੍ਹਾ ਬਹੁਤਾ ਮੱਛਰਿਆ ਹੋਇਆ ਸੀ। ਅਖ਼ੀਰ ਬੁੱਤਕਾਰ ਨੂੰ ਆਵਾਜ਼ ਉੱਚੀ ਕਰ ਸਭ ਨੂੰ ਚੁੱਪ ਕਰਾਣਾ ਪਿਆ। ਉਸ ਐਲਾਨ ਕੀਤਾ, 'ਹੁਣ ਮਹਿਮਾਨਾਂ ਵੱਲੋਂ ਆਖ਼ਰੀ ਜਾਮ। ਇਹ ਜਾਮ ਸਾਡੀ ਲੀਦਾ ਪੇਸ਼ ਕਰੇਗੀ। ਆਪਣੇ ਗਲਾਸ ਭਰ ਲਵੋ।'

ਲੀਦਾ ਵੀ ਲੀਜ਼ਾ ਦੀ ਕੋਈ ਖ਼ੂਬੀ ਲੱਭ ਕੇ ਬੈਠੀ ਸੀ। ਉਹਨੇ ਗਲਾਸ ਭਰਿਆ ਤੇ ਕਹਿਣ ਲੱਗੀ:

'ਸਾਡੀ ਲੀਜ਼ਾ ਬੜੀ ਰੀਸ ਆਉਣ ਵਾਲੀ ਚੀਜ਼ ਏ। ਉਹਦੀਆਂ ਬੜੀਆਂ ਗੱਲਾਂ ਨੇ,

ਜਿਹਨਾਂ ਕਰਕੇ ਮੈਨੂੰ ਉਹਦੇ 'ਤੇ ਰਸ਼ਕ ਆਉਂਦਾ ਏ। ਉਹ ਮੇਰੇ ਤੋਂ ਛੋਟੀ ਏ। ਮੇਰੇ ਤੋਂ ਸੋਹਣੀ ਏ। ਕਿਸਮਤ ਵੀ ਉਹਦੀ ਮੇਰੇ ਨਾਲੋਂ ਚੰਗੀ ਏ। ਪਰ ਮੈਨੂੰ ਉਹਦੇ 'ਤੇ ਰਸ਼ਕ ਇਹਨਾਂ ਚੀਜ਼ਾਂ ਕਰਕੇ ਨਹੀਂ ਆਉਂਦਾ। ਮੈਨੂੰ ਰਸ਼ਕ ਆਉਂਦੈ, ਉਹਦੇ ਜਿਊਣ ਦੇ ਚਸਕੇ 'ਤੇ। ਉਹਦੀ ਜਿਊਣ ਦੀ ਲਾਲਸਾ 'ਤੇ। ਲੀਜ਼ਾ ਕਿਸੇ ਦਿਨ ਨੂੰ ਵੀ ਵਾਧੂ ਨਹੀਂ ਸਮਝਦੀ। ਉਹ ਉਹਦਾ ਸੁਆਗਤ ਏਸ ਤਰ੍ਹਾਂ ਕਰਦੀ ਏ, ਜਿਵੇਂ ਉਹ ਸੌ ਤਰਲਿਆਂ ਨਾਲ ਚੜ੍ਹਿਆ ਹੋਵੇ। ਹਰ ਰੋਜ਼ ਉਹ ਆਰਾਮ ਨਾਲ ਸੌਂ ਕੇ ਉੱਠਦੀ ਏ। ਤਿਆਰ ਹੁੰਦੀ ਏ। ਐਵੇਂ ਸਿਰੋਂ ਵਖ਼ਤ ਨਹੀਂ ਲਾਹੁੰਦੀ। ਇੰਝ ਤਿਆਰ ਹੁੰਦੀ ਏ, ਜਿਵੇਂ ਕਿਸੇ ਪਾਰਟੀ 'ਤੇ ਜਾ ਰਹੀ ਹੋਵੇ। ਉਹਦਾ ਵੇਸ, ਉਹਦਾ ਸ਼ਿੰਗਾਰ, ਉਹਦੀ ਕੇਸ-ਸ਼ੈਲੀ, ਉਹਦੇ ਗਹਿਣੇ, ਉਹਦੇ ਬਟਵੇ, ਉਹਦੀਆਂ ਘੜੀਆਂ, ਸਭ ਕੁਝ ਢੁਕਵਾਂ ਹੁੰਦੈ। ਇੰਝ ਉਹ ਦਿਨ 'ਚ ਕਈ ਵਾਰੀ ਕਰ ਸਕਦੀ ਏ। ਜਿੰਨੀ ਵਾਰੀ ਵੀ ਬਾਹਰ ਨਿਕਲੇ, ਓਨੀ ਵਾਰੀ। ਉਹ ਹਰ ਸ਼ਾਮ, ਜਾਂ ਹਰ ਰਾਤ ਜ਼ਰੂਰ ਬਾਹਰ ਜਾਂਦੀ ਏ। ਅੱਧੀ ਰਾਤ ਤਕ ਜਾਗਦੀ ਏ। ਤਸੱਲੀ ਨਾਲ ਸੌਂਦੀ ਏ। ਓਦੋਂ ਤਕ ਉਹਨੇ ਆਪਣੇ ਦਿਨ ਦਾ ਰਸ ਪੂਰਾ ਕੱਢ ਲਿਆ ਹੁੰਦਾ ਏ। ਅਗਲੇ ਦਿਨ ਉੱਠਦੀ ਏ ਤੇ ਫੇਰ ਓਸ ਦਿਨ ਨੂੰ ਨਿਚੋੜਨ ਲਗਦੀ ਏ...

'ਲੀਜ਼ਾ ਦੇ ਮੂੰਹ ਵੱਲ ਵੇਖੋ! ਉਹਦੇ 'ਤੇ ਇਕ ਵੀ ਸ਼ਿਕਨ, ਇਕ ਵੀ ਸਿਲਵਟ, ਇਕ ਵੀ ਝੁਰੜੀ ਨਹੀਂ। ਏਡੀ ਉਮਰ 'ਚ ਹਰ ਕਿਸੇ ਦਾ ਮਾਸ ਢਿਲਕਣ ਲਗਦੈ। ਪਰ ਲੀਜ਼ਾ ਨੇ ਉਹਨੂੰ ਫੜ ਕੇ ਰੱਖਿਆ ਹੋਇਐ। ਉਹਨੂੰ ਉਹ ਢਿਲਕਣ ਨਹੀਂ ਦੇਂਦੀ। ਉਹਦੇ ਕੋਲ ਉਹਦੀ ਬੋਟੋਕਸ ਦੀਆਂ ਸੂਈਆਂ ਵਾਲੀ ਡਾਕਟਰ ਏ। ਉਹ ਉਹਨੂੰ ਉਹਦੇ ਟੀਕੇ ਲਾਂਦੀ ਰਹਿੰਦੀ ਏ। ਏਸੇ ਲਈ ਲੀਜ਼ਾ ਅੱਜ ਵੀ ਪੰਝੀਆਂ ਦੀ ਲਗਦੀ ਏ। ਅਠੱਤੀਆਂ ਦੀ ਨਹੀਂ...

'ਲੀਜ਼ਾ ਨੂੰ ਬੋਟੋਕਸ ਦੀਆਂ ਇਹਨਾਂ ਸੂਈਆਂ ਦੀ ਪੀੜ ਨਹੀਂ ਹੁੰਦੀ। ਉਹਨੂੰ ਉਹਦਾ ਖ਼ਰਚ ਵੀ ਨਹੀਂ ਪੁਹੰਦਾ। ਇਹ ਦੋਹਰੀ ਪੀੜ ਉਹ ਏਸ ਲਈ ਜਰਦੀ ਏ ਕਿ ਉਹਨੂੰ ਜ਼ਿੰਦਗੀ ਮਾਨਣ ਦੀ ਲਿਲ੍ਹ ਏ। ਉਹਨੂੰ ਲਾਲਸਾ ਏ, ਜ਼ਿੰਦਗੀ ਦੇ ਰਸ ਦਾ ਕਤਰਾ-ਕਤਰਾ ਨਿਚੋੜ ਲੈਣ ਦੀ। ਮੇਰੀ ਤਾਂਘ ਏ, ਅਸੀਂ ਸਾਰੇ ਵੀ ਲੀਜ਼ਾ ਵਾਂਗ ਜਿਊਣਾ ਸਿੱਖੀਏ। ਆਪਣੇ ਹਰ ਦਿਨ ਨੂੰ, ਆਪਣੀ ਹਰ ਰਾਤ ਨੂੰ ਪੂਰਾ ਮਾਣ ਕੇ ਵਿਦਾ ਕਰੀਏ।...ਮੇਰਾ ਇਹ ਜਾਮ ਲੀਜ਼ਾ ਦੇ ਜਿਊਣ ਦੇ ਚਸਕੇ ਦੇ ਨਾਮ...।'

ਲੀਦਾ ਉਠੀ ਤੇ ਉਹਨੇ ਆਪਣਾ ਗਲਾਸ ਲੀਜ਼ਾ ਤੇ ਆਂਦਰੇ ਦੇ ਗਲਾਸਾਂ ਨਾਲ ਟਕਰਾਇਆ ਤੇ ਬਾਕੀਆਂ ਨੂੰ ਵਿਖਾ ਕੇ ਮੂੰਹ ਨਾਲ ਲਾ ਲਿਆ।

ਐਤਕੀਂ ਬੜਾ ਰੌਲਾ ਪਿਆ। ਬੜੀ ਵਾਹ-ਵਾਹ ਹੋਈ। ਮੇਜ਼ ਨੂੰ ਬੜੇ ਧੱਫ਼ੇ ਵੱਜੇ। ਤਾੜੀਆਂ ਗੂੰਜੀਆਂ। ਪਹਿਲੋਂ ਸਿਰਫ਼ ਲੀਦਾ ਖਲੋਤੀ ਸੀ, ਹੁਣ ਹਰ ਕੋਈ ਆਪਣੀ ਥਾਂ ਤੋਂ ਉਠਿਆ ਹੋਇਆ ਸੀ। ਰੈਸਤਰਾਂ 'ਚ ਬੈਠੇ ਦੂਜੇ ਲੋਕ ਉਹਨਾਂ ਵੱਲ ਵੇਖ ਰਹੇ ਸਨ।

ਅਖ਼ੀਰ ਬੁੱਤਕਾਰ ਨੇ ਵਾਗ ਫੇਰ ਫੜ ਲਈ। ਸਭ ਨੂੰ ਥਾਂ ਸਿਰ ਬਿਠਾਇਆ ਤੇ ਐਲਾਨ ਕੀਤਾ, 'ਮਰਦਾਂ ਵੱਲੋਂ ਜਾਮ ਸਿਰਫ਼ ਇਕੋ ਹੀ ਪੀਤਾ ਜਾਏਗਾ। ਅੱਜ ਇਹ ਹੱਕ ਆਂਦਰੇ ਨੂੰ ਏ...।'

ਆਂਦਰੇ ਆਪਣਾ ਗਲਾਸ ਭਰਨ ਲੱਗਾ। ਪਰ ਏਸ ਤੋਂ ਪਹਿਲਾਂ ਕਿ ਉਹ ਸ਼ੁਰੂ ਕਰਦਾ, ਲੀਜ਼ਾ ਉੱਠ ਖਲੋਤੀ ਤੇ ਕਹਿਣ ਲੱਗੀ :

'ਹੁਣ ਜਾਮ ਮੈਂ ਪੇਸ਼ ਕਰਾਂਗੀ...।'

ਉਹ ਮਘੀ ਮੱਚੀ ਹੋਈ ਸੀ। ਹੋਰ ਉਡੀਕ ਨਹੀਂ ਸੀ ਸਕਦੀ।

ਉਹਨੇ ਸ਼ੁਰੂ ਕੀਤਾ:

'ਮੈਂ ਆਪਣੀਆਂ ਸਾਰੀਆਂ ਸਹੇਲੀਆਂ ਦਾ ਸ਼ੁਕਰੀਆ ਅਦਾ ਕਰਦੀ ਹਾਂ। ਉਹਨਾਂ ਨੂੰ ਗਲੇ ਲਾਉਂਦੀ ਹਾਂ। ਚੁੰਮਦੀ ਹਾਂ...ਏਥੇ ਅੱਜ ਉਹਨਾਂ ਮੈਨੂੰ ਅਸਮਾਨੇ ਚੜ੍ਹਾ ਦਿੱਤਾ ਏ। ਮੈਨੂੰ ਚੰਨ ਤਾਰਿਆਂ ਦੇ ਗਵਾਂਢ ਪਹੁੰਚਾ ਦਿੱਤਾ ਏ। ਪਰ ਸੱਚੀ ਗੱਲ ਇਹ ਵੇ ਕਿ ਮੈਨੂੰ ਨੇਤੜਾ ਉਹਨਾਂ ਦੀ ਚਾਹੀਦੀ ਏ, ਅਸਮਾਨ ਦੇ ਵਾਸੀਆਂ ਦੀ ਨਹੀਂ। ਮੈਂ ਜੇ ਏਥੇ ਵਸੀ-ਰਸੀ ਹੋਈ ਹਾਂ ਤਾਂ ਉਹਨਾਂ ਕਰਕੇ ਹਾਂ। ਉਹਨਾਂ



ਬਿਨਾਂ ਮੇਰਾ ਏਥੇ ਇਕ ਪਲ ਵੀ ਨਹੀਂ ਲੰਘ ਸਕਦਾ। ਆਂਦਰੇ ਤਾਂ ਕਦੀ-ਕਦੀ ਆਉਂਦਾ ਏ। ਨਾਲ ਤਾਂ ਉਹ ਹੀ ਮੇਰੇ ਹੁੰਦੀਆਂ ਨੇ। ਮੇਰੀ ਉਹਨਾਂ ਨੂੰ ਬੇਨਤੀ ਏ, ਮੇਰਾ ਸਾਥ ਨਾ ਛੱਡਣਾ। ਮੈਨੂੰ ਆਪਣੇ ਨੇੜੇ ਰਹਿਣ ਦੇਣਾ। ਮੇਰਾ ਮਾੜਾ ਚੰਗਾ ਨਾ ਗੌਲਣਾ। ਮੈਨੂੰ ਹਮੇਸ਼ਾ ਆਪਣੀ ਸਮਝਦੇ ਰਹਿਣਾ...

ਲੀਜ਼ਾ ਅਟਕੀ। ਉਹਨੇ ਨਜ਼ਰਾਂ ਸਹੇਲੀਆਂ ਤੋਂ ਚੁੱਕੀਆਂ ਤੇ ਆਂਦਰੇ 'ਤੇ ਜੜ ਦਿੱਤੀਆਂ ਤੇ ਬੋਲੀ:

'ਮੈਂ ਆਪਣੀਆਂ ਸਹੇਲੀਆ ਨੂੰ ਕਹਿਣਾ ਚਾਹੁੰਦੀ ਹਾਂ ਕਿ ਅੱਜ ਜਿਹੜੀਆਂ ਵੀ ਤੁਸੀਂ ਮੇਰੀਆਂ ਖ਼ੂਬੀਆਂ ਗਿਣਵਾਈਆ ਨੇ, ਮੈਂ ਉਹ ਘਰੋਂ ਲੈ ਕੇ ਨਹੀਂ ਸਾਂ ਆਈ। ਉਹ ਸਾਰੀਆਂ ਆਂਦਰੇ ਦੀ ਦੇਣ ਨੇ। ਉਹਨਾਂ ਸਭਨਾਂ ਦਾ ਸੋਮਾ, ਉਹਨਾਂ ਸਭਨਾਂ ਦਾ ਸਰੋਤ, ਆਂਦਰੇ ਏ। ਸੱਚ ਪੁੱਛੋ ਤਾਂ, ਮੈਂ ਰੋਜ਼ ਆਂਦਰੇ ਲਈ ਹੀ ਸਜਦੀ ਹਾਂ। ਉਹ ਮੇਰੇ ਤੋਂ ਦੂਰ ਹੁੰਦਾ ਏ, ਫ਼ਾਸਲੇ ਦੇ ਹਿਸਾਬ ਨਾਲ। ਮੈਨੂੰ ਦੂਰ ਨਹੀਂ ਲਗਦਾ। ਹਰ ਪਲ ਮੈਨੂੰ ਉਹ ਆਪਣੇ ਕੋਲ ਲਗਦੈ। ਸਜ ਕੇ ਮੈਂ ਜਦੋਂ ਸ਼ੀਸ਼ਾ ਵੇਖਦੀ ਹਾਂ, ਉਹਦੇ 'ਚ ਮੈਨੂੰ ਉਹ ਵੀ ਦਿਸਦੈ...'

ਆਂਦਰੇ ਦਾ ਮੂੰਹ ਦਗ ਪਿਆ। ਪਰ ਬਾਕੀ ਸਭਨਾਂ ਦੇ ਮੂੰਹ ਪਰਛਾਂਏ ਗਏ। ਬੁੱਲਾਂ 'ਤੇ ਮਾੜੀ ਜਿਹੀ ਮੁਸਕੜੀ ਆ ਕੇ ਠਹਿਰ ਗਈ।

'ਆਂਦਰੇ ਕਦੀ ਵੀ ਮੇਰੇ ਤੋਂ ਦੂਰ ਨਹੀਂ ਹੁੰਦਾ', ਇਕ ਲੰਮਾ ਸਾਹ ਲੈਂਦਿਆ ਲੀਜ਼ਾ ਨੇ ਜਾਮ ਜਾਰੀ ਰੱਖਿਆ, 'ਮੇਰੇ ਹਰ ਬਟਵੇ 'ਚ ਉਹਦੀ ਫੋਟੋ ਏ। ਮੇਰੇ ਸੈੱਲ 'ਚ ਵੀ ਉਹਦੀ ਫੋਟੋ ਏ। ਜਿਸ ਪਲੰਘ 'ਤੇ ਰਾਤੀਂ ਮੈਂ ਸੌਂਦੀ ਹਾਂ, ਉਹਦੇ ਦੁਪਾਸੀਂ ਮੇਜ਼ਾਂ 'ਤੇ ਉਹਦੀਆਂ ਫੋਟੋ ਨੇ। ਮੈਂ ਉਹਨੂੰ ਵੇਖਦੀ ਰਹਿੰਦੀ ਹਾਂ ਤੇ ਉਹ ਮੈਨੂੰ...'

'ਇਕ ਵੇਲਾ ਸੀ, ਜਦੋਂ ਆਂਦਰੇ ਮੇਰਾ ਬੌਸ ਸੀ...'

ਸਭ ਨੂੰ ਪਤਾ ਸੀ, ਆਂਦਰੇ ਨਾਲ ਵਿਆਹ ਤੋਂ ਪਹਿਲਾ ਲੀਜ਼ਾ ਉਹਦੀ ਕੰਪਨੀ 'ਚ ਨੌਕਰੀ ਕਰਦੀ ਸੀ।

'...ਫੇਰ ਸਾਡੀ ਦੋਸਤੀ ਹੋਈ। ਅਸੀਂ ਇਕੱਠੇ ਰਹਿਣ ਲੱਗ ਪਏ ਤੇ ਏਥੇ ਟਾਪੂ 'ਚ ਆਉਣ ਤੋਂ ਪਹਿਲਾਂ ਸਾਡਾ ਵਿਆਹ ਹੋਇਆ। ਹੁਣ ਮੈਂ ਉਹਦੀ ਪਤਨੀ ਹਾਂ, ਪਰ ਅਜੇ ਵੀ ਮੈਂ ਉਹਨੂੰ ਆਪਣਾ ਬੌਸ ਮੰਨਦੀ ਹਾਂ। ਉਹਦਾ ਦਿੱਤਾ ਹੁਕਮ ਪਾਲਦੀ ਹਾਂ। ਉਹਦੇ ਇਸ਼ਾਰਿਆਂ 'ਤੇ ਚਲਦੀ ਹਾਂ। ਕਿਸੇ ਨੇ ਸਾਡੇ ਵਿਆਹ ਤੋਂ ਬਾਅਦ ਆਪਣੇ ਵੱਲੋਂ ਜਿਵੇਂ ਬੜੀ ਚੁਸਤ ਗੱਲ ਕੀਤੀ। ਕਿਹਾ, ਪਹਿਲਾਂ ਆਂਦਰੇ ਲੀਜ਼ਾ ਦਾ ਬੌਸ ਹੁੰਦਾ ਸੀ, ਹੁਣ ਲੀਜ਼ਾ ਆਂਦਰੇ ਦੀ ਬੌਸ ਹੋਵੇਗੀ। ਮੈਨੂੰ ਇਹ ਸੁਣ ਕੇ ਹਾਸਾ ਆਇਆ। ਮੈਂ ਉਹਨੂੰ ਕਿਹਾ: ਆਂਦਰੇ ਦਾ ਦਰਜਾ ਨਹੀਂ ਬਦਲ ਸਕਦਾ। ਉਹ ਮੇਰਾ ਬੌਸ ਸੀ, ਮੇਰਾ ਬੌਸ ਹੈ ਤੇ ਮੇਰਾ ਬੌਸ ਰਹੇਗਾ। ਮੈਂ ਉਹਦੀ ਮਾਤਹਿਤ ਰਹਿ ਕੇ ਖ਼ੁਸ਼ ਹਾਂ...'

ਸਭਨਾ ਦੇ ਬੁੱਲ੍ਹਾਂ 'ਤੇ ਮਾੜੀ ਜਿਹੀ ਮੁਸਕੜੀ ਅਟਕੀ ਹੋਈ ਸੀ, ਉਹਦੇ 'ਚ ਮਾਸਾ ਕੁ ਵਿਅੰਗ ਵੀ ਰਚ ਗਿਆ। ਲੀਜ਼ਾ ਇਹ ਭਾਂਪ ਨਾ ਸਕੀ। ਉਹ ਵੇਖ ਹੀ ਸਿਰਫ਼ ਆਂਦਰੇ ਵੱਲ ਰਹੀ ਸੀ। ਉਹ ਬੋਲਦੀ ਗਈ:

'...ਮੈਂ ਤੇ ਆਂਦਰੇ ਇਕੋ ਪਰਿਵਾਰ ਹਾਂ। ਇਕੋ ਜਿੰਦ ਹਾਂ। ਸਾਹ ਨਾਲ ਸਾਹ ਲੈਂਦੇ ਹਾਂ। ਇਕ ਦੂਜੇ ਦਾ ਵਸਾਹ ਕਰਦੇ ਹਾਂ। ਸਾਨੂੰ ਕੋਈ ਵੀ ਵੱਖ ਨਹੀਂ ਕਰ ਸਕਦਾ। ਮੇਰਾ ਇਹ ਜਾਮ, ਮੇਰੇ ਬੌਸ, ਮੇਰੇ ਪਤੀ, ਮੇਰੇ ਦੋਸਤ, ਮੇਰੇ ਪ੍ਰੇਮੀ, ਮੇਰੀ ਜਿੰਦ-ਜਾਨ, ਆਂਦਰੇ ਦੇ ਨਾਮ...।'

ਲੀਜ਼ਾ ਨੇ ਗਲਾਸ ਆਂਦਰੇ ਦੇ ਗਲਾਸ ਨਾਲ ਟਕਰਾਇਆ। ਸਿਰਫ਼ ਉਹਦੀ ਹੀ ਆਵਾਜ਼ ਆਈ। ਹੋਰ ਕੁਝ ਨਾ ਸੁਣੀਤਾ। ਪੂਰੀ ਸੁੰਨ ਵਰਤ ਗਈ। ਕੋਈ ਗਲਾਸ ਨਾ ਚੁੱਕਿਆ ਗਿਆ। ਕੋਈ ਤਾੜੀ ਨਾ ਵੱਜੀ। ਕੋਈ ਨਾਅਰਾ ਨਾ ਲੱਗਾ। ਹੋਰ ਤਾਂ ਹੋਰ, ਬੁੱਲ੍ਹਾਂ 'ਤੇ ਅਟਕੀ ਪਈ ਮੁਸਕੜੀ ਵੀ ਅਲੋਪ ਹੋ ਗਈ।

ਆਂਦਰੇ ਮਹਿਮਾਨਾਂ ਵੱਲ ਬਿਟ-ਬਿਟ ਵੇਖਣ ਲੱਗਾ। □□

[C-13, Greater Kailash Enclave I, New Delhi - 110 048]

# ਸੇਵਾ

## ਗੁਰਦਿਆਲ ਦਲਾਲ

ਧਾਨਾਂ ਦੀ ਲੁਆਈ ਖਤਮ ਹੋਣ ਮਗਰੋਂ ਸਮਾਧਾਂ ਦੀ ਤ੍ਰਿਵੈਣੀ ਹੇਠ ਨਿੱਤ ਹੀ ਦੋ ਟਾਇਮ ਤਾਸ਼ ਖੇਡਣ ਲਈ ਢਾਣੀਆਂ ਜੁੜਨ ਲੱਗ ਪਈਆਂ ਸਨ, ਪਹਿਲੀ ਹਾਜ਼ਰੀ ਮਗਰੋਂ ਦੁਪਹਿਰ ਦੀ ਰੋਟੀ ਤਕ ਤੇ ਦੂਜੀ ਤੀਜੇ ਪਹਿਰ ਤੋਂ ਸੂਰਜ ਛਿਪਣ ਤਕ। ਬੁੱਢੇ, ਨੌਜਵਾਨ, ਬੱਚੇ, ਜਿਹੜੇ ਵਿਹਲੇ ਹੁੰਦੇ, ਟਾਇਮ ਪਾਸ ਕਰਨ ਲਈ ਸਮਾਧਾਂ 'ਤੇ ਪੁੱਜ ਜਾਂਦੇ ਤੇ ਤਾਸ਼ ਦੀਆਂ ਬਾਜ਼ੀਆਂ ਲਾਉਂਦੇ ਜਾਂ ਫਿਰ ਦੇਖ ਕੇ ਮਨ ਪ੍ਰਚਾਵਾ ਕਰਦੇ। ਜਿਸ ਦਿਨ ਤੇਰੀ ਮੌਤ ਦੀ ਖਬਰ ਪੁੱਜੀ, ਮੈਂ ਦੁਪਹਿਰ ਦੀ ਰੋਟੀ ਖਾਣ ਮਗਰੋਂ ਦੋ ਘੰਟੇ ਆਰਾਮ ਕਰ ਕੇ ਸਮਾਧਾਂ 'ਤੇ ਗਿਆ ਸਾਂ। ਕਿਉਂਕਿ ਬਾਜ਼ੀ ਸ਼ਰਤ ਵਾਲੀ ਸੀ, ਇਸ ਲਈ ਸੀਪ ਖੇਡਣ ਲਈ ਸਾਡੇ ਵਾਲੀ ਢਾਣੀ ਹੀ ਲੱਗੀ। ਬਾਕੀ ਸਾਰਾ ਲੁੰਗ-ਲਾਣਾ ਦੇਖਣ ਲਈ ਜੁੜ ਗਿਆ। ਜਿਸ ਨੂੰ ਬੈਠਣ ਲਈ ਥਾਂ ਮਿਲੀ ਉਹ ਪੈਰਾਂ ਭਾਰ ਬੈਠ ਗਿਆ, ਬਾਕੀ ਖੜ੍ਹੇ ਰਹੇ। ਇਕ ਪਾਸੇ ਮੈਂ ਤੇ ਫਕੀਰੀਆ ਸਾਂ ਤੇ ਦੂਜਾ ਜੁੱਟ ਦੌਲਤੀ ਅਤੇ ਸ਼ੀਸ਼ੇ ਦਾ ਸੀ। ਸ਼ਰਤ ਲੱਗੀ ਸੀ ਕਿ ਜਿਹੜੀ ਜੋਟੀ ਲਗਾਤਾਰ ਸੀਪ ਦੀਆਂ ਤਿੰਨ ਬਾਜ਼ੀਆਂ ਜਿੱਤੇਗੀ ਉਸ ਨੂੰ ਹਾਰਨ ਵਾਲੇ ਵਿਸਕੀ ਦੀਆਂ ਦੋ ਬੋਤਲਾਂ ਅਤੇ ਇਕ ਮੁਰਗਾ ਦੇਣਗੇ। ਭੀੜ ਵਾਹ-ਵਾਹ ਜੁੜੀ ਹੋਈ ਸੀ। ਦੋ ਬਾਜ਼ੀਆਂ ਅਸੀਂ ਆਸਾਨੀ ਨਾਲ ਆਪਣੇ ਖਾਤੇ ਪਾ ਲਈਆਂ ਪਰ ਤੀਜੀ ਦਾ ਪੇਚਾ ਅੜ ਗਿਆ। ਸ਼ੁਰੂ ਵਿਚ ਹੀ ਮੇਰੀ ਗ਼ਲਤੀ ਕਰਕੇ ਸਾਡੇ 'ਤੇ ਸੀਪ ਪੈ ਗਈ। ਖੇਡਣ ਵਾਲਿਆਂ ਨਾਲੋਂ ਵੇਖਣ ਵਾਲਿਆਂ ਦਾ ਵੱਧ ਜ਼ੋਰ ਲੱਗਾ ਹੋਇਆ ਸੀ ਤੇ ਰੌਲਾ ਪਿੰਡ ਦੀ ਦੂਜੀ ਨੁੱਕਰ ਤਕ ਸੁਣਾਈ ਦੇ ਰਿਹਾ ਸੀ। ਇੰਝ ਲੱਗ ਰਿਹਾ ਸੀ ਜਿਵੇਂ ਭਾਰਤ ਅਤੇ ਪਾਕਿਸਤਾਨ ਦਾ ਮੈਚ ਫਸਿਆ ਹੋਵੇ। ਅਚਾਨਕ ਹੀ ਪਾਸਾ ਫਿਰ ਸਾਡੇ ਹੱਥ ਆ ਗਿਆ ਤੇ ਅਸੀਂ ਤੀਜੀ ਬਾਜ਼ੀ ਵੀ ਮਾਰ ਲਈ। ਮੈਂ ਗੋਡਿਆਂ ਭਾਰ ਹੋ ਕੇ ਸੀਪ ਲਾਈ ਤੇ ਬੜੇ ਜ਼ੋਰ ਨਾਲ ਕਿਹਾ, "ਆਹ ਚੁੱਕ ਉਇ ਦੌਲਤੀ। ਦੇਖ ਉਇ ਮੂੰਹ ਸ਼ੀਸ਼ਿਆ, ਜਾਂਦੇ ਆ ਤੇਰੇ ਧਗੜੇ ਦੇ...।"

ਮੈਂ ਉੱਠ ਖੜ੍ਹਾ ਹੋਇਆ ਤੇ ਢਾਣੀ ਦੁਆਲੇ 'ਕੁੜ-ਕੁੜ' ਕਰ ਕੇ ਇੰਝ ਗੇੜਾ ਦਿੱਤਾ ਜਿਵੇਂ ਢੇਰ ਦੁਆਲੇ ਖੰਭ ਫੈਲਾ ਕੇ ਮੁਰਗਾ ਮੁਰਗੀ ਪਿੱਛੇ ਦੌੜਿਆ ਹੋਵੇ। ਚਾਰੇ ਪਾਸੇ ਸ਼ੋਰ ਮੱਚ ਗਿਆ। ਸਾਡੇ ਹਿਮਾਇਤੀਆਂ ਨੇ ਮੈਨੂੰ ਤੇ ਫ਼ਕੀਰੀਏ ਨੂੰ ਜੱਫੇ ਮਾਰ ਉੱਤੇ ਚੁੱਕ ਲਿਆ। ਬੱਸ, ਉਦੋਂ ਹੀ ਰੰਗ ਵਿਚ ਭੰਗ ਪੈ ਗਈ। ਇਕ ਉੱਚੀ ਚੀਕ ਨੇ ਸਭ ਦੇ ਮੂੰਹ ਬੰਦ ਕਰ ਦਿੱਤੇ। ਰੋਂਦੀ-ਪਿੱਟਦੀ ਤੇਰੀ ਮੰਮੀ ਉੱਥੇ ਪੁੱਜ ਗਈ। ਉਸ ਨੇ ਸਾਡੇ ਲਾਗੇ ਆ ਕੇ ਬਾਹਾਂ ਉੱਤੇ ਚੁੱਕ ਆਪਣੇ ਪੱਟਾਂ 'ਤੇ ਦੁਹੱਥੜ ਮਾਰਿਆ ਤੇ ਚੀਕੀ, "ਆਪਾਂ ਪੱਟੇ ਗਏ ਨੀਰਜ ਦੇ ਡੈਡੀ। ਤਬਾਹ ਹੋ ਗਏ। ਖਾਨਾ ਖਰਾਬ ਹੋ ਗਿਆ ਏ ਸਾਡਾ ਵੇ ਲੋਕੋ! ਪੁੱਤ ਮਰ ਗਿਆ ਵੇ ਸਾਡਾ। ਮੁੜ ਆ ਵੇ ਮੇਰੇ ਹੀਰਿਆ...।"

ਤੇਰੇ ਲੱਛਣਾਂ ਕਰਕੇ ਤੇਰੀ ਮੌਤ ਨੂੰ ਤਾਂ ਮੈਂ ਕਦੋਂ ਦਾ ਉਡੀਕਦਾ ਸਾਂ। ਤੇਰੀਆਂ ਸਭ ਕਰਤੂਤਾਂ ਤੇ ਭੈੜੀਆਂ ਵਾਦੀਆਂ ਇਹਨਾਂ ਲੋਕਾਂ ਨੂੰ ਵੀ ਪਤਾ ਹੀ ਸਨ। ਕਿੰਨੀ ਵਾਰ ਤਾਸ਼ ਖੇਡਦਿਆਂ ਮੈਂ ਇਹ ਵੀ ਕਹਿ ਚੁੱਕਾ ਸਾਂ ਕਿ ਜਿਸ ਦਿਨ ਮੇਰਾ ਇਹ ਦੂਜਾ ਪੁੱਤ ਵੀ ਮਰੇਗਾ, ਮੈਂ ਸਾਰਿਆਂ ਨੂੰ ਵਿਸਕੀ ਪਿਲਾਵਾਂਗਾ। ਹੁਣ ਜੇ ਮੈਂ ਰੋਂਦਾ, ਚੀਕਦਾ ਤਾਂ ਇਹਨਾਂ ਲੋਕਾਂ ਨੇ ਹੀ ਮੇਰਾ ਮਜ਼ਾਕ ਉਡਾਉਣਾ ਸੀ, ਅਖੇ, ਕਹਿਣ ਨੂੰ ਹਰ ਕੋਈ ਅੱਕਿਆ ਬੰਦਾ ਇਹ ਗੱਲ ਕਹਿ ਸਕਦਾ ਏ, ਪਰ ਪੁੱਤ ਦੇ ਮਰਨ ਦੀ ਖੁਸ਼ੀ ਭਲਾ ਕੋਈ ਕਿਵੇਂ ਮਨਾ ਸਕਦਾ ਏ? ਮੈਨੂੰ ਅਹਿਸਾਸ ਹੋਇਆ ਕਿ ਮੈਂ ਤੇਰੇ ਬਾਰੇ ਕਿੰਨੀ ਵਾਹੀਆਤ ਗੱਲ ਸ਼ਰੇਆਮ ਕਹਿੰਦਾ ਰਿਹਾ ਸਾਂ। ਮੈਂ ਸੰਭਲਿਆ, ਮਨ ਕਰੜਾ ਕੀਤਾ ਤੇ ਸਹਿਜ ਦਿਖਣ ਦੀ ਕੋਸ਼ਿਸ਼ ਕੀਤੀ। ਭੁੰਜੇ ਰੱਖੇ ਲਾਈਟਰ ਅਤੇ ਸਿਗਰਟਾਂ ਦੀ ਡੱਬੀ ਚੁੱਕ ਕੇ ਜੇਬ ਵਿਚ ਪਾ ਲਏ। ਥੜ੍ਹੇ ਤੋਂ ਹੇਠ ਡਿੱਗੀ ਪਈ ਧੌੜੀ ਦੀ ਜੁੱਤੀ ਪੈਰਾਂ 'ਚ ਅੜੁੰਗ ਬੋਚ-ਬੋਚ ਕੇ ਪੈਰ ਚੁੱਕਦਾ ਤੇਰੀ ਮੰਮੀ ਕੋਲ ਚਲਾ ਗਿਆ ਤੇ ਉਸ ਨੂੰ ਧੀਰਜ ਦੇਣ ਲਈ ਉਹਦੇ ਮੋਢੇ 'ਤੇ ਹੱਥ ਰੱਖ ਦਿੱਤਾ। ਫਿਰ ਹੌਲੀ-ਹੌਲੀ ਘਰ ਵੱਲ



ਤੋਰ ਲਿਆ ਤੇ ਪੁੱਛਿਆ, "ਕੀਹਦਾ ਫੋਨ ਆਇਆ ਏ? ਮਰਿਆ ਕਿਵੇਂ?"

ਤੇਰੀ ਮੰਮੀ ਰੋਣੋ ਹਟ ਗਈ ਤੇ ਚੁੰਨੀ ਨਾਲ ਅੱਖਾਂ ਪੂੰਝਦੀ ਬੋਲੀ, "ਮਿਨੀ ਦਾ...ਕਹਿੰਦੀ ਕੋਈ ਮਾਰ ਕੇ ਰੇਲਵੇ ਲਾਈਨਾਂ 'ਤੇ ਸੁੱਟ ਗਿਆ।"

ਮੈਂ ਕੋਸ਼ਿਸ਼ ਕੀਤੀ ਕਿ ਕੁਝ ਹੰਝੂ ਮੇਰੇ ਵੀ ਵਹਿ ਜਾਣ, ਪਰ ਮੇਰੀਆਂ ਅੱਖਾਂ ਖੁਸ਼ਕ ਹੀ ਰਹੀਆਂ। ਤਾਸ਼ ਵਾਲੇ ਕੁਝ ਬੰਦੇ 'ਲੋਹੜਾ ਹੋਇਆ, ਲੋਹੜਾ ਹੋਇਆ' ਆਖਦੇ ਸਾਡੇ ਮਗਰ ਘਰ ਨੂੰ ਆ ਗਏ। ਪੰਜ-ਚਾਰ ਔਰਤਾਂ ਵੀ ਆ ਕੇ ਰੋਣ ਲੱਗੀਆਂ। ਤੇਰੀ ਮੰਮੀ ਨੇ ਤੇਰੀ ਮੌਤ ਦਾ ਐਨੀ ਛੇਤੀ ਰੌਲਾ ਪਾ ਦਿੱਤਾ, ਉਸਦੀ ਇਹ ਗੱਲ ਮੈਨੂੰ ਚੰਗੀ ਨਾ ਲੱਗੀ। ਚੁੱਪ ਚਾਪ ਦਿੱਲੀ ਨੂੰ ਨਿਕਲ ਜਾਂਦੇ, ਵਾਪਸ ਆ ਕੇ ਦੱਸ ਦਿੰਦੇ ਤਾਂ ਕੀ ਫਰਕ ਪੈ ਜਾਣਾ ਸੀ। ਪਰ ਤੀਵੀਆਂ ਨੂੰ ਗੱਲ ਕਿਵੇਂ ਪਚੇ?

ਕਿਸੇ ਨੇ ਵਿਹੜੇ ਵਿਚ ਦੋਲੇ ਵਿਛਾ ਦਿੱਤੇ ਤੇ ਮਰਦ ਔਰਤਾਂ ਵੱਖ-ਵੱਖ ਉਹਨਾਂ ਉੱਤੇ ਡਟ ਗਏ ਤੇ ਘੁਸਰ-ਮੁਸਰ ਕਰਨ ਲੱਗੇ। ਉਹ ਤੇਰੀਆਂ ਕਰਤੂਤਾਂ ਦੀਆਂ ਗੱਲਾਂ ਹੀ ਕਰਦੇ ਹੋਣਗੇ। ਮੈਂ ਔਰਤਾਂ ਦੀ ਭੀੜ 'ਚੋਂ ਤੇਰੀ ਮੰਮੀ ਨੂੰ ਅੰਦਰ ਬੁਲਾ ਕੇ ਪੁੱਛਿਆ, "ਕਿਵੇਂ ਕਰਨਾ ਏ ਹੁਣ?"

"ਜਾਣਾ ਪਵੇਗਾ-ਤਿਆਰੀ ਕਰੋ।"

"ਘਰ ਵਿਚ ਤਾਂ ਧੇਲਾ ਨੀ ਹੈਗਾ। ਜਾਵਾਂਗੇ ਕਿਵੇਂ?"

"ਹਜ਼ਾਰ ਰੁਪਏ ਪਏ ਨੇ ਅਲਮਾਰੀ ਵਿਚ। ਤਿੰਨ-ਚਾਰ ਸੌ ਮੇਰੇ ਕੋਲ ਵੀ ਹੈਗੇ। ਖਰਚ-ਵਰਚ ਤਾਂ ਸਹੁਰਿਆਂ ਨੇ ਹੀ ਕਰਨਾ ਏ। ਬਥੇਰੇ ਅਮੀਰ ਨੇ।" ਉਹ ਬੋਲੀ।

"ਅਲਮਾਰੀ ਵਿਚ ਤਾਂ ਹੁਣ ਕੋਈ ਪੈਸਾ ਨਹੀਂ ਹੈਗਾ। ਠੇਕੇ ਵਾਲੇ ਦਾ ਉਧਾਰ ਚੜ੍ਹਿਆ ਹੋਇਆ ਸੀ। ਕੱਲ੍ਹ ਮੈਂ ਗਿਆ ਤਾਂ ਕਹਿੰਦਾ, ਪਹਿਲਾਂ ਪੁਰਾਣਾ ਹਿਸਾਬ ਕਰੋ ਜੀ, ਮੈਂ ਮੁਕਾ ਆਇਆ।"

"ਮਾਰ ਲਏ ਤੁਹਾਡੀ ਸ਼ਰਾਬ ਨੇ...ਗੋਲਡੂ ਦੀ ਮੌਤ ਤੋਂ ਪਹਿਲਾਂ ਤੁਸੀਂ ਦੇਖ ਲਵੋ ਕਦੀ ਮੂੰਹ ਨਹੀਂ ਸੀ ਲਾਉਂਦੇ। ਇਹ ਇੱਲਤ ਪਤਾ ਨਹੀਂ ਕਿੱਥੋਂ ਲਾ ਲਈ। ਕੀ ਮਿਲਦਾ ਏ ਇਹਦੇ 'ਚੋਂ?"

"ਹੁਣ ਤੂੰ ਆਪਣੇ ਪ੍ਰਵਚਨ ਬੰਦ ਕਰ ਤੇ ਜਾਣ ਦਾ ਕੋਈ ਹੀਲਾ ਕਰ।" ਮੈਂ ਕਿਹਾ।

"ਪਹਿਲਾਂ ਆਪਣੇ ਭਰਾ ਨੂੰ ਮੋਹਾਲੀ ਫੋਨ ਕਰ ਲਵੋ। ਦੇਖੀਏ ਕੀ ਕਹਿੰਦੇ ਨੇ?"

ਮੈਂ ਤੇਰੇ ਤਾਏ ਨੂੰ ਫੋਨ ਕੀਤਾ। ਉਹ ਸਾਰਾ ਟੱਬਰ-ਟੀਹਰ ਲਈ ਅੰਬਾਲੇ ਕਿਸੇ ਵਿਆਹ ਵਿਚ ਗਿਆ ਹੋਇਆ ਸੀ।

"ਆਪਣਾ ਨੀਰਜ ਚੜ੍ਹਾਈ ਕਰ ਗਿਆ।" ਮੈਂ ਦੱਸਿਆ।

"ਕੀ ਗੱਲ ਹੋਈ ਸੀ?"

"ਗੱਲ ਦਾ ਤਾਂ ਪਤਾ ਨੀ। ਕਹਿੰਦੇ, ਕੋਈ ਮਾਰ ਕੇ ਰੇਲਵੇ ਲਾਈਨਾਂ 'ਤੇ ਸੁੱਟ ਗਿਐ।"

ਤੇਰਾ ਤਾਇਆ ਕਹਿਣ ਲੱਗਾ ਕਿ ਤੇਰੀਆਂ ਭੈੜੀਆਂ ਆਦਤਾਂ ਕਰ ਕੇ ਹੀ ਇਹ ਭਾਣਾ ਵਰਤਿਆ ਸੀ। ਉਸ ਨੇ ਇਹ ਵੀ ਦੱਸਿਆ ਕਿ ਪਿਛਲੀ ਵਾਰ ਜਦੋਂ ਤੂੰ ਮੋਹਾਲੀ ਉਹਨਾਂ ਕੋਲ ਗਿਆ ਸੀ ਤਾਂ ਸਵੀਟੀ ਦਾ ਮੋਬਾਇਲ ਫੋਨ ਚੋਰੀ ਕਰ ਲਿਆਇਆ ਸੀ। ਉਸ ਨੇ ਕਿਹਾ ਕਿ ਅਸੀਂ ਅੱਜ ਹੀ ਦਿੱਲੀ ਚਲੇ ਜਾਈਏ। ਉਥੋਂ ਮੈਨੂੰ ਫੋਨ ਕਰਿਉ। ਮੈਂ ਦਿੱਲੀ ਲਈ ਚੱਲ ਪਵਾਂਗਾ।

"ਪਰ ਭਰਾਵਾ ਘਰ ਤਾਂ ਕਾਣੀ ਕੌਡੀ ਨੀ ਹੈਗੀ। ਜਾਈਏ ਕਿਵੇਂ?" ਮੈਂ ਕਿਹਾ।

"ਕੌਡੀ ਹੋਈ ਕਦੋਂ ਏ? ਤੁਸੀਂ ਆਪਣੀਆਂ ਆਦਤਾਂ ਕਰ ਕੇ ਦੋਨੋਂ ਮੁੰਡੇ ਹੱਥੋਂ ਗਵਾ ਲਏ। ਅੱਧੀ ਪੈਨਸ਼ਨ ਤੁਸੀਂ ਸ਼ਰਾਬ 'ਤੇ ਬਰਬਾਦ ਕਰ ਦਿੰਦੇ ਹੋ। ਪਤਾ ਨਹੀਂ ਸਾਲਾ ਇਹਦੇ 'ਚੋਂ ਕੀ ਲੱਭਦਾ ਏ। ਹੁਣ ਤੁਸੀਂ ਦਿੱਲੀ ਪਹੁੰਚੋ। ਲੈ ਆਵਾਂਗਾ ਪੈਸੇ ਵੀ ਕੱਲ੍ਹ।" ਉਹ ਬੋਲਿਆ ਤੇ ਫੋਨ ਕੱਟ ਦਿੱਤਾ।

ਤੇਰੀ ਮੰਮੀ ਪੈਸੇ ਉਧਾਰ ਲੈਣ ਲਈ ਅਫਸੋਸ ਕਰਨ ਵਾਲੀਆਂ ਔਰਤਾਂ ਵਿਚੋਂ ਚੰਗਿਆੜਿਆਂ ਦੀ ਅਮਰੋ ਨੂੰ ਉਠਾ ਕੇ ਲੈ ਗਈ ਤੇ ਉਸ ਕੋਲੋਂ ਪੰਦਰਾਂ ਸੌ ਰੁਪਏ ਫੜ ਲਿਆਈ। ਬਣੀ ਦੀ ਗੱਲ ਏ। ਤੈਨੂੰ ਦੇ ਦਿੰਦਾ ਕੋਈ? ਅਸੀਂ ਪਿੰਡ ਵਿਚ ਆਪਣੀ ਪੜਤ ਬਣਾ ਕੇ ਰੱਖੀ ਹੋਈ ਏ। ਜਦੋਂ ਵੀ ਉਧਾਰ ਫੜੀਦਾ

ਏ, ਪੈਨਸ਼ਨ ਮਿਲਦੀ ਸਾਰ ਫੱਟ ਮੋੜੀਦਾ ਏ। ਜ਼ਿੰਦਗੀ ਦੇ ਅਸੂਲ ਚਾਹੀਦੇ ਨੇ ਬੰਦੇ ਦੇ। ਤੂੰ ਤਾਂ ਬੇਅਸੂਲਾ ਬੰਦਾ ਸੀ, ਸਭ ਦੇ ਦਿਲੋਂ ਲਹਿ ਗਿਆ। ਮੇਰੇ ਪੈਰਾਂ ਹੇਠ ਹੱਥ ਰੱਖਦੇ ਨੇ ਅਗਲੇ। ਯਾਦ ਏ ਜਦੋਂ ਇਕ ਵਾਰੀ ਰਾਤ ਨੂੰ ਲੰਬੜਾਂ ਦੇ ਕੇਹਰੂ ਨਾਲ ਸ਼ਰਾਬ ਕੱਢਦਿਆਂ ਮੋਟਰ ਤੋਂ ਈ ਤੈਨੂੰ ਪੁਲਸ ਫੜ ਕੇ ਲੈ ਗਈ ਸੀ ਤਾਂ ਜੋਰੇ ਸਰਪੰਚ ਨੇ ਮੇਰੇ ਮੂੰਹ ਨੂੰ ਹੀ ਤੇਰੇ 'ਤੇ ਕੇਸ ਨਹੀਂ ਸੀ ਪੈਣ ਦਿੱਤਾ। ਉਸ ਨੇ ਪੰਜ ਹਜ਼ਾਰ ਪੱਲਿਉਂ ਦੇ ਕੇ ਨਿਪਟਾਰਾ ਕੀਤਾ ਸੀ, ਮਗਰੋਂ ਮੈਂ ਪੈਸੇ ਦੇਣ ਲਈ ਕਿਹਾ ਤਾਂ ਉਸ ਨੇ ਸਿਰ ਹੀ ਫੇਰ ਦਿੱਤਾ ਸੀ, ਅਖੇ, ਜਿਹਾ ਤੇਰਾ ਮੁੰਡਾ ਤੇਹਾ ਮੇਰਾ। ਅੱਗੇ ਤੋਂ ਸਮਝਾ ਲੈ। ਤੈਨੂੰ ਸਭ ਨੇ ਸਮਝਾਇਆ ਕਿ ਬੰਦਾ ਬਣ ਜਾ। ਚੋਰੀਆਂ ਤੂੰ ਨੀ ਛੱਡੀਆਂ। ਨਸ਼ੇ ਤੂੰ ਨੀ ਛੱਡੇ। ਤੇਰੀਆਂ ਅੱਖਾਂ ਸਾਹਮਣੇ ਤੇਰਾ ਭਰਾ ਗੋਲਡੂ ਗਲ਼ ਗਲ਼ ਕੇ ਮਰਿਆ। ਟੀਕਿਆਂ ਨਾਲ ਉਹਦਾ ਸਰੀਰ ਛਾਲਣੀ ਬਣ ਗਿਆ ਸੀ, ਫੇਰ ਵੀ ਤੇਰੀਆਂ ਅੱਖਾਂ ਨਾ ਖੁੱਲ੍ਹੀਆਂ। ਜੇ ਤੈਨੂੰ ਆਈ. ਟੀ. ਆਈ. 'ਚ ਪੜ੍ਹਨ ਪਾਇਆ ਤਾਂ ਸਾਲੇ ਸਾਨੂੰ ਇਹ ਦਿਨ ਦੇਖਣੇ ਪਏ। ਪਤਾ ਨਹੀਂ ਤੂੰ ਕਿਹੜੇ ਗੈਂਗ ਦੇ ਧੱਕੇ ਚੜ੍ਹ ਗਿਆ। ਤੂੰ ਮੁੰਡਿਆਂ ਨੂੰ ਟੀਕੇ, ਨਸ਼ੇ ਦੇ ਕੈਪਸੂਲ ਸਪਲਾਈ ਕਰਨ ਦਾ ਧੰਦਾ ਕਰਨ ਲੱਗਾ। ਪਾਪੀਆ, ਆਪਣੇ ਭਰਾ ਨੂੰ ਹੀ ਬਖਸ਼ ਦਿੰਦਾ। ਉਹ ਤਾਂ ਉਦੋਂ ਦਸਵੀਂ 'ਚ ਪੜ੍ਹਦਾ ਸੀ। ਤੂੰ ਉਸ ਨੂੰ ਅਜਿਹੀ ਗਾਰ ਵਿਚ ਡੇਗਿਆ ਕਿ ਮੁੜ ਕੇ ਵਿਚਾਰਾ ਨਿਕਲ ਹੀ ਨਾ ਸਕਿਆ।

ਵਿਹੜੇ ਵਿਚ ਜੁੜੀ ਭੀੜ ਨੂੰ ਇਹ ਕਹਿ ਕੇ ਤੋਰ ਦਿੱਤਾ ਕਿ ਅਸੀਂ ਦਿੱਲੀ ਜਾ ਰਹੇ ਹਾਂ। ਤੇਰੀ ਮੰਮੀ ਤਿਆਰ ਹੋਣ ਲੱਗੀ ਤਾਂ ਉਹਦੇ ਸਿਰ ਵਿਚ ਬਣਿਆ ਚਿੱਟੇ ਵਾਲਾਂ ਦਾ ਫੁੱਲ ਮੈਨੂੰ ਬੜਾ ਭੈੜਾ ਲੱਗਾ। ਇੰਝ ਦਿੱਲੀ ਵਰਗੇ ਸ਼ਹਿਰ ਤੇ ਕੁੜਮਾਂ ਦੇ ਕੋਲ ਡੱਬ-ਖੜੱਬੇ ਬਣਕੇ ਜਾਣਾ ਕਿੰਨਾ ਬੁਰਾ ਲੱਗਣਾ ਸੀ। ਤੈਨੂੰ ਯਾਦ ਹੋਵੇਗਾ ਗੋਲਡੂ ਦੀ ਮੌਤ ਤੋਂ ਤੁਰੰਤ ਮਗਰੋਂ ਤੇਰੀ ਮੰਮੀ ਦਾ ਸਿਰ ਚਿੱਟਾ ਹੋਣਾ ਸ਼ੁਰੂ ਹੋ ਗਿਆ ਸੀ। ਮੈਂ ਕਿਹਾ, "ਅੰਦਰ ਜਾ ਕੇ ਵਾਲਾਂ ਨੂੰ ਜ਼ਰਾ ਡਾਈ ਕਰ ਲੈ।"

"ਛੱਡੋ ਤੁਸੀਂ...ਦੁੱਖ ਸਮੇਂ ਜਾਣਾ ਹੈ। ਕੋਈ ਫਰਕ ਨਹੀਂ ਪੈਂਦਾ...ਲੇਟ ਵੀ ਹੋ ਜਾਵਾਂਗੇ।"

"ਐਨੀ ਕਾਹਲ ਕੋਈ ਨਹੀਂ। ਆਰਾਮ ਨਾਲ ਚੱਲਾਂਗੇ। ਗੱਡੀ ਤਾਂ ਖੰਨੇ ਤੋਂ ਸ਼ਾਮ ਨੂੰ ਹੀ ਮਿਲਣੀ ਏ।" ਮੇਰੀ ਗੱਲ ਮੰਨ ਕੇ ਉਹ ਬਾਥਰੂਮ ਵਿਚ ਜਾ ਵੜੀ।

ਉਦੋਂ ਵੀ ਅਸੀਂ ਦਿੱਲੀ ਸ਼ਾਮ ਦੀ ਗੱਡੀ ਹੀ ਗਏ ਸਾਂ। ਉਹ ਦਿਨ ਨਹੀਂ ਭੁੱਲਣਾ ਕਦੀ ਵੀ। ਤੇਰੀ ਮੰਮੀ ਨੇ ਰੋ-ਰੋ ਕੇ ਬੁਰਾ ਹਾਲ ਕਰ ਲਿਆ ਸੀ। ਉਸ ਨੂੰ ਦੋ ਵਾਰੀ ਦੰਦਲ ਪੈ ਗਈ ਸੀ। ਤੇਰੀ ਘਰ ਵਾਲੀ ਮਿੰਨੀ ਦਾ ਫੋਨ ਆਇਆ ਸੀ ਕਿ ਤੂੰ ਦਿੱਲੀ ਹਾਤੇ ਵਿਚ ਕਿਸੇ ਬੰਦੇ ਨੂੰ ਛੁਰਾ ਮਾਰ ਕੇ ਮਾਰ ਦਿੱਤਾ ਸੀ ਤੇ ਪੁਲਸ ਤੈਨੂੰ ਫੜ ਕੇ ਕਿਸੇ ਗੁਪਤ ਥਾਂ 'ਤੇ ਲਈ ਬੈਠੀ ਸੀ। ਕੋਈ ਵਿਚੋਲਾ ਉਸ ਕੋਲ ਆਇਆ ਸੀ। ਉਹ ਬਾਹਰੋ-ਬਾਹਰ ਤੇਰੇ 'ਤੇ ਕੇਸ ਪਾਏ ਬਿਨਾਂ ਮਾਮਲਾ ਰਫਾ-ਦਫਾ ਕਰਨ ਦੇ ਲੱਖ ਰੁਪਏ ਮੰਗ ਰਹੇ ਸਨ। ਪੈਸੇ ਨਾ ਦੇਣ ਕਰਕੇ ਜੇ ਕੇਸ ਦਰਜ ਹੋ ਜਾਂਦਾ ਤਾਂ ਚਾਹੇ ਤੈਨੂੰ ਉਮਰ ਕੈਦ ਹੋ ਜਾਂਦੀ ਚਾਹੇ ਫਾਂਸੀ ਲੱਗ ਜਾਂਦੀ। ਤੇਰਾ ਸਹੁਰਾ ਤਾਂ ਕੌਡੀ ਵੀ ਦੇਣ ਲਈ ਤਿਆਰ ਨਹੀਂ ਸੀ। ਤੇਰੇ ਸਾਲਿਆਂ ਨੇ ਹੀ ਉਸ ਨੂੰ ਰੋਕ ਦਿੱਤਾ ਸੀ। ਉਹਨਾਂ ਨੇ ਤਾਂ ਰੋਕਣਾ ਹੀ ਸੀ, ਜਿਹਨਾਂ ਦੀ ਇੱਜ਼ਤ ਤੂੰ ਮਿੱਟੀ ਵਿਚ ਮਿਲਾ ਦਿੱਤੀ ਸੀ। ਮਾਂ-ਬਾਪ ਤੋਂ ਵਿਰਵੀ ਅਤੇ ਰੋ-ਰੋ ਕੇ ਬੇਹਾਲ ਹੋਈ ਮਿੰਨੀ ਤੋਂ ਫੋਨ 'ਤੇ ਬੋਲਿਆ ਵੀ ਨਹੀਂ ਸੀ ਜਾ ਰਿਹਾ। ਅਸੀਂ ਮੰਗਤਿਆਂ ਵਾਂਗ ਰਿਸ਼ਤੇਦਾਰਾਂ, ਸਾਕ-ਸੰਬੰਧੀਆਂ ਤੇ ਦੋਸਤਾਂ-ਮਿੱਤਰਾਂ ਕੋਲ ਘੁੰਮ ਕੇ ਤੇ ਤੇਰੀ ਮੰਮੀ ਦੇ ਸਾਰੇ ਗਹਿਣੇ ਵੇਚ ਕੇ ਲੱਖ ਰੁਪਏ ਇਕੱਠੇ ਕੀਤੇ ਸਨ ਤੇ ਤੈਨੂੰ ਛੁਡਾਇਆ ਸੀ। ਉਦੋਂ ਤੇਰੇ ਵਿਆਹ ਹੋਏ ਨੂੰ ਕੇਵਲ ਤਿੰਨ ਮਹੀਨੇ ਹੀ ਹੋਏ ਸਨ। ਵਿਆਹ ਵੀ ਤੇਰਾ ਕਾਹਦਾ ਹੋਇਆ ਸੀ। ਦਿੱਲੀ ਜਾਣ ਤੋਂ ਪਹਿਲਾਂ ਤੂੰ ਅਮਲੋਹ ਰੋਡ 'ਤੇ ਖੋਹ ਦੇ ਮਾਮਲੇ ਵਿਚ ਡੇਢ ਸਾਲ ਦੀ ਜੇਲ੍ਹ ਕੱਟ ਕੇ ਘਰ ਮੁੜਿਆ ਸੀ। ਨਸਰਾਲੀ ਵਾਲੇ ਤੇਰੇ ਮਾਸੜ ਨੇ ਤੇਰੀ ਬਾਂਹ ਫੜੀ ਸੀ। ਉਹ ਤੇਰੀਆਂ ਆਦਤਾਂ ਸੁਧਾਰਨ ਦੇ ਇਰਾਦੇ ਨਾਲ ਤੈਨੂੰ ਆਪਣੇ ਨਾਲ ਹੀ ਦਿੱਲੀ ਲੈ ਗਿਆ ਸੀ। ਉਸ ਨੇ ਆਪਣੀ ਗੱਤੇ ਦੀ ਫੈਕਟਰੀ ਵਿਚ ਤੈਨੂੰ ਨੌਕਰੀ ਦੇ ਕੇ ਆਪਣੇ ਘਰ ਹੀ ਰੱਖ ਲਿਆ ਸੀ। ਖਾਣ-ਪੀਣ ਵੀ ਸਭ ਉਸੇ ਦੇ ਘਰ। ਤੈਥੋਂ ਬੇਈਮਾਨ ਬੰਦੇ ਤੋਂ ਖਾ ਨਾ ਹੋਇਆ। ਉਸ ਨੇ ਤੇਰੇ 'ਤੇ ਵਿਸ਼ਵਾਸ ਕੀਤਾ ਪਰ ਤੂੰ ਉਸੇ



ਦੀ ਥਾਲੀ ਵਿਚ ਛੇਕ ਕੀਤਾ। ਪੰਜਾਹ ਹਜ਼ਾਰ ਰੁਪਏ ਬੈਂਕ ਵਿਚ ਜਮ੍ਹਾ ਕਰਵਾਉਣ ਗਿਆ ਮੁੜ ਕੇ ਪਰਤਿਆ ਹੀ ਨਾ। ਤੂੰ ਜਿਹੜੀ ਠੱਗੀ ਵਿਚਾਰੀ ਮਿੰਨੀ ਨਾਲ ਮਾਰੀ ਉਹ ਜੱਗੋਂ ਤੇਰ੍ਹਵੀਂ ਸੀ। ਪੈਸੇ ਹੱਥ ਲੱਗੇ ਤਾਂ ਤੂੰ ਨਿੱਤ ਬਣ-ਫਬ ਕੇ, ਟਾਈਆਂ ਲਾ ਕੇ ਸੈਂਟ ਛਿੜਕ ਕੇ ਐੱਮ. ਸੀ. ਏ. ਕਰ ਰਹੀ ਮਿੰਨੀ ਦੇ ਮਗਰ ਘੁੰਮਣ ਲੱਗ ਪਿਆ। ਤੂੰ ਉਸ ਨੂੰ ਦੱਸਿਆ ਕਿ ਤੂੰ ਸੀ. ਏ. ਕੀਤੀ ਹੋਈ ਏ ਤੇ ਪੰਜਾਬ ਦੇ ਲੋਕ ਨਿਰਮਾਣ ਵਿਭਾਗ ਵਿਚ ਨੌਕਰੀ ਕਰਦਾ ਏਂ। ਤੇਰੇ ਸਾਰੇ ਰਿਸ਼ਤੇਦਾਰ ਪੰਜਾਬ ਸਰਕਾਰ ਵਿਚ ਉੱਚ ਅਹੁਦਿਆਂ 'ਤੇ ਲੱਗੇ ਹੋਏ ਹਨ। ਘਰ ਵਾਲੇ ਦਾਜ ਦੇ ਲਭ ਕਰਕੇ ਤੇਰਾ ਰਿਸ਼ਤਾ ਇਕ ਕਰੋੜਪਤੀ ਪਰਿਵਾਰ ਵਿਚ ਕਰਨਾ ਚਾਹੁੰਦੇ ਹਨ, ਪਰ ਤੈਨੂੰ ਲੜਕੀ ਪਸੰਦ ਨਹੀਂ। ਤੂੰ ਕੁਝ ਦਿਨਾਂ ਦੀ ਛੁੱਟੀ ਲੈ ਕੇ ਦਿੱਲੀ ਆਪਣੇ ਮਾਸੜ ਕੋਲ ਆਇਆ ਹੋਇਆ ਹੈਂ। ਉਹ ਵਿਚਾਰੀ ਤੇਰੇ ਜਾਲ ਵਿਚ ਐਸੀ ਫਸੀ ਕਿ ਫਟਕ ਵੀ ਨਾ ਸਕੀ। ਤੂੰ ਛੇਤੀ ਵਿਆਹ ਦੀ ਮੰਗ ਰੱਖੀ ਪਰ ਉਸ ਦੇ ਮਾਪੇ ਰਜ਼ਾਮੰਦ ਨਾ ਹੋਏ। ਉਸ ਨੇ ਆਪਹੁਦਰੀ ਹੋ ਕੇ ਤੇਰੇ ਨਾਲ ਕੋਰਟ ਮੈਰਿਜ ਕਰਵਾ ਲਈ। ਤੂੰ ਉਸ ਨੂੰ ਪਿੰਡ ਲੈ ਆਇਆ। ਤੇਰੀ ਅਸਲੀਅਤ ਨੰਗੀ ਹੋਈ ਤਾਂ ਉਹ ਮੱਥੇ 'ਤੇ ਹੱਥ ਮਾਰ ਕੇ ਰਹਿ ਗਈ। ਉਹ ਖੂਬ ਰੋਈ, ਖੂਬ ਤੜਫੀ। ਤੂੰ ਸਾਡੇ 'ਤੇ ਇਕ ਕਲੰਕ ਲਾ ਦਿੱਤਾ। ਤੂੰ ਉਸ ਚੰਗੇ ਖਾਨਦਾਨ ਵਾਲੇ ਬੈਂਕ ਮੈਨੇਜਰ ਲੱਗੇ ਮਿੰਨੀ ਦੇ ਪਿਉ ਦਾ ਵੀ ਨੱਕ ਵੱਢ ਕੇ ਰੱਖ ਦਿੱਤਾ ਸੀ। ਫਿਰ ਵੀ ਉਹ ਭਲਾਪੁਰਸ਼ ਧੀ ਦਾ ਦੁੱਖ ਸਹਾਰ ਨਾ ਸਕਿਆ। ਉਸ ਨੇ ਤੁਹਾਨੂੰ ਮਕਾਨ, ਫਰਨੀਚਰ, ਗਹਿਣੇ-ਗੱਟੇ ਤੇ ਕੱਪੜੇ ਸਭ ਕੁਝ ਦਿੱਤਾ, ਫਿਰ ਵੀ ਤੂੰ ਉਸ ਦੀ ਕਦਰ ਨਾ ਪਾਈ। ਉਸ ਦੇ ਘਰ ਜਾ ਕੇ ਕਲੇਸ਼ ਕਰਨ ਲੱਗਾ। ਦਫ਼ਤਰ ਵਿਚ ਜਾ ਕੇ ਪੈਸੇ ਮੰਗਣ ਲੱਗਾ। ਤੂੰ ਆਪਣੇ ਸਾਲਿਆਂ ਤੋਂ ਕਿੰਨੀ ਵਾਰ ਕੁੱਟ ਵੀ ਖਾਧੀ। ਲੱਖ ਲਾਹਣਤ ਏ ਤੈਨੂੰ।

ਲੱਖ ਰੁਪਏ ਤਾਂ ਅਸੀਂ ਪੁਲਸ ਨੂੰ ਦੇ ਆਏ, ਪਰ ਬਾਅਦ ਵਿਚ ਤੇਰੇ ਸਹੁਰੇ ਤੋਂ ਹੀ ਪਤਾ ਲੱਗਾ ਕਿ ਇਹ ਸਭ ਝੂਠ ਸੀ, ਤੇਰੇ ਕੋਲੋਂ ਕੋਈ ਕਤਲ ਨਹੀਂ ਸੀ ਹੋਇਆ। ਪੁਲਸ ਵਾਲੇ ਵੀ ਜਾਅਲੀ ਸਨ। ਤੂੰ ਸਾਨੂੰ ਲੱਖ ਰੁਪਏ ਦੀ ਲੁੱਪੀ ਲਾ ਦਿੱਤੀ ਸੀ।

ਮੈਂ ਸ਼ੇਵ ਕਰਨ ਲਈ ਵਾਸ਼ਵੇਸਨ ਦੇ ਸ਼ੀਸ਼ੇ ਮੂਹਰੇ ਖੜ੍ਹਿਆ ਤਾਂ ਮੈਨੂੰ ਆਪਣਾ ਚਿਹਰਾ ਤੇਰੇ ਵਰਗਾ ਹੀ ਲੱਗਿਆ। ਬਾਹਰੋਂ ਤਾਂ ਤੇਰਾ ਮੁੜੰਗਾ ਮੇਰੇ ਵਰਗਾ ਹੀ ਸੀ, ਪਰ ਅੰਦਰੋਂ ਪਤਾ ਨਹੀਂ ਤੈਨੂੰ ਕੀ ਹੋ ਗਿਆ ਸੀ। ਤੇਰੀ ਮੰਮੀ ਇਸ ਨੂੰ ਦੇਣ-ਲੈਣ ਦੇ ਸੰਬੰਧ ਆਖਦੀ। ਮੈਂ ਆਪਣੇ ਵਾਲ ਦੋ ਕੁ ਦਿਨ ਪਹਿਲਾਂ ਹੀ ਰੰਗੇ ਸਨ, ਮੁੱਛਾਂ ਪਤਾ ਨਹੀਂ ਕਿਵੇਂ ਰਹਿ ਗਈਆਂ। ਸ਼ੇਵ ਕਰਨ ਮਗਰੋਂ ਮੈ ਮੁੱਛਾਂ ਡਾਈ ਕੀਤੀਆਂ ਤੇ ਪਲੱਗ ਲਾਗੇ ਮੇਜ਼ ਖਿੱਚ ਕੇ ਕੱਪੜੇ ਪ੍ਰੈੱਸ ਕਰਨ ਲੱਗਾ। ਆਪਣਾ ਤੇ ਤੇਰੀ ਮੰਮੀ ਦਾ ਇਕ-ਇਕ ਵਾਧੂ ਸੂਟ ਪ੍ਰੈੱਸ ਕਰ ਕੇ ਵੱਡੇ ਬੈਗ ਵਿਚ ਪਾ ਲਏ। ਕੀ ਪਤਾ ਕਿੰਨੀ ਦੇਰ ਰੁਕਣਾ ਪੈ ਜਾਵੇ। ਰਾਤੀਂ ਕੰਡਕਟਰ ਹਰੀ ਸਿੰਘ ਰੁਐਲ ਸਟੈਗ ਦੀ ਬੋਤਲ ਪੰਜਾਬ ਨਾਲੋਂ ਸੱਠ ਰੁਪਏ ਸਸਤੀ ਦੇ ਗਿਆ ਸੀ। ਉਹ ਬੋਤਲ ਅਤੇ ਇਕ ਗਲਾਸ ਵੀ ਮੈਂ ਬੈਗ ਦੀ ਜੇਬ ਵਿਚ ਪਾ ਲਏ। ਸ਼ਾਮ ਵੇਲੇ ਦੋ ਪੈੱਗ ਲਾਏ ਬਿਨਾਂ ਮੈਨੂੰ ਕਦੀ ਨੀਂਦ ਹੀ ਨਹੀਂ ਸੀ ਆਉਂਦੀ।

ਬਾਥਰੂਮ 'ਚੋਂ ਵਾਲ ਡਾਈ ਕਰ ਕੇ ਤੇਰੀ ਮੰਮੀ ਨਿਕਲੀ। ਤੇਰੀ ਮੰਮੀ ਹੀ ਹੈ ਜਿਸ ਕਰਕੇ ਮੈਂ ਜ਼ਿੰਦਗੀ 'ਚ ਕਦੀ ਡੋਲਿਆ ਨਹੀਂ। ਉਹਦੇ ਸਾਥ ਵਿਚ ਹੀ ਮੈਂ ਪਿੰਡ ਵਿਚ ਵਧੀਆ ਜ਼ਿੰਦਗੀ ਬਤੀਤ ਕਰ ਰਿਹਾ ਸਾਂ। ਜੇ ਤੁਸੀਂ ਦੋਨੋਂ ਨਾ ਜੰਮਦੇ ਤਾਂ ਸਾਡੇ ਵਰਗਾ ਪਿੰਡ ਵਿਚ ਕੋਈ ਨਹੀਂ ਸੀ ਹੋਣਾ। ਸਾਡੀ ਜ਼ਿੰਦਗੀ ਵਿਚ ਦੁੱਖ ਤੁਸੀਂ ਹੀ ਲੈ ਕੇ ਆਏ। ਤੇਰੀ ਮੰਮੀ ਕਿਹਾ ਕਰਦੀ ਹੈ ਇਹ ਪੁੱਤ ਨਹੀਂ ਕੋਈ ਪਿਛਲੇ ਜਨਮ ਦੇ 'ਬਦਲੇ' ਜੰਮੇ ਨੇ। ਇਸ ਨਾਲੋਂ ਤਾਂ ਰੱਬ ਇਕ ਧੀ ਹੀ ਦੇ ਦਿੰਦਾ।

ਨਹਾ ਧੋ ਕੇ ਤਿਆਰ ਹੋ ਅਸੀਂ ਘਰੋਂ ਨਿਕਲਣ ਹੀ ਲੱਗੇ ਸਾਂ ਕਿ ਮਾਰੇਗਿਆਂ ਦਾ ਭੂਰਾ ਮੋਟਰਸਾਈਕਲ ਉੱਤੇ ਆ ਗਿਆ ਤੇ ਬੋਲਿਆ, "ਤਾਇਆ ਸਿਆਂ ਕਿੱਧਰ ਫੌਜਾਂ?"

"ਯਾਰ ਭਤੀਜ ਦਿੱਲੀ ਚੱਲੇ ਹਾਂ।"

"ਸੁੱਖ ਆ?"

"ਹਾਂ ਸੁੱਖ ਏ....ਆਪਣਾ ਨੀਰਜ ਪੂਰਾ ਹੋ ਗਿਆ।"

"ਹੈਂਅ? ਕੀ ਗੱਲ ਹੋਈ?"

"ਗੱਲ ਤਾਂ ਜਾ ਕੇ ਹੀ ਪਤਾ ਲੱਗੂ...ਤੂੰ ਕਿਵੇਂ ਆਇਆ ਸੀ?"

"ਕੋਈ ਨਾ ਫਿਰ ਸਹੀ।" ਉਸ ਨੇ ਕਿਹਾ।

"ਤੂੰ ਦੱਸ ਤਾਂ ਸਗ, ਕੀ ਕੰਮ ਜੀ?"

ਲਾਗੇ ਤੇਰੀ ਮੰਮੀ ਖੜ੍ਹੀ ਦੇਖ ਉਹ ਝੇਂਪ ਗਿਆ ਤ ਮੈਨੂੰ ਇਕ ਪਾਸੇ ਨੂੰ ਲੈ ਜਾ ਕੇ ਕਹਿਣ ਲੱਗਾ, "ਚੰਡੀਗੜ੍ਹ ਤੋਂ ਮੈਕਡਾਵਲ ਆ ਗਈ ਏ। ਇਕ ਦੋ ਪੇਟੀਆਂ ਲੈ ਲਵੀਂ।"

"ਯਾਰ ਭੂਰੇ ਘਰ ਪਈ ਦੇਖ ਸਬਰ ਨੀ ਹੁੰਦਾ...ਵੱਧ ਪੀਤੀ ਜਾਂਦੀ ਏ।"

"ਤੂੰ ਤਾਈ ਦੇ ਸਪੁਰਦ ਕਰਦੀਂ। ਹਿਸਾਬ ਨਾਲ ਤੈਨੂੰ ਦਈ ਜਾਊ। ਪੈਸੇ ਪੈਨਸ਼ਨ ਆਈ 'ਤੇ ਦੇ ਦੇਣੇ। ਇਕ ਪੇਟੀ ਮੈਂ ਛੱਡ ਜਾਵਾਂਗਾ।" ਉਹ ਬੋਲਿਆ ਤਾਂ ਮੈਂ ਚੁੱਪ ਕਰ ਗਿਆ।

"ਹੁਣ ਜਾਵੋਂਗੇ ਕਿਵੇਂ? ਬੱਦਲ ਤਾਂ ਚੜ੍ਹਿਆ ਆਉਂਦੈ।" ਭੂਰਾ ਬੋਲਿਆ।

"ਦੇਖਦੇ ਹਾਂ ਕੋਈ ਟੈਂਪੂ ਬਗੈਰਾ ਮਿਲਜੂ ਖੰਨੇ ਤਕ।"

"ਮੈਂ ਛੱਡ ਆਉਨੈਂ ਮੋਟਰ ਸਾਈਕਲ 'ਤੇ।" ਭੂਰੇ ਨੇ ਕਿਹਾ।

"ਭਾਈ ਇਹ ਕਿਹੜਾ ਪਾਣੀ ਨਾਲ ਚਲਦੈ। ਚਲੇ ਜਾਵਾਂਗੇ ਅਸੀਂ, ਰਹਿਣ ਦੇ ਤੂੰ।" ਤੇਰੀ ਮੰਮੀ ਬੋਲੀ।

"ਉਇ ਬਹਿਜੋ ਪਿੱਛੇ...ਐਵੇਂ ਨਾ ਗੀਂ-ਗੀਂ ਕਰਿਆ ਕਰੋ। ਬੰਦਾ ਹੀ ਬੰਦੇ ਦੇ ਕੰਮ ਆਉਂਦਾ ਏ।"

ਵੱਡਿਆਂ ਦਾ ਮਾਣ ਕਰਨ ਵਾਲੀ ਗੱਲ ਏ। ਕਿੱਥੇ ਤਾਂ ਅਸੀਂ ਟੈਂਪੂਆਂ ਨਾਲ ਲਟਕਦੇ, ਕਾਲਾ ਧੂੰਆਂ ਸੁੰਘਦੇ ਜਾਣਾ ਸੀ ਤੇ ਕਿੱਥੇ ਹੁਣ ਹਵਾਈ ਜਹਾਜ਼ ਬਣੇ ਮੋਟਰਸਾਇਕਲ ਉੱਤੇ ਬੈਠ ਧੂੜਾਂ ਪੱਟਦੇ ਜਾ ਰਹੇ ਸਾਂ। ਤੈਨੂੰ ਕਦੀ ਲਿਫ਼ਟ ਦਿੱਤੀ ਕਿਸੇ ਨੇ? ਨਹੀਂ ਦਿੱਤੀ ਹੋਣੀ। ਅਗਲਾ ਮਗਰ ਬਿਠਾਉਣ ਤੋਂ ਪਹਿਲਾਂ ਸੌ ਵਾਰੀ ਸੋਚੂ ਕਿ ਕਿਤੇ ਤੂੰ ਉਹਦਾ ਪਰਸ ਹੀ ਨਾ ਉਡਾ ਲਵੇਂ।

ਤੇਰੀ ਬਹੁਤੀ ਪੜਤ ਤਾਂ ਪਿੰਡ ਵਿਚ ਉਦੋਂ ਖ਼ਰਾਬ ਹੋਈ ਜਦੋਂ ਇਕ ਵਾਰੀ ਤੂੰ ਰਾਤ ਨੂੰ ਭਗਤੇ ਲੰਬੜਦਾਰ ਦੀ ਕੋਠੀ ਵਿਚ ਵੜ ਗਿਆ ਸੀ ਤੇ ਟੈਲੀਵਿਜ਼ਨ ਚੋਰੀ ਕਰ ਕੇ ਕੰਧ ਉੱਤੋਂ ਪੀਤੂ ਦੇ ਪੋਤੇ ਨੂੰ ਫੜਾਉਣ ਲੱਗਾ, ਸਣੇ ਟੀ. ਵੀ. ਧੜੰਮ ਦੇਣੇ ਹੇਠ ਡਿੱਗਿਆ ਸੀ। ਉਦੋਂ ਉਹਨਾਂ ਨੇ ਤੈਨੂੰ ਫੜ ਕੇ ਜਿਹੜਾ ਫੈਂਟਾ ਚਾੜ੍ਹਿਆ, ਉਹ ਤਾਂ ਚਾੜ੍ਹਿਆ ਹੀ, ਤੇਰੀ ਮੰਮੀ ਨੇ ਵੀ ਤੇਰੇ ਵੀਹ ਜੁੱਤੀਆਂ ਮਾਰੀਆਂ ਹੋਣਗੀਆਂ।

"ਕਿੰਨੇ ਕੁ ਦਾ ਆਇਆ ਏ ਬਈ ਭੂਰਾ ਸਿਆਂ ਤੇਰਾ ਇਹ ਮੋਟਰਸਾਇਕਲ?"

"ਸੱਤਰ ਹਜ਼ਾਰ ਦਾ ਤਾਇਆ...ਬੱਸ ਸਮਝ ਲੈ ਘੁੱਗੀ ਏ ਘੁੱਗੀ।" ਉਹ ਹੱਸਿਆ।

ਮੋਟਰਸਾਇਕਲ ਤਾਂ ਤੂੰ ਵੀ ਲਿਆ ਸੀ। ਤੂੰ ਵੀ ਕਾਹਦਾ ਲਿਆ ਸੀ। ਮੈਂ ਤੇਰੀਆਂ ਗੱਲਾਂ 'ਚ ਆ ਕੇ ਤੈਨੂੰ ਲੈ ਕੇ ਦਿੱਤਾ ਸੀ। ਉਦੋਂ ਤੂੰ ਮਿੰਨੀ ਅਤੇ ਸਹੁਰਿਆਂ ਨਾਲ ਲੜ ਕੇ ਪਿੰਡ ਦੌੜ ਆਇਆ ਸੀ। ਤੇਰੇ ਕੋਲੋਂ ਲੱਖ ਰੁਪਏ ਦੀ ਠੱਗੀ ਖਾ ਕੇ ਵੀ ਅਸੀਂ ਭੁੱਲ ਗਏ ਸਾਂ। ਮੈਂ ਤਾਂ ਸਬਰ ਕਰ ਲਿਆ ਸੀ ਤੇ ਸੋਚਿਆ ਸੀ ਕਿ ਮੁੜ ਤੈਨੂੰ ਕਦੀ ਘਰ ਨਹੀਂ ਵੜਨ ਦਿਆਂਗਾ। ਪਰ ਤੇਰੀ ਮੰਮੀ ਨੇ ਮੇਰੀ ਇਕ ਨਾ ਚੱਲਣ ਦਿੱਤੀ ਅਖੇ, ਢਿੱਡੋਂ ਜਾਇਆ ਏ ਚੰਦਰਾ, ਖੌਰੇ ਸੁਧਰ ਹੀ ਜਾਵੇ। ਤੂੰ ਸਾਨੂੰ ਦੱਸਿਆ ਕਿ ਮਿੰਨੀ, ਉਹਦੇ ਪਿਉ ਅਤੇ ਭਰਾਵਾਂ ਨੇ ਤੈਨੂੰ ਢਾਹ ਕੇ ਤੇਰੇ ਮੂੰਹ ਵਿਚ ਸਲਫ਼ਾਸ ਪਾਉਣ ਦੀ ਕੋਸ਼ਸ਼ ਕੀਤੀ ਸੀ ਤੇ ਤੂੰ ਬੜੀ ਮੁਸ਼ਕਲ ਨਾਲ ਉਹਨਾਂ ਤੋਂ ਛੁੱਟ ਕੇ ਪਿੰਡ ਦੌੜ ਆਇਆ ਸੀ। ਤੇਰੀ ਤੇੜ ਮੈਲ ਨਾਲ ਕਾਲੇ ਹੋਏ ਇਕ ਕਮੀਜ਼ ਪਜਾਮਾ ਹੀ ਸਨ। ਤੂੰ ਦੱਸਿਆ ਸੀ ਕਿ ਤੂੰ ਟਰੱਕਾਂ ਵਾਲਿਆਂ ਦੇ ਮਿੰਨਤਾਂ ਤਰਲੇ ਕਰ ਕੇ ਇਥੇ ਪਹੁੰਚਿਆ ਸੀ। ਤੂੰ ਨਸ਼ੇ ਵਿਚ ਗੁੱਟ ਸੀ ਤੇ ਤੇਰੇ ਡੇਲੇ ਚਮਕ ਰਹੇ ਸਨ। ਆਉਂਦਾ ਹੀ ਮੇਰੇ ਪੈਰਾਂ 'ਚ ਆਪਣਾ ਸਿਰ ਰੱਖ ਉੱਚੀ-ਉੱਚੀ ਰੋਣ ਲੱਗ ਪਿਆ ਸੀ। ਫਰਸ਼ 'ਤੇ ਸਿਰ ਮਾਰ-ਮਾਰ ਖ਼ੂਨ ਚਲਾ ਲਿਆ ਸੀ ਤੇ ਬਕਦਾ ਰਿਹਾ ਸੀ, "ਮੇਰੇ ਜੁੱਤੀਆਂ ਮਾਰੋ ਡੈਡੀ ਜੀ। ਮੈਂ ਤੁਹਾਡੇ ਨਾਲ ਧੋਖਾ ਕਰ ਕੇ ਪਾਪ



ਕੀਤਾ। ਮੇਰਾ ਜਿਊਣ ਦਾ ਕੋਈ ਹੱਜ ਨਹੀਂ। ਮੈਨੂੰ ਮਾਫ਼ ਕਰ ਕੇ ਸਿਰਫ਼ ਇਕ ਮੌਕਾ ਦੇ ਦਿਉ। ਮੈਂ ਮਨ 'ਤੇ ਆਪਣੇ ਕੀਤੇ ਪਾਪਾਂ ਦਾ ਬੋਝ ਚੁੱਕੀ ਫਿਰ ਰਿਹਾ ਹਾਂ।"

ਮੇਰਾ ਪੱਥਰ ਦਿਲ ਪਿੰਘਲ ਗਿਆ। ਮੈਂ ਤੈਨੂੰ ਆਪਣੇ ਪੈਰਾ ਤੋਂ ਚੁੱਕ ਆਪਣੀ ਜੱਫੀ ਵਿਚ ਭਰ ਲਿਆ ਤੇ ਰੋਣ ਲੱਗਾ। ਤੇਰੀ ਮੰਮੀ ਵੀ ਰੋਣ ਲੱਗ ਪਈ। ਤੂੰ ਮੂੰਹ ਨੱਕ ਤਾਂ ਵਿੰਗੇ-ਵਿੰਗੇ ਕਰਦਾ ਰਿਹਾ, ਪਰ ਹੰਝੂ ਕੋਈ ਨਾ ਨਿਕਲਿਆ।

"ਹੁਣ ਕੀ ਪ੍ਰੋਗਰਾਮ ਏ ਤੇਰਾ?" ਮੈਂ ਪੁੱਛਿਆ ਸੀ।

"ਬੱਸ, ਦਿੱਲੀ ਤਾਂ ਹਮੇਸ਼ਾ ਲਈ ਛੱਡ ਆਇਆਂ। ਦਿੱਲੀ ਦਾ ਪਾਣੀ ਪੀ ਕੇ ਹੀ ਮੇਰੀ ਬੁੱਧੀ ਭ੍ਰਿਸ਼ਟ ਹੋਈ ਸੀ। ਮੈਂ ਬੜੀਆਂ ਗ਼ਲਤੀਆਂ ਕੀਤੀਆਂ, ਚੋਰੀਆਂ ਕੀਤੀਆਂ, ਲੁੱਟਾਂ-ਖੋਹਾਂ ਕੀਤੀਆਂ। ਰੱਬ ਵਰਗੇ ਮਾਸੜ ਨਾਲ ਮੈਂ ਠੱਗੀ ਮਾਰ ਲਈ। ਆਪ-ਹੁਦਰਾ ਹੋ ਕੇ ਵਿਆਹ ਕਰਵਾਇਆ। ਹੁਣ ਮੈਂ ਪ੍ਰਾਸਚਿਤ ਕਰਨਾ ਚਾਹੁੰਦਾ ਹਾਂ। ਇਕ ਨੇਕ ਇਨਸਾਨ ਬਣਨਾ ਚਾਹੁੰਦਾ ਹਾਂ।"

"ਪਰ ਜਿਸ ਨਾਲ ਤੂੰ ਵਿਆਹ ਕਰਵਾਇਆ, ਉਹਦਾ ਕੀ ਬਣੇਗਾ?"

"ਉਹ ਤਾਂ ਕਹਿੰਦੇ, ਜੇ ਦਿੱਲੀ ਵੜਿਆ ਤੈਨੂੰ ਮਰਵਾ ਦਿਆਂਗੇ। ਮੈਂ ਤਾਂ ਹੁਣ ਐਥੇ ਹੀ ਤੁਹਾਡੇ ਚਰਨਾਂ ਵਿਚ ਰਹਾਂਗਾ। ਜੇ ਉਹ ਕੁਝ ਢੈਲੇ ਹੋਏ ਤਾਂ ਮਿੰਨੀ ਨੂੰ ਵੀ ਐਥੇ ਹੀ ਸੱਦ ਲਵਾਂਗੇ। ਮੈਨੂੰ ਕੰਮ ਮਿਲਣਾ ਔਖਾ ਨਹੀਂ। ਬੰਦੇ ਕੋਲ ਗੁਣ ਹੋਣਾ ਚਾਹੀਦਾ ਏ। ਮੈਂ ਇਕ ਨੰਬਰ ਦਾ ਇਲੈਕਟਰੀਸ਼ਨ ਹਾਂ। ਨੌਕਰੀ ਤਾਂ ਮੈਂ ਕੱਲ੍ਹ ਹੀ ਲੱਭ ਲਵਾਂਗਾ।"

ਤੇ ਤੂੰ ਅਗਲੇ ਦਿਨ ਘਰੋਂ ਨਿਕਲ ਗਿਆ ਸੀ ਤੇ ਸ਼ਾਮ ਨੂੰ ਮਠਿਆਈ ਦਾ ਡੱਬਾ ਲੈ ਕੇ ਘਰ ਮੁੜਿਆ ਸੀ। ਤੂੰ ਦੱਸਿਆ ਸੀ ਕਿ ਤੈਨੂੰ ਗੋਬਿੰਦਗੜ੍ਹ ਕਿਸੇ ਸਾਧੂ ਰਾਮ ਐਂਡ ਸਨਜ਼ ਦੀ ਲੋਹਾ-ਮਿੱਲ ਵਿਚ ਜੌਬ ਮਿਲ ਗਈ ਹੈ। ਮਿੱਲ ਵਾਲਿਆਂ ਨੇ ਤੈਨੂੰ ਅੱਠ ਹਜ਼ਾਰ ਰੁਪਏ ਤਨਖਾਹ ਦੇਣੀ ਸੀ ਤੇ ਉਹਨਾਂ ਨੇ ਤੈਨੂੰ ਹਜ਼ਾਰ ਰੁਪਏ ਅਡਵਾਂਸ ਦਿੱਤੇ ਸਨ, ਜਿਹਨਾਂ ਵਿਚੋਂ ਅੱਠ ਸੌ ਰੁਪਏ ਤੂੰ ਆਪਣੀ ਮੰਮੀ ਦੇ ਪੈਰਾਂ 'ਚ ਰੱਖ ਕੇ ਮੱਥਾ ਟੇਕ ਦਿੱਤਾ ਸੀ।

"ਡੈਡੀ ਜੀ, ਮੈਂ ਹਰ ਮਹੀਨੇ ਸਾਰੀ ਤਨਖਾਹ ਮੰਮੀ ਜੀ ਨੂੰ ਦਿਆ ਕਰਾਂਗਾ। ਸਿਰਫ਼ ਬੱਸ ਦਾ ਕਿਰਾਇਆ ਹੀ ਕੋਲ ਰੱਖਿਆ ਕਰਾਂਗਾ। ਦਫ਼ਤਰ ਵਿਚ ਚਾਹ ਵੀ ਨਹੀਂ ਪੀਵਾਂਗਾ।" ਤੂੰ ਕਿਹਾ ਸੀ।

ਮੈਂ ਹੈਰਾਨ ਹੋਇਆ ਤੇ ਸੋਚਿਆ ਕਿ ਸਾਡੇ ਦਿਨ ਫਿਰ ਗਏ ਹਨ। ਤੇਰੀ ਮੰਮੀ ਨੇ ਕੁਝ ਸਮਾਂ ਪਹਿਲਾਂ ਹੀ ਖੰਨੇ ਦੇ ਇਕ ਪ੍ਰਸਿੱਧ ਜੋਤਸ਼ੀ ਤੋਂ ਪੁੱਛਿਆ ਪਵਾਈ ਸੀ। ਉਸ ਨੇ ਦੱਸਿਆ ਸੀ ਕਿ ਰਾਹੂ ਤੇ ਕੇਤੂ ਨੇ ਤੈਨੂੰ ਕਾਫ਼ੀ ਸਮੇਂ ਤੋਂ ਜਕੜ ਰੱਖਿਆ ਸੀ। ਉਸ ਨੇ ਤੇਰੀ ਮੰਮੀ ਤੋਂ ਪੰਜ ਸੌ ਰੁਪਏ ਲੈ ਕੇ ਕੋਈ ਹਵਨ ਵਗ਼ੈਰਾ ਕੀਤਾ ਸੀ। ਮੈਂ ਇਸ ਵਹਿਮ ਦਾ ਮਜ਼ਾਕ ਉਡਾਉਂਦਾ ਰਿਹਾ ਸੀ ਕਿ ਉਹ ਇਕ ਠੱਗ ਜੋਤਸ਼ੀ ਦੇ ਢਹੇ ਚੜ੍ਹ ਗਈ ਹੈ। ਪਰ ਹੁਣ ਮੈਨੂੰ ਲੱਗਾ ਕਿ ਜੋਤਸ਼ੀ ਨੇ ਤਾਂ ਕਰਾਮਾਤ ਹੀ ਕਰ ਦਿਖਾਈ ਸੀ।

ਦਸ ਕੁ ਦਿਨਾਂ ਮਗਰੋਂ ਇਕ ਦਿਨ ਤੂੰ ਕਿਹਾ, "ਡੈਡੀ ਜੀ, ਆਪਣੇ ਨਾਂ ਉੱਤੇ ਮੈਨੂੰ ਕਿਸ਼ਤਾਂ 'ਚ ਮੋਟਰਸਾਇਕਲ ਲੈ ਦਵੋ। ਮਿੱਲ ਵਾਲੇ ਮੇਰਾ ਵਧੀਆ ਕੰਮ ਦੇਖ ਕੇ ਪਟਰੌਲ ਦਾ ਖਰਚਾ ਦੇਣਾ ਮੰਨ ਗਏ ਨੇ। ਕਿਸ਼ਤਾਂ ਤਾਂ ਮੈਂ ਖੁਦ ਹੀ ਦਿਆਂਗਾ। ਤੁਸੀਂ ਇਕ ਵਾਰੀ ਪੰਜ ਹਜ਼ਾਰ ਦੇ ਦੇਣੇ।"

ਸਾਨੂੰ ਵੀ ਦੇਖਣ ਲਈ ਹੋਰ ਕੌਣ ਸੀ। ਤੂੰ ਠੀਕ ਰਹੇਂ, ਪੈਸਾ ਤਾਂ ਹੱਥਾਂ ਦੀ ਮੈਲ ਹੁੰਦਾ ਏ। ਪੰਜ ਹਜ਼ਾਰ ਨਕਦ ਦੇ ਕੇ ਮੈਂ ਸੋਲਾਂ ਸੌ ਰੁਪਏ ਮਹੀਨੇ ਦੇ ਹਿਸਾਬ ਨਾਲ ਛੱਤੀ ਕਿਸ਼ਤਾਂ ਕਰਵਾ ਦਿੱਤੀਆਂ। ਤੇਰੇ ਹੇਠ ਲਿਸ਼-ਲਿਸ਼ ਕਰਦਾ ਸੱਪ ਵਰਗਾ ਮੋਟਰਸਾਇਕਲ ਦੇਖ ਪਿੰਡ ਦੇ ਲੋਕ ਗੱਲਾਂ ਕਰਨ ਲੱਗੇ ਕਿ ਇਸ ਵਾਰੀ ਤਾਂ ਨੀਰਜ ਨੇ ਕੋਈ ਬਹੁਤ ਵੱਡੀ ਮੱਲ ਮਾਰੀ ਲਗਦੀ ਏ।

"ਬਈ ਸਾਡਾ ਪੁੱਤ ਹੁਣ ਲੀਹ 'ਤੇ ਆ ਗਿਆ ਏ। ਸਮਾਂ ਅਤੇ ਬੰਦੇ ਦੀ ਸੋਚ ਬਦਲਦਿਆਂ ਦੇਰ ਨਹੀਂ ਲਗਦੀ ਹੁੰਦੀ। ਬਾਰਾਂ ਹਜ਼ਾਰ ਰੁਪਏ ਦੀ ਨੌਕਰੀ ਮਿਲ ਗਈ ਉਸਨੂੰ। ਕੰਪਨੀ ਨੇ ਹੀ ਮੋਟਰਸਾਇਕਲ ਲੈ ਦਿੱਤਾ ਏ।" ਮੈਂ ਤਾਸ਼ ਵਾਲਿਆਂ ਕੋਲ ਫੜ੍ਹ ਮਾਰੀ। ਸੁਣਨ ਵਾਲਿਆਂ ਦੇ ਹੌਲ ਪੈਣ ਲੱਗਾ। ਕਈਆਂ

ਨੇ ਤਾਂ ਹਉਕਾ ਲਿਆ ਹੋਵੇਗਾ ਕਿ ਕਾਸ਼! ਉਹਨਾਂ ਦਾ ਪੁੱਤ ਵੀ ਤੇਰੇ ਵਰਗਾ ਲਾਇਕ ਹੁੰਦਾ।

ਮੋਟਰਸਾਇਕਲ ਹੱਥ ਲੱਗਾ ਤਾਂ ਤੂੰ ਹਫ਼ਤਾ-ਹਫ਼ਤਾ ਘਰੋਂ ਗ਼ਾਇਬ ਰਹਿਣ ਲੱਗ ਪਿਆ। ਬਹਾਨਾ ਇਹੀ ਲਾਉਂਦਾ ਕਿ ਕੰਮ ਬਹੁਤ ਹੈ। ਓਵਰ ਟਾਈਮ ਲਾਉਣਾ ਪੈਂਦਾ ਏ। ਕਿਸ਼ਤ ਦੇਣ ਦੀ ਤਰੀਕ ਆਈ ਤਾਂ ਤੂੰ ਟਾਲਮਟੋਲ ਕਰਨ ਲੱਗਾ। ਤੂੰ ਦੱਸਿਆ ਕਿ ਦਿੱਲੀ ਤੂੰ ਕਿਸੇ ਬੰਦੇ ਦਾ ਤੀਹ ਹਜ਼ਾਰ ਰੁਪਿਆ ਦੇਣਾ ਸੀ। ਅਸੀਂ ਕੁਝ ਮਹੀਨੇ ਕੌੜਾ ਘੁੱਟ ਭਰ ਕੇ ਕਿਸ਼ਤ ਭਰਦੇ ਰਹੀਏ। ਮੈਂ ਕਿਸ਼ਤ ਦੇਣ ਲੱਗ ਪਿਆ। ਕਿੰਨੀ ਕੁ ਪੈਨਸ਼ਨ ਸੀ ਮੇਰੀ? ਸਾਡਾ ਤਾਂ ਪਹਿਲਾਂ ਹੀ ਮੁਸ਼ਕਲ ਨਾਲ ਸਰਦਾ ਸੀ। ਤੇਰੀ ਮੰਮੀ ਕਿਹਾ ਕਰੇ, "ਸ਼ਰਾਬ ਛੱਡ ਦੋ।" ਮੈਂ ਕਹਿ ਦੇਣਾ, "ਦੁਨੀਆਂ ਨਾ ਛੱਡ ਦਿਆਂ?" ਉਸ ਨੇ ਚੁੱਪ ਹੋ ਜਾਣਾ। ਅਸੀਂ ਬੁਰੀ ਤਰ੍ਹਾਂ ਫਸ ਗਏ ਸਾਂ।

ਚਾਰ ਮਹੀਨੇ ਮਗਰੋਂ ਲੁਧਿਆਣੇ ਤੋਂ ਕਿਸੇ ਵਕੀਲ ਦਾ ਫ਼ੋਨ ਆਇਆ। ਉਹ ਬੋਲਿਆ, "ਨੀਰਜ ਤੁਹਾਡਾ ਲੜਕਾ ਏ?"

ਮੇਰਾ ਦਿਲ ਧੜਕਿਆ ਕਿ ਪੈ ਗਿਆ ਕੋਈ ਨਵਾਂ ਸਿਆਪਾ। ਮੈਂ ਕਿਹਾ, "ਦੱਸੋ! ਹੈ ਤਾਂ ਸਾਡਾ ਹੀ।"

"ਸੋਮਵਾਰ ਨੂੰ ਜਗਰਾਵੀਂ ਬੈਂਕ ਵਿਚ ਜਿਹੜਾ ਡਾਕਾ ਪਿਆ ਸੀ, ਫੜੇ ਗਏ ਪੰਜ ਬੰਦਿਆਂ ਵਿਚ ਨੀਰਜ ਵੀ ਸ਼ਾਮਲ ਏ।" ਵਕੀਲ ਨੇ ਦੱਸਿਆ। ਉਸ ਦੀ ਗੱਲ ਸੁਣ ਕੇ ਤੇਰੇ ਪ੍ਰਤੀ ਨਫ਼ਰਤ ਦਾ ਇਕ ਵਰੋਲਾ ਜਿਹਾ ਮੇਰੇ ਦਿਮਾਗ਼ 'ਚ ਘੁੰਮਣ ਲੱਗਾ।

"ਫੇਰ ਅਸੀਂ ਕੀ ਕਰੀਏ?" ਮੈਂ ਪੁੱਛਿਆ।

"ਉਸ ਨੇ ਜੇਲ੍ਹ 'ਚੋਂ ਮੈਨੂੰ ਸੁਨੇਹਾ ਭੇਜਿਆ ਏ ਕਿ ਮੇਰੇ ਮਾਪਿਆਂ ਨੂੰ ਕਹਿ ਕੇ ਮੇਰੀ ਜ਼ਮਾਨਤ ਕਰਵਾ ਦਿਉ।"

"ਕਿੰਨੇ ਪੈਸੇ ਲੱਗਣਗੇ?" ਮੈਂ ਪੁੱਛਿਆ।

"ਅੱਠ ਹਜ਼ਾਰ...ਪਹਿਲੀ ਪੇਸ਼ੀ 'ਤੇ ਹੀ ਜ਼ਮਾਨਤ ਹੋ ਜਾਵੇਗੀ।"

"ਤੁਸੀਂ ਇਉਂ ਕਰੋ...ਮੈਂ ਤੁਹਾਨੂੰ ਸੋਲਾਂ ਹਜ਼ਾਰ ਦਿਆਂਗਾ। ਤੁਸੀਂ ਇਸ ਨੂੰ ਫਾਂਸੀ ਕਰਵਾ ਦਿਉ।" ਮੈਂ ਫੋਨ ਬੰਦ ਕਰ ਦਿੱਤਾ।

ਮੈਂ ਮੋਟਰਸਾਇਕਲ ਦੀ ਕਿਸ਼ਤ ਦੇਣੀ ਬੰਦ ਕਰ ਦਿੱਤੀ। ਦੋ ਕਿਸ਼ਤਾਂ ਟੁੱਟੀਆਂ ਤਾਂ ਫਾਈਨੈਂਸ ਕਰਨ ਵਾਲੀ ਕੋਟਕ ਮੋਹਿੰਦਰਾ ਦਾ ਫੀਲਡ ਅਫ਼ਸਰ ਘਰ ਆ ਗਿਆ ਤੇ ਉਸ ਨੇ ਕਿਸ਼ਤ ਨਾ ਭਰਨ ਦਾ ਕਾਰਨ ਪੁੱਛਿਆ। ਮੈਂ ਕਿਹਾ, "ਮੋਟਰ ਸਾਇਕਲ ਤਾਂ ਮੇਰਾ ਮੁੰਡਾ ਲੈ ਗਿਆ ਤੇ ਹੁਣ ਉਹ ਜੇਲ੍ਹ ਵਿਚ ਏ।"

"ਅਸੀਂ ਨਹੀਂ ਜਾਣਦੇ। ਫਾਈਨੈਂਸ ਤੁਹਾਡੇ ਨਾਂ 'ਤੇ ਕੀਤਾ ਏ। ਕਿਸ਼ਤ ਤੁਹਾਨੂੰ ਦੇਣੀ ਪਵੇਗੀ।" ਉਹ ਬੋਲਿਆ।

"ਨਹੀਂ ਦਿਆਂਗਾ ਕੋਈ ਕਿਸ਼ਤ ਮੈਂ।" ਮੈਂ ਕਿਹਾ।

"ਪੰਦਰਾਂ ਦਿਨ ਦੀ ਮੋਹਲਤ ਦਿੰਦਾ ਹਾਂ। ਮੋਟਰਸਾਇਕਲ ਸਾਡੇ ਹਵਾਲੇ ਕਰ ਦਿਉ। ਨਹੀਂ ਤੁਹਾਡੇ ਵਿਰੁੱਧ ਪੁਲਸ ਕਾਰਵਾਈ ਕਰਾਂਗੇ।" ਕਹਿ ਕੇ ਉਹ ਚਲਾ ਗਿਆ।

ਮੈਂ ਕੁੜਿੱਕੀ 'ਚ ਫਸ ਗਿਆ। ਪੁਲਸ ਨੇ ਪਿੰਡ 'ਚ ਆ ਕੇ ਖਿੱਚ ਧੂਅ ਕੀਤੀ ਤਾਂ ਜਲੂਸ ਨਿਕਲੇਗਾ ਤੇ ਜਿਹੜੀ ਮਾੜੀ ਮੋਟੀ ਇੱਜ਼ਤ ਬਾਕੀ ਏ ਉਹ ਵੀ ਜਾਂਦੀ ਰਹੇਗੀ। ਮੈਂ ਮੁੜ ਕਿਸ਼ਤਾਂ ਭਰਨ ਲੱਗ ਪਿਆ। ਭਗਵਾਨਪੁਰੇ ਦੇ ਲਾਗੇ ਜਿਹੜੀ ਧਾਗਾ ਮਿੱਲ ਹੈ, ਤੇਰੀ ਮੰਮੀ ਉੱਥੇ ਕੰਮ 'ਤੇ ਜਾਣ ਲੱਗ ਪਈ। ਲੋਕਾਂ ਨੂੰ ਗੱਲਾਂ ਕਰਨ ਲਈ ਇਕ ਹੋਰ ਟਾਪਕ ਲੱਭ ਗਿਆ। ਸਾਨੂੰ ਰੱਬ ਨੇ ਨਹੀਂ, ਤੂੰ ਭੁੰਜੇ ਪਟਕਾ ਮਾਰਿਆ ਸੀ।

ਫਿਰ ਇਕ ਦਿਨ ਕੋਈ ਕੈਦੀ ਜੇਲ੍ਹ ਤੋਂ ਛੁੱਟ ਕੇ ਤੇਰਾ ਸੁਨੇਹਾ ਦੇਣ ਲਈ ਸਾਡੇ ਕੋਲ ਪਿੰਡ ਆਇਆ। ਤੂੰ ਉਸ ਕੋਲ ਇਕ ਕੰਪਿਊਟਰ 'ਚ ਕੱਢੀ ਚਿੱਠੀ ਭੇਜੀ ਸੀ ਕਿ ਅਸੀਂ ਤੇਰੀ ਜ਼ਮਾਨਤ ਕਰਵਾਉਣ ਲਈ ਲੁਧਿਆਣੇ ਉਸੇ ਵਕੀਲ ਨੂੰ ਮਿਲੀਏ। ਤੂੰ ਉਸ ਦਾ ਐਡਰੈੱਸ ਅਤੇ ਮੋਬਾਇਲ ਨੰਬਰ ਲਿਖ ਕੇ ਧਮਕੀ ਵੀ ਦੇ ਛੱਡੀ ਸੀ ਕਿ ਜੇ ਅਸੀਂ ਤੇਰੀ ਜ਼ਮਾਨਤ ਨਾ ਕਰਵਾਈ ਤਾਂ ਜੇਲ੍ਹ 'ਚੋਂ ਛੁੱਟਦੀ ਸਾਰ ਤੂੰ ਸਾਡਾ ਦੋਨਾਂ ਦਾ ਕਤਲ ਕਰ ਦੇਵੇਂਗਾ। ਤੇਰੀ ਮੰਮੀ ਕਹਿਣ ਲੱਗੀ ਹੁਣ ਐਥੇ ਜ਼ਿੰਦਗੀ ਵਿਚ ਕੀ ਰਹਿ ਗਿਆ ਏ, ਦੋ ਸਾਲ ਅੱਗੇ ਜਾਂ ਪਿੱਛੇ ਕੀ ਫਰਕ ਪੈਂਦਾ ਏ, ਚੱਲ ਨਹਿਰ 'ਚ ਡੁੱਬ ਮਰੀਏ। ਜੇ ਉਸ ਨੇ ਆਪਾਂ ਨੂੰ ਸੱਚਮੁੱਚ ਮਾਰ ਦਿੱਤਾ ਤਾਂ ਆਪਣੇ ਖਾਨਦਾਨ 'ਤੇ ਕਿੱਡਾ ਵੱਡਾ ਕਲੰਕ ਲੱਗੇਗਾ ਤੇ ਨੀਰਜ ਦੀ ਕਿੰਨੀ ਬਦਨਾਮੀ ਹੋਵੇਗੀ। ਮੈਂ ਤੇਰੀ ਮੰਮੀ ਨੂੰ ਹੱਸ ਕੇ ਕਿਹਾ ਸੀ, "ਵਾਹ ਨੀ ਸ਼ੇਰ ਦੀਏ ਬੱਚੀਏ। ਪੁੱਤਰ ਮੋਹ ਤੇਰੀਆਂ ਨਾੜਾਂ ਨਾਲ ਚਰਬੀ ਵਾਂਗ ਚੁੰਬੜਿਆ ਹੋਇਆ ਏ।"

ਮੈਂ ਮੋਹਾਲੀ ਤੇਰੇ ਤਾਏ ਨੂੰ ਫ਼ੋਨ ਕਰ ਕੇ ਸਾਰੀ ਗੱਲ ਦੱਸੀ ਤਾਂ ਉਹ ਤੇਰੇ ਨਾਲ ਜੇਲ੍ਹ ਵਿਚ ਮੁਲਾਕਾਤ ਕਰ ਕੇ ਆਇਆ। ਉਸ ਨੇ ਤੇਰੇ ਉਸ ਧਮਕੀ ਭਰੇ ਖ਼ਤ ਦੀ ਗੱਲ ਕੀਤੀ ਤਾਂ ਤੂੰ ਉੱਕਾ ਹੀ ਮੁੱਕਰ ਗਿਆ ਕਿ ਤੂੰ ਕਦੀ ਅਜਿਹਾ ਖ਼ਤ ਲਿਖਿਆ ਵੀ ਸੀ। ਸਭ ਕੁਝ ਜਾਣਦੇ ਹੋਏ ਕਿ ਤੂੰ ਅਕ੍ਰਿਤਘਣ, ਘਟੀਆ, ਧੋਖੇਬਾਜ਼ ਤੇ ਨੀਚ ਬੰਦਾ ਏਂ, ਉਸੇ ਨੇ ਤੇਰੀ ਜ਼ਮਾਨਤ ਕਰਵਾਈ ਤੇ ਤੇਰਾ ਕੇਸ ਲੜਿਆ।

ਜੇਲ੍ਹ ਤੋਂ ਛੁੱਟ ਤੂੰ ਮੁੜ ਦਿੱਲੀ ਚਲਾ ਗਿਆ। ਉੱਥੇ ਜਾ ਕੇ ਤੂੰ ਸਾਨੂੰ ਫ਼ੋਨ ਕੀਤਾ। ਪਿਛਲੀਆਂ ਗ਼ਲਤੀਆਂ ਦੀ ਮਾਫ਼ੀ ਮੰਗੀ। ਇਹ ਵੀ ਦੱਸਿਆ ਕਿ ਤੂੰ ਸਹੁਰਿਆਂ ਨਾਲ ਸੁਲਾਹ ਕਰ ਲਈ ਸੀ। ਤੁਹਾਡਾ ਰਾਸ਼ਣ ਅਤੇ ਖਰਚਾ ਸਹੁਰਿਆਂ ਵੱਲੋਂ ਮੁੜ ਆਉਣ ਲੱਗਾ। ਤੂੰ ਇਕ ਬੇਟੇ ਦਾ ਬਾਪ ਬਣ ਚੁੱਕਾ ਸੀ ਤੇ ਤੇਰੀ ਸੱਸ ਘਰ ਦਾ ਕੰਮ-ਕਾਰ ਕਰ ਰਹੀ ਸੀ।

"ਤੇਰੇ ਤਾਂ ਪਾਪੀਆ ਕੁੜੀ ਹੋਣੀ ਚਾਹੀਦੀ ਸੀ।" ਤੇਰੀ ਮੰਮੀ ਨੇ ਹੱਸ ਕੇ ਕਿਹਾ।

"ਕਿਉਂ ਮੰਮੀ ਜੀ, ਇੰਝ ਕਿਉਂ ਕਹਿੰਦੇ ਹੋ?"

"ਕੁੜੀ ਦਾ ਮੂੰਹ ਦੇਖ ਕੇ ਹੀ ਤੂੰ ਸ਼ਰਮ ਕਰਦਾ ਤੇ ਬੰਦਾ ਬਣਦਾ।" ਤੇਰੀ ਮੰਮੀ ਫਿਰ ਹੱਸੀ।

"ਬੰਦਾ ਤਾਂ ਮੈਂ ਬਣ ਗਿਆ ਹਾਂ ਮੰਮੀ ਜੀ। ਹੁਣ ਕਦੀ ਕੋਈ ਉਲਾਂਭਾ ਨਹੀਂ ਆਵੇਗਾ।"

"ਕਰਦਾ ਕੀ ਏਂ ਤੂੰ ਹੁਣ?" ਮੈਂ ਤੈਨੂੰ ਪੁੱਛਿਆ।

"ਡੈਡੀ ਜੀ, ਸਹੁਰੇ ਐਨੇ ਵੱਡੇ ਨੇ। ਮਾੜੀ-ਮੋਟੀ ਨੌਕਰੀ ਉਹ ਕਰਨ ਨਹੀਂ ਦਿੰਦੇ। ਪਿਤਾ ਜੀ ਕਹਿੰਦੇ ਸੀ ਕਿ ਉਹ ਮੈਨੂੰ ਮੈਕਡਾਨਲਡ ਵਿਚ ਡਿਪਟੀ ਮੈਨੇਜਰ ਰਖਵਾ ਦੇਣਗੇ।"

"ਤੇਰਾ ਮੋਟਰਸਾਇਕਲ ਕਿੱਥੇ ਆ?" ਤੇਰੀ ਮੰਮੀ ਨੇ ਮੁੜ ਫ਼ੋਨ ਮੈਥੋਂ ਫੜ ਲਿਆ।

"ਨਾਨੀ ਜੀ ਦਾ ਕੀ ਹਾਲ ਏ? ਕਹਿੰਦੇ ਅੱਖਾਂ ਦਾ ਅਪ੍ਰੇਸ਼ਨ ਹੋਣਾ ਸੀ।"

"ਮੈਂ ਪੁੱਛਦੀ ਹਾਂ ਤੇਰਾ ਮੋਟਰਸਾਇਕਲ ਕਿੱਥੇ ਆ?"

"ਚੰਗਾ ਪੈਰੀਂ ਪੈਨਾ ਏਂ। ਆਵਾਜ਼ ਨੀ ਕਲੀਅਰ ਆਉਂਦੀ।" ਤੂੰ ਫ਼ੋਨ ਬੰਦ ਕਰ ਦਿੱਤਾ ਸੀ।

ਤੇਰੀ ਮੰਮੀ ਕਹਿਣ ਲੱਗੀ, "ਪੋਤਾ ਹੋਇਆ ਏ। ਚਲੋ ਪੰਜੀਰੀ ਦੇ ਆਈਏ। ਆਪਾਂ ਹੋਰ ਕਿਹੜੀ ਖੁਸ਼ੀ ਦੇਖੀ ਏ। ਆਪਣੀ ਜੜ੍ਹ ਲੱਗ ਗਈ।"

"ਤੂੰ ਜਾਣਾ ਏਂ ਚਲੀ ਜਾ। ਮੈਂ ਉਸ ਦੇ ਮੱਥੇ ਨਹੀਂ ਲੱਗਣਾ ਚਾਹੁੰਦਾ।" ਮੈਂ ਕਿਹਾ।

ਤੇਰੀ ਮਾਂ ਪੰਜੀਰੀ ਲੈ ਕੇ ਦਿੱਲੀ ਗਈ। ਕੱਪੜੇ-ਲੱਤੇ ਸਮੇਤ ਛੇ ਹਜ਼ਾਰ ਲੱਗ ਗਿਆ। ਪੋਤੇ ਦੀ ਪਾਰਟੀ ਲੈਣ ਲਈ ਤਾਸ਼ ਵਾਲੇ ਮੇਰੇ ਪੈਰ ਵੱਢਣ ਲੱਗੇ ਤਾਂ ਦਾਰੂ ਦੀ ਪੇਟੀ ਮੇਰੀ ਲੱਗ ਗਈ।

ਭੂਰੇ ਨੇ ਅੱਧੇ ਘੰਟੇ ਵਿਚ ਹੀ ਸਾਨੂੰ ਖੰਨੇ ਰੇਲਵੇ ਸਟੇਸ਼ਨ 'ਤੇ ਪੁਚਾ ਦਿੱਤਾ। ਮੋਟਰਸਾਇਕਲ ਬਾਹਰ ਖੜ੍ਹਾ ਕੇ ਉਹ ਸਾਡੇ ਨਾਲ ਹੀ ਪਲੇਟਫਾਰਮ 'ਤੇ ਆ ਗਿਆ। ਐਕਸਪ੍ਰੈੱਸ ਗੱਡੀ ਆਉਣ ਵਾਲੀ ਸੀ ਪਰ ਉਸ ਦਾ ਕਿਰਾਇਆ ਡਬਲ ਨਾਲੋਂ ਵੀ ਵੱਧ ਸੀ। ਦੋ ਘੰਟੇ ਮਗਰੋਂ ਪਸੰਜਰ ਗੱਡੀ ਨੇ ਵੀ ਆ ਹੀ ਜਾਣਾ ਸੀ।

"ਹੁਣ ਤੇਰੀ ਸੇਵਾ ਕੀ ਕਰਾਂ?" ਮੈਂ ਭੂਰੇ ਨੂੰ ਕਿਹਾ।

"ਸੇਵਾ ਕਾਹਦੀ? ਕੋਈ ਖ਼ੁਸ਼ੀ ਦਾ ਟਾਇਮ ਹੁੰਦਾ ਤਾਂ ਸੇਵਾ ਵੀ ਕਰਵਾ ਲੈਂਦਾ।"

ਤੇਰੀ ਮੰਮੀ ਨੂੰ ਬੈਂਚ 'ਤੇ ਬਿਠਾ ਕੇ ਮੈਂ ਬੈਗ ਚੁੱਕਿਆ ਤੇ ਭੂਰੇ ਨੂੰ ਪਲੇਟਫਾਰਮ ਦੇ ਸਿਰੇ 'ਤੇ ਲੈ ਗਿਆ। ਮੈਂ ਉਹਲਾ ਕਰਕੇ ਬੋਤਲ ਖੋਲ੍ਹੀ ਤੇ ਟੂਟੀਆਂ ਲਾਗੇ ਬੈਠ ਅਸੀਂ ਦੋ-ਦੋ ਪੈੱਗ ਲਾ ਲਏ। ਭੂਰਾ ਉਥੋਂ

ਹੀ ਹੇਠ ਵਾਲੇ ਪਾਸੇ ਨੂੰ ਉਤਰ ਕੇ ਚਲਾ ਗਿਆ। ਮੈਂ ਤੇਰੀ ਮੰਮੀ ਕੋਲ ਜਾ ਕੇ ਬੈਗ ਬੈਂਚ 'ਤੇ ਰੱਖਿਆ ਤੇ ਟਿਕਟਾਂ ਲੈ ਆਇਆ।

ਪਰਲ-ਪਰਲ ਕਰਕੇ ਚਾਰ-ਪੰਜ ਹੰਝੂ ਤੇਰੀ ਮੰਮੀ ਦੀਆਂ ਪਲਕਾਂ ਤੋਂ ਤਿਲਕੇ। ਮੈਂ ਕਿਹਾ, "ਕੀ ਹੋਇਆ ਤੈਨੂੰ? ਹੌਸਲਾ ਰੱਖ। ਇਹ ਆਪਣੇ ਪੁੱਤ ਵੱਲੋਂ ਦਿੱਤਾ ਜਾਣ ਵਾਲਾ ਆਖਰੀ ਦੁੱਖ ਏ। ਇਸ ਨੂੰ ਖੁਸ਼ੀ ਖੁਸ਼ੀ ਸਹਿ ਲਾ।" ਤੇਰੀ ਮੰਮੀ ਨੇ ਅੱਖਾਂ ਪੂੰਝ ਦਿੱਤੀਆਂ ਤੇ ਥੋੜ੍ਹਾ ਮੁਸਕਰਾਈ ਵੀ। ਥੋੜ੍ਹੇ ਚਿਰ ਮਗਰੋਂ ਬੋਲੀ, "ਘੱਟੋ-ਘੱਟ ਅੱਜ ਜੇ ਨਾ ਪੀਂਦੇ।"

"ਬੰਦੇ ਦੀ ਜ਼ਿੰਦਗੀ ਵਿਚ ਜਿਵੇਂ ਦੁੱਖ ਆਉਣੋਂ ਨਹੀਂ ਹਟਦੇ, ਉਵੇਂ ਖੁਸ਼ੀਆਂ ਵੀ ਆਉਣੋਂ ਨਹੀਂ ਹਟਦੀਆਂ।" ਮੈਂ ਕਿਹਾ।

"ਆਪਣੇ ਕੋਲ ਹੁਣ ਕਿਹੜੀ ਖੁਸ਼ੀ ਆਉਣੀ ਏਂ?" ਉਹ ਬੋਲੀ।

"ਇਕ ਖੁਸ਼ੀ ਆਪਾਂ ਨੂੰ ਉਡੀਕ ਰਹੀ ਏ।"

"ਕਿਹੜੀ?"

"ਆਪਾਂ ਮਿੰਨੀ ਅਤੇ ਆਪਣੇ ਪੋਤੇ ਨੂੰ ਆਪਣੇ ਨਾਲ ਪਿੰਡ ਲੈ ਆਵਾਂਗੇ।" ਮੈਂ ਕਿਹਾ।

"ਲੈਅ...ਕੀ ਗੱਲਾਂ ਕਰਦੇ ਹੋ। ਮਿੰਨੀ ਪਿੰਡ ਨਹੀਂ ਆਉਣ ਲੱਗੀ।!"

"ਆਏਗੀ ਉਹ...ਹਰ ਹਾਲ ਆਏਗੀ...ਦੇਖ ਲੈਣਾ ਤੂੰ।" ਮੇਰੀਆਂ ਅੱਖਾਂ ਸਿੱਲ੍ਹੀਆਂ ਹੋਣ ਲੱਗੀਆਂ।

"ਉਹ ਕਿਵੇਂ?"

"ਮੈਂ ਮਿੰਨੀ ਦੇ ਪੈਰ ਫੜ ਲਵਾਂਗਾ। ਉਹ ਮੈਨੂੰ ਜਵਾਬ ਦੇ ਹੀ ਨਹੀਂ ਸਕੇਗੀ।"

"ਅਜੇ ਉਸ ਵਿਚਾਰੀ ਦੀ ਉਮਰ ਹੀ ਕੀ ਏ। ਮਾਪੇ ਉਸ ਨੂੰ ਹੋਰ ਥਾਂ ਬਿਠਾਉਣਾ ਚਾਹੁਣਗੇ।"

"ਜੇ ਇਹ ਗੱਲ ਵੀ ਹੋਈ ਤਾਂ ਮੈਂ ਉਸ ਦਾ ਵਿਆਹ ਆਪਣੇ ਹੱਥੀਂ ਕਰਾਂਗਾ। ਧੀ ਬਣਾ ਕੇ ਤੋਰ ਦਿਆਂਗਾ ਉਸ ਨੂੰ।" ਮੈਂ ਰੋਣ ਲੱਗ ਪਿਆ। ਤੇਰੀ ਮੰਮੀ ਵੀ ਰੋ ਪਈ।

"ਆਪਾਂ ਸਾਰੀ ਉਮਰ ਖਿਆਲਾਂ ਦੇ ਕਿਲੇ ਉਸਾਰਦੇ ਰਹੇ ਪਰ...।" ਉਹ ਬੋਲੀ।

ਐਨ ਉਸੇ ਵੇਲੇ ਉੱਤਰ ਵੱਲੋਂ ਕਾਲੀ ਘਟਾ ਚੜ੍ਹ ਆਈ। ਬੱਦਲਾਂ ਦੇ ਹੇਠ ਚਿੱਟੇ ਬਗਲੇ ਚਮਕਣ ਲੱਗੇ। ਨਾਲ ਹੀ ਹਨੇਰੀ ਆ ਗਈ। ਸੁੱਕੇ ਪੱਤੇ ਲਹਿਰੀਏ ਪਾਉਂਦੇ ਅੱਧ-ਸਮਾਨੀਂ ਜਾ ਚੜ੍ਹੇ। ਪਲੇਟਫਾਰਮ ਦੀ ਟੀਨਾਂ ਦੀ ਛੱਤ ਉੱਤੇ ਕਿਣੀਆਂ ਡਿੱਗਣ ਲੱਗ ਪਈਆਂ।

ਪਸੈਂਜਰ ਸੱਤ ਵਜੇ ਆਈ। ਅਸੀਂ ਗੱਡੀ ਵਿਚ ਵੜੇ। ਗੱਡੀ ਖਾਲੀ ਵਰਗੀ ਹੀ ਸੀ। ਜਿਹੜੀ ਸੀਟ ਅਸੀਂ ਲਈ ਉਸ ਤੋਂ ਸਾਮ੍ਹਣੀ ਉੱਤੇ ਇਕ ਫੌਜੀ, ਉਹਦੀ ਘਰ ਵਾਲੀ ਤੇ ਦੋ ਖ਼ੂਬਸੂਰਤ ਨੌਜਵਾਨ ਕੁੜੀਆਂ, ਜਿਹਨਾਂ ਦੀ ਸ਼ਕਲ ਇਕੋ ਜਿਹੀ ਸੀ, ਬੈਠੀਆਂ ਸਨ। ਮੈਨੂੰ ਲੱਗਾ ਜਿਵੇਂ ਹੰਸਾਂ ਦੀ ਜੋੜੀ ਬੈਠੀ ਹੋਵੇ। ਭਾਵੇਂ ਤੂੰ ਗੋਲਡੀ ਤੋਂ ਦੋ ਸਾਲ ਵੱਡਾ ਸੀ, ਪਰ ਤੁਸੀਂ ਦੋਨੋਂ ਇਕੋ ਜਿਹੇ ਲਗਦੇ। ਤੁਸੀਂ ਸਕੂਲ ਦੀ ਵਰਦੀ ਪਾ ਕੇ, ਟਾਈਆਂ ਲਾ ਕੇ ਸਕੂਲ ਦੀ ਬੱਸ ਫੜਦੇ ਤਾਂ ਲੋਕੀਂ ਤੁਹਾਨੂੰ ਹੰਸਾਂ ਦੀ ਜੋੜੀ ਆਖਦੇ। ਤੇਰੀ ਮੰਮੀ ਤੁਹਾਡੇ ਕੰਨਾਂ ਪਿੱਛੇ ਲੋਅ ਦਾ ਟਿੱਕਾ ਲਾਉਣਾ ਕਦੀ ਨਾ ਭੁੱਲਦੀ, ਮਤੇ ਉਸ ਦੇ ਲਾਲਾਂ ਨੂੰ ਕੋਈ ਭੈੜੀ ਨਜ਼ਰ ਲੱਗ ਜਾਵੇ।

ਗੱਡੀ ਤੁਰੀ ਤਾਂ ਬਾਰਸ਼ ਵੀ ਵਧ ਗਈ। ਠੰਡੀ ਹਵਾ ਦੇ ਫਰਾਟੇ ਅੰਦਰ ਆਉਣ ਲੱਗੇ। ਉਂਝ ਤਾਂ ਤੈਨੂੰ ਪਤਾ ਹੀ ਏ ਕਿ ਆਮ ਤੌਰ 'ਤੇ ਚੁੱਪ ਰਹਿਣ ਦਾ ਮੇਰਾ ਸੁਭਾਅ ਏ। ਪਰ ਜਦੋਂ ਨਸ਼ੇ ਵਿਚ ਹੋਵਾਂ ਤਾਂ ਗੱਲਾਂ ਕਰਨ ਨੂੰ ਬੜਾ ਦਿਲ ਕਰਦਾ ਏ। ਗੱਲਾਂ ਫੁਰਦੀਆਂ ਵੀ ਬਹੁਤ ਨੇ। ਹੁਣ ਵੀ ਇਹੀ ਹੋਇਆ। ਮੈਂ ਫੌਜੀ ਨੂੰ ਕਿਹਾ, "ਸਰਦਾਰ ਸਾਹਬ ਕਿੱਥੇ ਤਸ਼ਰੀਫ ਲੈ ਜਾ ਰਹੇ ਹੋ?"

ਮੇਰੇ ਪੁੱਛਣ ਦੀ ਦੇਰ ਸੀ ਕਿ ਉਹ ਸ਼ੁਰੂ ਹੋ ਗਿਆ। ਉਸ ਨੇ ਦੱਸਿਆ ਕਿ ਉਹ ਜਲੰਧਰ ਕੈਂਟ ਸਿੱਖ ਰਜਮੈਂਟ ਵਿਚ ਸੂਬੇਦਾਰ ਮੇਜਰ ਸੀ। ਰਾਜਪੁਰੇ ਲਾਗੇ ਉਹਨਾਂ ਦਾ ਪਿੰਡ ਸੀ। ਜਿੱਥੇ ਉਸਦੇ ਭਰਾ ਖੇਤੀ ਕਰਦੇ ਸਨ। ਕੁੜੀਆਂ ਨੂੰ ਛੁੱਟੀਆਂ ਸਨ, ਇਸੇ ਲਈ ਉਹ ਪਿੰਡ ਜਾ ਰਹੇ ਸਨ। ਪਸੈਂਜਰ ਗੱਡੀ



ਵਿਚ ਉਹ ਇਸੇ ਲਈ ਸਫ਼ਰ ਕਰ ਰਹੇ ਸਨ ਕਿ ਐਕਸਪ੍ਰੈੱਸ ਉਹਨਾਂ ਦੇ ਪਿੰਡ ਰੁਕਦੀ ਨਹੀਂ ਸੀ।

ਮੈਂ ਦੇਖਿਆ ਕਿ ਜਦੋਂ ਉਸ ਦੀ ਪਤਨੀ ਨੇ ਉਸ ਦਾ ਪੈਰ ਦੱਬਿਆ, ਉਹ ਇਕ ਦਮ ਚੁੱਪ ਕਰ ਗਿਆ ਜਿਵੇਂ ਉਸ ਨੇ ਸਵਿੱਚ ਆਫ ਕਰ ਦਿੱਤੀ ਹੋਵੇ। ਮੈਂ ਅੰਦਾਜ਼ਾ ਲਾਇਆ ਕਿ ਫੌਜੀ ਨੇ ਜ਼ਰੂਰ ਪੀਤੀ ਹੋਵੇਗੀ, ਤਦੇ ਉਸ ਦੀ ਪਤਨੀ ਉਸ ਨੂੰ ਕੰਟਰੋਲ ਕਰ ਰਹੀ ਸੀ।

"ਹੋਰ ਵੀ ਕੋਈ ਬੱਚਾ ਹੈ ਜੀ ਤੁਹਾਡਾ?" ਮੈਂ ਕਿਹਾ।

"ਜੀ, ਬੱਸ ਇਹੋ ਦੋ ਧੀਆਂ ਨੇ।" ਉਸਦੀ ਘਰ ਵਾਲੀ ਬੋਲੀ।

"ਫੇਰ ਤਾਂ ਜੀ ਬਹੁਤ ਲੱਕੀ ਹੋ। ਮੁੰਡਿਆਂ ਦਾ ਤਾਂ ਤੁਹਾਨੂੰ ਪਤਾ ਹੀ ਹੈ ਅੱਜ ਕੱਲ੍ਹ। ਵਾਅ ਹੀ ਭੈੜੀ ਵਗੀ ਹੋਈ ਏ। ਮੇਰਾ ਨੀ ਖਿਆਲ ਕਾਲਿਜਾਂ ਵਿਚ ਕੋਈ ਮੁੰਡਾ ਅਜਿਹਾ ਹੋਊ ਜਿਹੜਾ ਨਸ਼ੇ ਨੀ ਕਰਦਾ ਹੋਊ।" ਤੇਰੀ ਮੰਮੀ ਨੇ ਮੇਰੇ ਕੂਹਣੀ ਖਭੋਈ ਤਾਂ ਮੈਂ ਚੁੱਪ ਕਰ ਗਿਆ।

ਥੋੜ੍ਹੀ ਦੂਰ ਜਾ ਕੇ ਮੈਂ ਫੌਜੀ ਨੂੰ ਕਿਹਾ, "ਕਿੱਥੇ ਪੜ੍ਹਦੀਆਂ ਨੇ ਜੀ ਬੇਟੀਆਂ?"

"ਜੀ ਦੋਨੋਂ ਜਲੰਧਰ ਡੀ. ਏ. ਵੀ. ਵਿਚ ਐੱਮ. ਐੱਸ. ਸੀ. ਕਰ ਰਹੀਆਂ ਨੇ। ਇਸ ਨੇ ਪਿਛਲੇ ਸਾਲ ਬੀ. ਐੱਸ. ਸੀ. ਵਿਚ ਕਾਲਿਜ 'ਚੋਂ ਟਾਪ ਕੀਤਾ ਸੀ ਤੇ ਇਸ ਨੇ ਐਥਲੈਟਿਕਸ ਵਿਚ ਪਤਾ ਨਹੀਂ ਕਿੰਨੀਆਂ ਟਰਾਫ਼ੀਆਂ ਜਿੱਤੀਆਂ ਨੇ। ਨੈਸ਼ਨਲ ਖੇਡਾਂ ਵਿਚ ਦੋ ਗੋਲਡ ਮੈਡਲ ਲਏ ਸਨ ਇਸ ਨੇ। ਪ੍ਰੋਫੈਸਰ ਵੀ ਹੈਰਾਨ ਹੁੰਦੇ ਨੇ ਕਿ ਸਾਇੰਸ ਦੀ ਸਟੂਡੈਂਟ ਤੇ ਖੇਡਾਂ ਵਿਚ ਮੋਹਰੀ। ਇਹ ਮੇਰੇ ਵਾਈਫ਼ ਸਰਕਾਰੀ ਸਕੂਲ ਵਿਚ ਡੀ. ਪੀ. ਲੱਗੇ ਹੋਏ ਨੇ। ਇਹਨਾਂ ਕਰਕੇ ...।" ਉਸ ਦੀ ਪਤਨੀ ਨੇ ਫਿਰ ਉਸ ਦਾ ਪੈਰ ਦੱਬ ਕੇ ਸਵਿੱਚ ਆਫ ਕਰ ਦਿੱਤੀ। ਮੇਰਾ ਜੀਅ ਕਰਦਾ ਸੀ ਕਿ ਫੌਜੀ ਨੂੰ ਇਕ ਅੱਧ ਪੈੱਗ ਲਾਉਣ ਲਈ ਸੁਲ੍ਹਾ ਮਾਰਾਂ, ਪਰ ਔਰਤਾਂ ਤੇ ਕੁੜੀਆਂ ਦੀ ਮੌਜੂਦਗੀ ਕਰ ਕੇ ਚੁੱਪ ਕਰ ਗਿਆ।

"ਜੀ ਤੁਹਾਡੇ ਬੱਚੇ ਤਾਂ ਵੱਡੇ ਹੋਣਗੇ।" ਔਰਤ ਨੇ ਤੇਰੀ ਮੰਮੀ ਨੂੰ ਪੁੱਛਿਆ, ਪਰ ਮੈਂ ਬੋਲ ਪਿਆ, "ਬੱਸ ਜੀ, ਕਾਹਦੇ ਬੱਚੇ। ਇਕ ਪਹਿਲਾਂ ਨਸ਼ੇ ਕਰਦਾ ਮਰ ਗਿਆ ਸੀ। ਹੁਣ ਦੂਜੇ ਨੂੰ ਕਿਸੇ ਨੇ ਮਾਰ ਦਿੱਤਾ ਏ ਦਿੱਲੀ। ਔਲਾਦ ਨੇ ਤਬਾਹ ਕਰ ਦਿੱਤੇ ਜੀ।"

ਤੇਰੀ ਮੰਮੀ ਅੱਖਾਂ ਪੂੰਝਣ ਲੱਗੀ ਤੇ ਬਿਨਾਂ ਕਿਸੇ ਦੇ ਪੁੱਛੇ ਆਪਣੇ ਦੁੱਖਾਂ ਦੀ ਗਠੜੀ ਖੋਹਲ ਕੇ ਬੈਠ ਗਈ। ਔਰਤ ਨੇ ਜਿਵੇਂ ਕਿਸੇ ਡਰ ਨਾਲ ਦੋਨਾਂ ਕੁੜੀਆਂ ਨੂੰ ਆਪਣੇ ਨਾਲ ਘੁੱਟ ਲਿਆ। ਫੌਜੀ ਵੀ ਬਿਨਾਂ ਬੋਲੇ ਐਧਰ-ਉੱਧਰ ਝਾਕਣ ਲੱਗਾ। ਮੁੜ ਉਸ ਨੇ ਕੋਈ ਗੱਲ ਸਾਂਝੀ ਨਾ ਕੀਤੀ। ਉਹ ਆਪਣਾ ਸਟੇਸ਼ਨ ਆਉਣ ਤੋਂ ਪਹਿਲਾਂ ਹੀ ਸਮਾਨ ਸਮੇਟਦੇ ਦਰਵਾਜ਼ੇ ਕੋਲ ਜਾ ਖੜ੍ਹੇ। ਤੇਰੀ ਮੰਮੀ ਬਾਥਰੂਮ ਗਈ ਤਾਂ ਮੈਂ ਬੈਗ 'ਚੋਂ ਬੋਤਲ ਕੱਢ ਇਕ ਪੈੱਗ ਹੋਰ ਲਾ ਲਿਆ ਤੇ ਸੀਟ ਉੱਤੇ ਲੇਟਦਾ ਗਾਉਣ ਲੱਗ ਪਿਆ, "ਜੱਗ ਜੰਕਸ਼ਨ ਰੇਲਾਂ ਦਾ ਭਰਾਵੋ ਇਕ ਆਵੇ ਇਕ ਜਾਵੇ।"

ਤੇਰੀ ਮੰਮੀ ਦੁਪਹਿਰ ਦੀਆਂ ਬਚੀਆਂ ਤਿੰਨ ਰੋਟੀਆਂ ਅਤੇ ਅਚਾਰ ਲੜ ਬੰਨ੍ਹ ਲਿਆਈ ਸੀ। ਅੰਬਾਲਾ ਸਿਟੀ ਪੁੱਜ ਅਸੀਂ ਦੋ ਡੂਨੇ ਸਬਜ਼ੀ ਦੇ ਲੈ ਲਏ ਤੇ ਰੋਟੀ ਖਾ ਲਈ। ਉੱਥੇ ਗੱਡੀ ਬੜੀ ਦੇਰ ਰੁਕੀ ਰਹੀ। ਮੀਂਹ ਪੈਣ ਕਰ ਕੇ ਹੁੰਮਸ ਬੜੀ ਸੀ। ਗੱਡੀ ਚੱਲੀ ਤਾਂ ਜ਼ਰਾ ਸੁੱਖ ਦਾ ਸਾਹ ਆਇਆ। ਗੱਡੀ ਜਿਵੇਂ ਚਲਦੀ-ਚਲਦੀ ਥੱਕ ਗਈ ਹੋਵੇ। ਇਕ ਵਾਰੀ ਜਿੱਥੇ ਰੁਕ ਜਾਂਦੀ, ਉਨੀ ਦੇਰ ਨਾ ਚਲਦੀ, ਜਿੰਨੀ ਦੇਰ ਪਿੱਛੋਂ ਆਉਣ ਵਾਲੀਆਂ ਇਕ-ਦੋ ਗੱਡੀਆਂ ਲੰਘ ਨਾ ਜਾਂਦੀਆਂ। ਕੋਲੋਂ ਲੰਘਦੀ ਹਰ ਇਕ ਗੱਡੀ ਜਿਵੇਂ ਸਾਡਾ ਮੂੰਹ ਚਿੜਾਉਂਦੀ। ਜ਼ਿੰਦਗੀ ਵਿਚ ਵੀ ਅਸੀਂ ਪਸੈਂਜਰ ਗੱਡੀ ਉੱਤੇ ਸਵਾਰ ਹੋ ਗਏ ਸਾਂ ਤੇ ਦੁਨੀਆਂ ਤੋਂ ਬੜਾ ਪਿੱਛੇ ਰਹਿ ਗਏ ਸਾਂ। ਗੱਡੀ ਚੱਲ ਰਹੀ ਹੁੰਦੀ ਤਾਂ ਤੇਰੀ ਮੰਮੀ ਲੇਟ ਜਾਂਦੀ। ਰੁਕਦੀ ਤਾਂ ਉਹ ਉੱਠ ਕੇ ਬੈਠ ਜਾਂਦੀ ਤੇ ਕਹਿੰਦੀ, "ਮੈਨੂੰ ਨਹੀਂ ਲਗਦਾ ਇਹ ਦਿੱਲੀ ਪਹੁੰਚੂ ਵੀ।"

ਲਟਾਪੀਂਘ ਹੁੰਦੀ ਗੱਡੀ ਨੇ ਸਾਨੂੰ ਸਵੇਰੇ ਸੱਤ ਵਜੇ ਨਵੀਂ ਦਿੱਲੀ ਦੇ ਰੇਲਵੇ ਸਟੇਸ਼ਨ 'ਤੇ ਲਾ ਦਿੱਤਾ। ਮੀਂਹ ਤਾਂ ਬਿਲਕੁਲ ਬੰਦ ਸੀ, ਪਰ ਠੰਡੀ ਹਵਾ ਉਵੇਂ ਚੱਲ ਰਹੀ ਸੀ। ਅਸੀਂ ਵੇਟਿੰਗ ਹਾਲ ਵਿਚ ਜਾ ਬੈਠੇ ਤੇ ਵਾਰੋ-ਵਾਰੀ ਬਾਥਰੂਮ ਹੋ ਆਏ।

"ਖਾ-ਪੀ ਕੇ ਜਾਣਾ ਠੀਕ ਹੁੰਦਾ ਏ। ਉੱਥੇ ਫਿਰ ਕੁਝ ਨਹੀਂ ਮਿਲਣਾ ਸਾਰਾ ਦਿਨ।" ਮੈਂ ਕਿਹਾ ਤੇ ਅਸੀਂ ਇਕ ਰੇਹੜੀ ਕੋਲ ਜਾ ਖੜ੍ਹੇ। ਉਸ ਨੇ ਛੋਲਿਆਂ ਦੀ ਸਬਜ਼ੀ ਨਾਲ ਤਾਜ਼ੀਆਂ ਪੂਰੀਆਂ ਲਾਹ ਦਿੱਤੀਆਂ। ਪੂਰੀਆਂ ਵਾਹ-ਵਾਹ ਮੋਟੀਆਂ ਸਨ ਤੇ ਛੋਲੇ ਬੜੇ ਸਵਾਦੀ ਸਨ। ਸਾਨੂੰ ਆਪਣੇ ਇਕ ਮਿੱਤਰ ਦੀ ਕਹੀ ਗੱਲ ਚੇਤੇ ਆਈ। ਉਸ ਨੇ ਦੱਸਿਆ ਸੀ ਕਿ ਲੁਧਿਆਣੇ ਇਕ ਛੋਲਿਆਂ ਦੀ ਰੇੜ੍ਹੀ ਵਾਲੇ ਕੋਲ ਐਨੀ ਭੀੜ ਹੁੰਦੀ ਹੈ ਕਿ ਲਾਈਨ ਲਗਦੀ ਹੈ। ਦਰਅਸਲ ਉਹ ਪਤੀਲੇ ਵਿਚ ਬੱਕਰੇ ਦੀ ਸਿਰੀ ਪਾ ਕੇ ਛੋਲੇ ਰਿੰਨ੍ਹਦਾ ਸੀ।

ਅਸੀਂ ਸਟੇਸ਼ਨ ਤੋਂ ਬਾਹਰ ਨਿਕਲੇ ਤੇ ਪੀ.ਸੀ.ਓ. ਤੋਂ ਮਿੰਨੀ ਨੂੰ ਫੋਨ ਮਿਲਾਇਆ। ਉੱਧਰੋਂ ਬੇਪਛਾਣ ਜਿਹੀਂ ਆਵਾਜ਼ ਆਈ, "ਕਹੀਏ...ਕੌਨ ਸਾਹਬ ਬੋਲਤ ਹੈ?"

"ਤੁਸੀਂ ਕੌਣ ਬੋਲ ਰਹੇ ਹੋ?" ਮੈਂ ਪੁੱਛਿਆ।

"ਪੈਰੀ ਪੈਨਾਂ ਏਂ ਡੈਡੀ ਜੀ। ਕੀ ਹਾਲ ਏ ਤੁਹਾਡਾ?" ਤੂੰ ਕਿਹਾ।

"ਤੈਨੂੰ ਤਾਂ ਕੋਈ ਮਾਰ ਕੇ ਰੇਲਵੇ ਲਾਈਨਾਂ 'ਤੇ ਸੁੱਟ ਗਿਆ ਸੀ। ਤੂੰ ਜਿਊਂਦਾ ਏਂ?"

"ਜਿਊਂਦਾਂ ਡੈਡੀ ਜੀ, ਤਾਂ ਹੀ ਤਾਂ ਬੋਲ ਰਿਹਾਂ। ਆਪਣੀ ਜਾਣੇ ਤਾਂ ਉਹ ਮਾਰ ਕੇ ਹੀ ਸੁੱਟ ਗਏ ਸਨ, ਪਰ ਜਿਸ ਕੋ ਰਾਖੇ ਸਾਈਆਂ ਮਾਰ ਸਕੇ ਨਾ ਕੋਇ।"

"ਕੀ ਗੱਲ ਹੋਈ ਸੀ?" ਮੈਂ ਪੁੱਛਿਆ।

"ਬੱਸ ਲੋਕ ਸਾਲੇ ਭੁੱਖੇ ਮਰਦੇ ਹਰਲ-ਹਰਲ ਕਰਦੇ ਫਿਰਦੇ ਨੇ। ਕੁਝ ਬੰਦਿਆਂ ਨੇ ਮੈਨੂੰ ਅਗਵਾ ਕਰ ਕੇ ਇਕ ਖੰਡਰ ਜਿਹੇ ਵਿਚ ਛੁਪਾ ਲਿਆ ਸੀ। ਛੱਡਣ ਬਦਲੇ ਮੇਰੇ ਸਹੁਰੇ ਤੋਂ ਲੱਖ ਰੁਪਏ ਦੀ ਫਿਰੌਤੀ ਮੰਗੀ ਸੀ। ਉਹ ਕਹਿੰਦੇ, ਅਸੀਂ ਇਸ ਨੂੰ ਮਾਰ ਦਿਆਂਗੇ। ਸਹੁਰਾ ਕਹਿੰਦਾ ਮਾਰ ਦੇਵੋ। ਉਹ ਮੈਨੂੰ ਅਧਮੋਇਆ ਕਰ ਕੇ ਰੇਲਵੇ ਪਟੜੀ 'ਤੇ ਸੁੱਟ ਗਏ ਤੇ ਸਹੁਰੇ ਨੂੰ ਫੋਨ ਕਰ ਦਿੱਤਾ ਕਿ ਚੁੱਕ ਲੈ ਜੋ, ਮਾਰ ਦਿੱਤਾ।"

"ਅੱਛਾ, ਫੇਰ ਕੀ ਹੋਇਆ?"

"ਫੇਰ ਕੀ ਹੋਣਾ ਸੀ?...ਮੈਂ ਡਿੱਗਦਾ-ਢਹਿੰਦਾ ਘਰ ਪਹੁੰਚਿਆ ਤਾਂ ਸਹੁਰਾ ਬਕਣ ਲੱਗ ਪਿਆ, ਅਖੇ ਇਹ ਸਭ ਪੈਸੇ ਲੁੱਟਣ ਖਾਤਰ ਮੈਂ ਹੀ ਡਰਾਮਾ ਰਚਾਇਆ ਸੀ। ਦੇਖ ਲਵੋ, ਕਿੰਨੇ ਕਮੀਨੇ ਰਿਸ਼ਤੇਦਾਰ ਟੱਕਰੇ ਨੇ ਆਪਾਂ ਨੂੰ।" ਤੂੰ ਕਿਹਾ।

"ਮਿੰਨੀ ਕਿੱਥੇ ਆ? ਜ਼ਰਾ ਗੱਲ ਕਰਾ।" ਮੈਂ ਕਿਹਾ।

"ਆਪਣੇ ਪਿਉ ਨਾਲ ਚਲੀ ਗਈ ਉਹ ਵੀ। ਬੜਾ ਬਕਵਾਸ ਕਰਦੀ ਸੀ। ਸਹੁਰਾ ਕਹਿੰਦਾ, ਹੁਣ ਕਦੀ ਨਹੀਂ ਭੇਜਾਂਗੇ। ਹੁਣ ਉਹਨਾਂ ਨੇ ਕੋਈ ਖਰਚਾ ਨਹੀਂ ਦੇਣਾ। ਮੈਨੂੰ ਤਾਂ ਰੋਟੀ ਦਾ ਵੀ ਔਖਾ ਹੋ ਗਿਆ। ਕੋਲ ਪੈਸਾ ਵੀ ਕੋਈ ਨਹੀਂ। ਮੈਂ ਤਾਂ ਪਿੰਡ ਆ ਜਾਣਾ ਏ। ਤੁਸੀਂ ਕਿੱਥੋਂ ਬੋਲਦੇ ਹੋ?" ਤੂੰ ਕਿਹਾ ਤਾਂ ਅਸੀਂ ਦੋਨੋਂ ਡਰ ਗਏ ਤੇ ਇਕ ਦੂਜੇ ਵੱਲ ਦੇਖਣ ਲੱਗੇ।

"ਅਸੀਂ ਪਿੰਡੋਂ ਹੀ ਬੋਲ ਰਹੇ ਹਾਂ। ਤੂੰ ਚੁੱਪ ਕਰ ਕੇ ਮਿੰਨੀ ਨੂੰ ਆਪਣੇ ਕੋਲ ਲੈ ਆ। ਐਥੇ ਪਿੰਡ ਆ ਕੇ ਤੂੰ ਕੀ ਕਰਨਾ ਏਂ।" ਮੈਂ ਕਿਹਾ।

"ਡੈਡੀ ਜੀ, ਮੈਂ ਬੜੀਆਂ ਗ਼ਲਤੀਆਂ ਕੀਤੀਆਂ। ਮੈਨੂੰ ਇਕ ਮੌਕਾ ਦੇ ਦਿਉ। ਮੈਂ ਸਰਬਣ ਪੁੱਤ ਬਣ ਕੇ ਤੁਹਾਡੀ ਸੇਵਾ ਕਰਨੀ ਚਾਹੁੰਦਾ ਹਾਂ। ਸਭ ਕੁਝ ਮਿਲ ਜਾਂਦਾ ਏ ਬੰਦੇ ਨੂੰ। ਮਾਂ ਬਾਪ ਨਹੀਂ ਮੁੜ ਕੇ ਮਿਲਦੇ ਹੁੰਦੇ। ਮੈਂ ਤੁਹਾਡੀ ਸਹੁੰ...।" ਮੈਂ ਫੋਨ ਕੱਟ ਦਿੱਤਾ ਤੇ ਤੇਰੀ ਮੰਮੀ ਵੱਲ ਦੇਖਣ ਲੱਗਾ। ਉਹ ਬੋਲੀ, "ਚਲੋ ਵਾਪਸੀ ਦੀ ਗੱਡੀ ਦੇਖੋ ਕੋਈ। ਬਚੋ, ਇਸ ਟੁੱਟ ਪੈਣੇ ਬਦਲੇ ਦੀ ਸੇਵਾ ਤੋਂ।" □□

[W-10/37, ਰੇਲਵੇ ਰੋਡ, ਦੋਰਾਹਾ, ਜ਼ਿਲ੍ਹਾ ਲੁਧਿਆਣਾ]



# ਖੁਸ਼ੀ ਦੀ ਕਲੀ

## ਰਤਨ ਸਿੰਘ

"ਤੂੰ ਮੈਨੂੰ ਬੜੀ ਚੰਗੀ ਲਗਦੀ ਏਂ"

ਉਸ ਸਾਧਾਰਨ ਜਿਹੇ ਰੰਗ-ਰੂਪ ਦੀ ਕੁੜੀ ਨੂੰ ਮੇਰੇ ਇਹ ਬੋਲ ਸੁਣਕੇ ਬੜਾ ਅਚੰਭਾ ਜਿਹਾ ਹੋਇਆ। ਜਿਵੇਂ ਉਹਨੂੰ ਆਪਣੇ ਆਪ 'ਤੇ ਯਕੀਨ ਨਾ ਆ ਰਿਹਾ ਹੋਵੇ ਕਿ ਮੈਂ ਕੀ ਆਖਿਆ ਏ। ਉਹਨੇ ਹੈਰਾਨੀ ਭਰੀਆਂ ਅੱਖਾਂ ਤੋਂ ਆਪਣੀਆਂ ਪਲਕਾਂ ਪੂਰੀਆਂ ਚੁੱਕੀਆਂ ਤੇ ਮੇਰੇ ਵੱਲ ਗਹੁ ਨਾਲ ਤੱਕਿਆ।

"ਹਾਂ ਮੈਂ ਤੈਨੂੰ ਪਿਆਰ ਕਰਦਾ ਹਾਂ। ਤੂੰ ਮੈਨੂੰ ਬੜੀ ਚੰਗੀ ਲਗਦੀ ਏਂ "

ਏਸ ਵਾਰੀ ਮੇਰੇ ਬੋਲ ਸੁਣਕੇ,ਉਹਨੇ ਬਾਂਹ ਉਲਾਰ ਕੇ ਆਪਣੀ ਚੁੰਨੀ ਮੋਢੇ ਤੋਂ ਲਾਹੀ,ਉਹਨੂੰ ਚੰਗੀ ਤਰ੍ਹਾਂ ਫੈਲਾ ਕੇ ਏਸ ਤਰ੍ਹਾਂ ਬੁੱਕਲ ਮਾਰੀ,ਜਿਵੇਂ ਮੇਰੇ ਪਿਆਰ ਭਰੇ ਲਫਜ਼ਾਂ ਨੂੰ ਆਪਣੀ ਚੁੰਨੀ ਵਿਚ ਸਮੇਟ ਰਹੀ ਹੋਵੇ। ਫੇਰ ਉਹਨੇ ਮੇਰੀ ਵੱਲ ਵੇਖਿਆ।

ਮੈਂ ਹਾਲੀ ਵੀ ਪਿਆਰ ਭਰੀਆਂ ਨਜ਼ਰਾਂ ਨਾਲ ਉਹਦੇ ਵੱਲ ਵੇਖ ਰਿਹਾ ਸਾਂ। ਮੇਰੇ ਚਿਹਰੇ 'ਤੇ ਛਲਕਦੇ ਹੋਏ ਪਿਆਰ ਦੀ ਝਲਕ ਵੇਖ ਕੇ, ਉਹਨੇ ਮੇਰੇ ਲਫਜ਼ਾਂ ਦੀ ਸਚਾਈ ਨੂੰ ਪਰਖਿਆ,ਸੋਚ ਦੀ ਤੱਕੜੀ 'ਤੇ ਤੋਲਿਆ। ਪਲੜਾ ਸਚਾਈ ਵਾਲੇ ਪਾਸੇ ਝੁਕਿਆ ਤਾਂ ਉਹਨੇ ਆਪਣੇ ਆਲੇ-ਦਵਾਲੇ ਵੇਖਿਆ ਤੇ ਫੇਰ ਜਿਵੇਂ ਸਵੇਰ ਦੀ ਨਰਮ ਜਿਹੀ ਹਵਾ ਦੀ ਛੋਹ ਪਾ ਕੇ ਕੋਈ ਕੱਚੀ ਕਲੀ ਖਿੜ ਪੈਂਦੀ ਏ,ਉਸੇ ਤਰ੍ਹਾਂ ਉਹਦੇ ਚਿਹਰੇ 'ਤੇ ਖੇੜਾ ਆ ਗਿਆ। ਮੁਸਕਾਨ ਖਿੰਡ ਗਈ। ਆਪਣੀ ਮੁਸਕਾਨ ਨੂੰ ਦੋਵਾਂ ਹੱਥਾਂ ਦੀਆਂ ਤਲੀਆਂ ਦੇ ਪਿੱਛੇ ਲੁਕਾਉਂਦੀ, ਸ਼ਰਮਾਉਂਦੀ ਹੋਈ ਆਪਣੇ ਘਰ ਵੱਲ ਨੱਠ ਗਈ।

ਮੈਂ ਆਪਣੇ ਪੈਰਾਂ 'ਤੇ ਖੜੋਤਾ ਸਾਂ,ਪਰ ਮੇਰੀਆਂ ਨਜ਼ਰਾਂ ਉਹਦੇ ਪਿੱਛੇ ਪਿੱਛੇ ਨੱਸੀ ਜਾ ਰਹੀਆਂ ਸਨ।

ਉਹਨੇ ਆਪਣੇ ਬੂਹੇ ਦੇ ਪਟ ਖੋਲ੍ਹੇ,ਅੰਦਰ ਵੜੀ,ਬੂਹਾ ਬੰਦ ਕੀਤਾ,ਤੇ ਫਿਰ,ਜਿਵੇਂ ਬੱਚੇ ਝਾਤ ਮਾਰਦੇ ਨੇ,ਉਸੇ ਤਰ੍ਹਾਂ ਉਹਨੇ ਬੂਹੇ ਦਾ ਇਕ ਪੱਟ ਖੋਲ੍ਹਿਆ,ਮੇਰੇ ਵੱਲ ਵੇਖਿਆ,ਤੇ ਮੈਨੂੰ ਅੰਗੂਠਾ ਦਿਖਾ ਕੇ ਹੌਲੀ ਹੌਲੀ ਹੱਸਦੇ ਬੂਹਾ ਬੰਦ ਕੀਤਾ। ਫੇਰ ਜ਼ਰਾ ਜਿੰਨਾ ਖੋਲ੍ਹਿਆ,ਫੇਰ ਢੋਹਿਆ,ਜਿਵੇਂ ਕਹਿ ਰਹੀ ਹੋਵੇ ਮੈਂ ਘਰ ਦਾ ਬੂਹਾ ਢੋਹ ਰਹੀ ਆਂ,ਪਰ ਮੇਰੇ ਦਿਲ ਦੇ ਪਟ ਤੇਰੇ ਪਿਆਰ ਦੀ ਉਡੀਕ ਵਿਚ ਸਦਾ ਖੁਲ੍ਹੇ ਰਹਿਣਗੇ।

ਇਹ ਗੱਲ ਉਦੋਂ ਦੀ ਏ, ਜਦੋਂ ਮੈਂ ਤਿਤਲੀਆਂ ਦੇ ਪਿੱਛੇ ਨੱਸਣ ਵਾਲੀ ਬਾਲੜੀ ਉਮਰ ਪਿੱਛੇ ਛੱਡ ਆਇਆ ਸਾਂ। ਹੁਣ ਇਹ ਤਿਤਲੀਆਂ,ਮੇਰੇ ਸੁਫਨਿਆਂ ਵਿਚ ਆਉਂਦੀਆਂ ਤੇ ਸਨ,ਪਰ ਛੇਤੀ ਹੀ ਉਹਨਾਂ ਦੇ ਰੰਗ-ਬਰੰਗੇ ਪਰਾਂ 'ਚੋਂ,ਸੋਹਣੇ ਰੰਗ ਦਾ ਕਿਸੇ ਪਰੀ ਦਾ ਚਿਹਰਾ ਛਲਕ ਪੈਂਦਾ,ਜਿਸ ਦੀਆਂ ਬਾਤਾਂ ਦਾਦੀ ਰੋਜ਼ ਰਾਤ ਨੂੰ ਪਾਇਆ ਕਰਦੀ ਸੀ। ਨਿੱਕੀਆਂ ਨਿੱਕੀਆਂ ਫੁੱਲਾਂ ਦੀਆਂ ਕਿਆਰੀਆਂ,ਪਰੀਆਂ ਦਾ ਦੇਸ਼ ਬਣ ਜਾਂਦੀਆਂ। ਪਰੀਆਂ ਦੇ ਦੇਸ਼ ਦੀਆਂ ਖ਼ੂਬਸੂਰਤ ਵਾਦੀਆ ਵਿਚ ਵਿਚਰਦਾ ਜਦ ਮੈਂ ਜਾਗਦਾ,ਤਾਂ ਮੇਰੀਆਂ ਅੱਖਾਂ ਵਿਚ ਸਾਰਾ ਦਿਨ ਸਰੂਰ ਜਿਹਾ ਭਰਿਆ ਰਹਿੰਦਾ।

ਦਿਨ ਨੂੰ ਜਾਗਦਾ ਹੋਇਆ ਮੈਂ ਗਵਾਚਿਆ ਗਵਾਚਿਆ ਜਿਹਾ ਰਹਿੰਦਾ। ਆਪਣੇ ਸਾਹਮਣੇ ਦਿਸਦੀ ਦੁਨੀਆ ਵਿਚ ਜਦ ਮੈਨੂੰ ਪਰੀਆਂ ਵਰਗੀ ਸੋਹਣੀ ਕੁੜੀ ਦਿਖਾਈ ਨਾ ਦੇਂਦੀ,ਤਾਂ ਮੇਰੀਆਂ ਅੱਖਾਂ ਵਿਚ ਸਰੂਰ ਦੀ ਥਾਂ ਉਦਾਸੀਆਂ ਭਰ ਜਾਂਦੀਆਂ।

ਮੈਨੂੰ ਬੱਸ ਬਹਾਨੇ ਦੀ ਲੋੜ ਹੁੰਦੀ ਸੀ।

ਗੱਲੇ ਗੱਲੇ ਰੋ ਪੈਂਦਾ ਸਾਂ।

ਬਗ਼ੈਰ ਗੱਲ ਤੋਂ ਵੀ। ਐਵੇਂ ਹੀ ਮਹਿਜ਼ ਮੈਨੂੰ ਛੇੜਨ ਲਈ ਕਿਸੇ ਨੇ ਮੇਰਾ ਨਾਂਅ ਲੈ ਕੇ

ਕਹਿਣਾਂ, "ਰੋ ਪਿਆ....ਰੋ ਪਿਆ।"

ਤੇ ਮੇਰੇ ਮੋਟੇ ਮੋਟੇ ਗਲੇਡੂ ਮੇਰੇ ਚਿਹਰੇ ਦੀ ਉਦਾਸੀ ਨੂੰ ਧੋਣ ਲੱਗ ਪੈਂਦੇ।

ਮੇਰੀ ਏਸ ਉਦਾਸੀ ਨੂੰ ਕੋਈ ਚੀਜ਼ ਦੂਰ ਨਹੀਂ ਸੀ ਕਰਦੀ। ਨਾ ਸਰ੍ਹੋਂ ਦਾ ਸਾਗ,ਨਾ ਦੁੱਧ ਵਿਚ ਰਿੱਝੀਆਂ ਮਿੱਠੀਆਂ ਮਿੱਠੀਆਂ ਸੇਵੀਆਂ;ਨਾ ਤੱਤਾ ਤੱਤਾ ਗੁੜ,ਨਾ ਦੇਸੀ ਸ਼ੱਕਰ ਦੇ ਸ਼ਰਬਤ ਵਿਚ ਘੁਲੇ ਜੌਆਂ ਦੇ ਸੱਤੂ।

ਬੱਸ ਰਾਤੀਂ ਸੌਣ ਲੱਗਿਆਂ ਦਾਦੀ ਬਾਤ ਪਾਉਂਦੀ,ਮੈਨੂੰ ਪਰੀਆਂ ਦੇ ਦੇਸ਼ ਵਿਚ ਲੈ ਜਾਂਦੀ,ਤਾਂ ਮੇਰੀ ਸਾਰੀ ਉਦਾਸੀ ਦੂਰ ਹੋ ਜਾਂਦੀ।

ਤੇ ਫੇਰ ਜਦੋਂ ਕਲਪਨਾ ਦੀ ਦੁਨੀਆਂ 'ਚੋਂ ਨਿਕਲ ਕੇ,ਮੇਰੀਆਂ ਅੱਖਾਂ ਨੂੰ ਆਪਣੇ ਆਲੇ-ਦਵਾਲੇ ਦੀ ਦੁਨੀਆ ਵਿਚ ਜਿਉਂਦੀਆਂ ਜਾਗਦੀਆਂ ਪਰੀਆਂ ਦੀ ਤਲਾਸ਼ ਹੋਈ ਤਾਂ ਮੇਰੀ ਨਜ਼ਰ ਸਭ ਤੋਂ ਪਹਿਲਾਂ ਏਸ ਕੁੜੀ 'ਤੇ ਪਈ ਜੋ ਸਾਧਾਰਨ ਜਿਹੇ ਨੈਣ-ਨਕਸ਼ ਵਾਲੀ ਕੁੜੀ ਸੀ।

ਪਹਿਲਾਂ ਤਾਂ ਮੈਂ ਬਹੁਤਾ ਗੌਲਿਆ ਨਹੀਂ।

ਪਰ ਫੇਰ ਮੈਨੂੰ ਪਤਾ ਈ ਨਾ ਲੱਗਾ ਕਿ ਉਹਦੀ ਸਾਧਾਰਨ ਜਿਹੀ ਸੂਰਤ,ਮੂਰਤ ਵਾਂਗੂੰ ਕਦੋਂ ਮੇਰੇ ਦਿਲ ਦੀ ਪੱਟੀ 'ਤੇ ਨਕਸ਼ ਹੋ ਗਈ।

ਇਕ ਰਾਤ ਮੈਂ ਸੁਫਨਾ ਵੇਖਿਆ। ਮੈਂ ਪਰੀਆਂ ਦੇ ਦੇਸ਼ ਵਿਚ ਵਿਚਰਦਾ ਪਿਆ ਸਾਂ ਕਿ ਮੈਂ ਕੀ ਵੇਖਦਾ ਹਾਂ,ਮੈਂ ਜਿਸ ਪਾਸੇ ਵੀ ਜਾਂਦਾ ਹਾਂ,ਮੈਨੂੰ ਏਹੋ ਕੁੜੀ ਹੀ ਨਜ਼ਰ ਆਉਂਦੀ ਸੀ। ਆਮ ਤੌਰ 'ਤੇ ਸੁਫਨੇ ਵਿਚ ਨਜ਼ਰ ਆਉਣ ਵਾਲੀਆ ਪਰੀਆਂ ਪਤਾ ਨਹੀਂ ਕਿੱਥੇ ਅਲੋਪ ਹੋ ਜਾਂਦੀਆਂ ਸਨ।

ਮੈਨੂੰ ਉਹ ਕੁੜੀ ਉਹਨਾਂ ਪਰੀਆਂ ਤੋਂ ਵੀ ਵੱਧ ਸੋਹਣੀ ਲੱਗੀ।

ਤੇ ਅਗਲੀ ਸਵੇਰ ਉਹ ਮੇਰੇ ਸਾਹਮਣੇ ਆਈ ਤਾਂ ਮੈਂ ਆਪਣੀ ਚਾਹਤ ਦਾ ਇਜ਼ਹਾਰ ਕਰ ਦਿੱਤਾ ਸੀ।

ਪਤਾ ਨਹੀਂ ਕੀ ਸੀ,ਮੇਰੀਆਂ ਅੱਖਾਂ 'ਚੋਂ ਛਲਕਦੇ,ਜਾਂ ਪਿਆਰ ਦੇ ਮੇਰੇ ਦੋ ਬੋਲਾਂ ਵਿਚ ਕੇਹਾ ਜਾਦੂ ਸੀ ਕਿ ਉਹ ਕੁੜੀ ਹੋਰ ਦੀ ਹੋਰ ਹੁੰਦੀ ਗਈ ਜਿਵੇਂ ਸੋਕੇ ਵਿਚ ਝੁਲਸਦੀ ਧਰਤੀ 'ਤੇ ਮੀਂਹ ਦੀਆਂ ਕਣੀਆਂ ਪੈ ਜਾਣ ਨਾਲ ਧਰਤੀ ਮਹਿਕ ਉਠਦੀ ਏ,ਉਸੇ ਤਰ੍ਹਾਂ ਉਸ ਕੁੜੀ ਦੇ ਰੂਪ ਦੀ ਕਸਤੂਰੀ ਮਹਿਕ ਪਈ ਤੇ ਉਹਦੀਆਂ ਅੱਖਾਂ ਵਿਚ ਇਕ ਸਰੂਰ ਜਿਹਾ ਭਰ ਗਿਆ।

ਉਹਦੇ ਰੂਪ ਦੀ ਮਹਿਕ ਨੇ ਆਲੇ-ਦਵਾਲੇ ਨੂੰ ਵੀ ਮਹਿਕਾ ਦਿੱਤਾ ਤਾਂ ਇਕ ਦਿਨ ਜਦ ਉਹ ਸਾਡੇ ਘਰ ਆਈ ਤਾਂ ਮੇਰੀ ਦਾਦੀ ਨੇ ਉਹਨੂੰ ਵੇਖਦੇ ਸਾਰ ਈ ਕਿਹਾ:

"ਹਾਏ ਨੀ ਤੱਤ ਪੜੱਤੀਏ! ਤੂੰ ਤੇ ਬੜੀ ਸੋਹਣੀ ਨਿਕਲੀ ਏਂ"।

ਮੇਰੀ ਦਾਦੀ ਦੇ ਇਹ ਬੋਲ ਸੁਣਕੇ,ਆਪਣੇ ਫੁਟ ਫੁਟ ਪੈਂਦੇ ਹਾਸੇ ਨੂੰ ਚੁੰਨੀ ਨਾਲ ਢਕਦੀ ਨੇ,ਮੇਰੇ ਵੱਲ ਵੇਖਿਆ ਤੇ ਮੈਨੂੰ ਅੰਗੂਠਾ ਵਿਖਾਉਂਦੀ ਆਪਣੇ ਘਰ ਨੂੰ ਪਰਤ ਗਈ।

ਉਸ ਤੋਂ ਬਾਅਦ ਗਲੀ ਵਿਚ ਆਉਂਦੀ ਜਾਂਦੀ,ਜਦ ਵੀ ਵਿਖਾਈ ਦੇਂਦੀ ਮੇਰੇ ਲਈ ਉਸੇ ਵੇਲੇ ਉਹ ਗਲੀ,ਪਰੀਆਂ ਦੇ ਦੇਸ਼ ਵਰਗੀ ਸੋਹਣੀ ਹੋ ਜਾਂਦੀ।

ਪਰ ਸੁਫਨਿਆਂ ਦੀ ਦੁਨੀਆਂ,ਚੁਮਾਸੇ ਦੇ ਬੱਦਲਾਂ ਵਰਗੀ ਹੁੰਦੀ ਏ,ਜੋ ਪਲ ਭਰ ਲਈ ਉਮੀਦ ਦੀ ਕਿਰਨ ਬਣਕੇ ਆਉਂਦੇ ਨੇ,ਤੇ ਅਗਲੇ ਪਲ ਹੀ ਧੁੱਪ ਦੀ ਗਰਮੀ ਨਾਲ ਘੁਲ ਕੇ ਜਦ ਉਹ ਹਵਾ ਵਿਚ ਹਵਾ ਹੋ ਜਾਂਦੇ ਨੇ ਤਾਂ ਧਰਤੀ ਤੇ ਜ਼ਿੰਦਗੀ ਹੁੱਸੜ ਦੀ ਮਾਰੀ ਲੁੱਛਦੀ ਰਹਿ ਜਾਂਦੀ ਏ।

ਮੇਰਾ ਖਿਆਲ ਸੀ ਕਿ ਦਾਦੀ ਨੂੰ ਜੇ ਉਹ ਕੁੜੀ ਚੰਗੀ ਲੱਗੀ ਏ ਤਾਂ ਮੇਰੇ ਲਈ ਗੱਲ ਚਲਾਏਗੀ।

ਜਾਂ ਹੋ ਸਕਦਾ ਏ ਕਿ ਕੁੜੀ ਦੇ ਦਿਲ ਦੇ ਝੁਕਾਅ ਨੂੰ ਸੁਣ-ਵੇਖ ਕੇ,ਕੁੜੀ ਦੇ ਮਾਂ-ਪਿਉ ਹੀ ਗੱਲ ਅੱਗੇ ਤੋਰਨ।

ਅਜੇ ਮੈਂ ਏਹੋ ਜਿਹੇ ਸੁਖ ਸੁਫਨੇ ਹੀ ਦੇਖ ਰਿਹਾ ਸਾਂ ਕਿ ਤਾਈਉਂ ਖਬਰ ਮਿਲੀ ਕਿ ਉਹਦੇ ਘਰ



ਵਾਲਿਆਂ ਨੇ ਕੁੜੀ ਦਾ ਵਿਆਹ ਧਰ ਦਿੱਤਾ ਏ। ਹੋਰ ਪੰਦਰਾਂ ਦਿਨਾਂ ਨੂੰ ਉਹਦੀ ਜੰਞ ਆਉਣ ਵਾਲੀ ਏ।

ਮੇਰੇ ਸੁਫਨੇ ਚਕਨਾ ਚੂਰ ਹੋ ਗਏ। ਚਿਹਰੇ 'ਤੇ ਉਦਾਸੀ ਛਾ ਗਈ।

ਪਰ ਮੈਂ ਵੇਖਿਆ,ਕੁੜੀ ਦੇ ਮੂੰਹ 'ਤੇ ਖੇੜਾ ਸੀ। ਆਉਣ ਵਾਲੇ ਦਿਨਾਂ ਦੇ ਚਾਅ ਨੇ ਉਹਨੂੰ ਹੋਰ ਸੋਹਣਾ ਬਣਾ ਦਿੱਤਾ ਸੀ। ਮੇਰੇ ਲਈ ਏਸ ਤੋਂ ਵੀ ਵੱਧ ਹੈਰਾਨੀ ਦੀ ਗੱਲ ਇਹ ਸੀ,ਕਿ ਮੇਰੇ ਵੱਲ ਵੇਖਕੇ ਉਹ ਪਹਿਲਾਂ ਵਾਂਗ ਹੀ ਖਿੜ ਖਿੜ ਪੈਂਦੀ ਸੀ,ਤੇ ਸਰੂਰ ਭਰੀਆਂ ਅੱਖਾਂ ਨਾਲ ਮੇਰੇ ਵੱਲ ਵੇਖਦੀ ਮੈਨੂੰ ਅੰਗੂਠਾ ਦਿਖਾਉਂਦੀ ਹੋਈ ਆਪਣੇ ਘਰ ਦੇ ਪਟ ਪਿੱਛੇ ਅਲੋਪ ਹੋ ਜਾਂਦੀ ਸੀ।

ਫੇਰ ਉਹਦੀ ਜੰਞ ਆਈ ਤਾਂ ਮੈਂ ਇਹ ਵੇਖਕੇ ਹੈਰਾਨ ਰਹਿ ਗਿਆ ਕਿ ਉਹਦਾ ਨੀਂਗਰ ਚੰਦ ਤਾਂ ਵਾਕਿਆਈ ਅਰਸ਼ ਦੇ ਚੰਨ ਵਰਗਾ ਸੋਹਣਾ ਸੀ। ਸਿਹਰਿਆਂ ਦੀਆ ਸੁਨਹਿਰੀ ਲੜੀਆਂ ਪਿੱਛੇ ਉਹਦੇ ਚਮਕਦੇ ਚਿਹਰੇ ਤੋਂ ਰਿਸ਼ਮਾਂ ਫੁਟ ਫੁਟ ਪੈਂਦੀਆਂ ਸਨ।

ਹੁਣ ਮੈਨੂੰ ਸਮਝ ਆਈ ਕਿ ਵਿਆਹ ਦੀ ਸੋਅ ਸੁਣ ਕੇ ਉਹਦਾ ਰੂਪ ਕਿਉਂ ਡੁਲ੍ਹ ਡੁਲ੍ਹ ਪੈਂਦਾ ਸੀ। ਜਿਸ ਕੁੜੀ ਨੂੰ ਏਡਾ ਸੋਹਣਾ ਗੱਭਰੂ ਵਿਆਹੁਣ ਆਇਆ ਹੋਵੇ,ਉਹਦੇ ਰੂਪ ਵਿਚ ਨਿਖਾਰ ਆਉਣਾ ਤਾਂ ਸੁਭਾਵਕ ਸੀ।

ਫੇਰ ਵੀ ਮੈਨੂੰ ਅਜੇ ਇਹ ਸਮਝ ਨਹੀਂ ਸੀ ਆਈ ਕਿ ਮੈਨੂੰ ਵੇਖ ਵੇਖ ਕੇ ਉਹ ਕਿਉਂ ਹੱਸਦੀ ਸੀ,ਤੇ ਅੰਗੂਠਾ ਦਿਖਾਉਂਦੀ ਹੋਈ ਕਿਉਂ ਨੱਸਦੀ ਸੀ।

ਏਥੋਂ ਤਕ ਕਿ ਡੋਲੀ ਤੁਰਨ ਵੇਲੇ ਵੀ ਉਹ ਮੈਨੂੰ ਪਹਿਲਾਂ ਵਾਂਗ ਹੀ ਮਿਲੀ।

ਮਾਂ-ਪਿਉ ਤੇ ਹੋਰ ਸਕੇ-ਸੰਬੰਧੀਆਂ ਨੂੰ ਮਿਲ ਕੇ ਜਦ ਉਹ ਰੋਂਦੀ ਹੋਈ ਡੋਲੀ ਵਿਚ ਬੈਠੀ ਤਾਂ ਉਹਨੇ ਡੋਲੀ ਦਾ ਪਰਦਾ ਚੁੱਕ ਕੇ ਮੇਰੀ ਵੱਲ ਵੇਖਿਆ। ਓਦਾਂ ਹੀ ਮੁਸਕਰਾਈ। ...ਉਹਦੇ ਬੁਲ੍ਹ ਫਰਕੇ,ਜਿਵੇਂ ਕੁਝ ਕਹਿਣਾ ਚਾਹੁੰਦੀ ਹੋਵੇ। ਫੇਰ ਉਹਦੇ ਬੁਲ੍ਹ ਕੁਝ ਕਹੇ ਬਗ਼ੈਰ ਹੀ ਬੰਦ ਹੋ ਗਏ। ਇਕ ਵਾਰ ਫੇਰ ਮੁਸਕਰਾਈ ਤੇ ਮੈਨੂੰ ਅੰਗੂਠਾ ਦਿਖਾਉਂਦੀ ਹੋਈ ਨੇ,ਆਪਣੇ ਆਪ ਨੂੰ ਡੋਲੀ ਦੇ ਪਰਦੇ ਪਿੱਛੇ ਲੁਕਾ ਲਿਆ।

ਉਹਦੀ ਡੋਲੀ ਦੇ ਤੁਰਦਿਆਂ ਹੀ ਮੈਨੂੰ ਉਦਾਸੀ ਨੇ ਘੇਰ ਲਿਆ। ਮੈਂ ਨਿੰਮੋਝੂਣਾ ਜਿਹਾ ਹੋ ਗਿਆ। ਚਿਹਰਾ ਉਤਰ ਗਿਆ। ਮੈਨੂੰ ਲੱਗਾ ਜਿਵੇਂ ਮੈਂ ਆਪਣੇ ਪਹਿਲੇ ਪਿਆਰ ਦੀ ਬਾਜ਼ੀ ਹਾਰ ਗਿਆ ਹਾਂ। ਮਨ ਉਚਾਟ ਜਿਹਾ ਰਹਿਣ ਲੱਗਾ।

ਏਸੇ ਅਵਸਥਾ ਵਿਚ ਮੇਰੇ ਦੋ ਦਿਨ ਬੀਤੇ।

ਬੁਝੇ ਬੁਝੇ,ਡੁੱਬੇ ਡੁੱਬੇ।

ਦੋ ਦਿਨ ਬਾਅਦ ਉਹ ਸਹੁਰਿਉਂ ਫੇਰਾ ਪਾਉਣ ਲਈ ਆਈ। ਮੈਨੂੰ ਖਬਰ ਮਿਲ ਗਈ ਸੀ। ਪਰ ਮੇਰੇ ਦਿਲ ਵਿਚ ਉਹਨੂੰ ਮਿਲਣ ਦੀ,ਵੇਖਣ ਦੀ ਕੋਈ ਤਾਂਘ ਨਹੀਂ ਸੀ।

ਸੋ ਮੈਂ ਨਹੀਂ ਗਿਆ।

ਉਹ ਆਪ ਹੀ ਆਈ।

ਮੇਰੀ ਦਾਦੀ ਨੇ ਮੈਨੂੰ ਵਾਜ ਮਾਰੀ।

ਮੈਨੂੰ ਭਿਣਕ ਲੱਗ ਗਈ ਸੀ ਕਿ ਉਹ ਆਈ ਏ।

ਮੈਂ ਸੁਣੀ ਅਣਸੁਣੀ ਕਰ ਦਿੱਤੀ।

ਅਖੀਰ ਉਹ ਆਪ ਈ ਮੇਰੇ ਕਮਰੇ ਵਿਚ ਆ ਗਈ। ਮੈਂ ਵੇਖਿਆ ਹੁਣ ਉਹਦੇ ਚਿਹਰੇ 'ਤੇ ਕੰਵਾਰੇਪਨ ਵਾਲੀ ਝਿਜਕ ਨਹੀਂ ਸੀ। ਚਿਹਰਾ ਹੱਸਦਾ ਹੱਸਦਾ। ਖੁਲ੍ਹਾਂ ਦਾ ਅਹਿਸਾਸ,ਖੁਸ਼ੀਆਂ ਭਰੀ ਮੁਸਕਾਨ। ਅਜਿਹੀ ਕੁਦਰਤੀ ਮੁਸਕਾਨ,ਜਿਸ ਵਿਚ ਦਿਲ ਦੀ ਖੁਸ਼ੀ ਧੜਕਦੀ ਏ।

"ਮੈਂ ਕਿਹੋ ਜਿਹੀ ਲਗਦੀ ਆਂ "

"ਅੱਗੇ ਨਾਲੋਂ ਵੀ ਵੱਧ ਸੋਹਣੀ"। ਕਹਿਣ ਨੂੰ ਮੈਂ ਕਹਿ ਦਿੱਤਾ ਸੀ। ਪਰ ਮੇਰੇ ਚਿਹਰੇ ਦੀ

ਉਦਾਸੀ ਉਸੇ ਤਰ੍ਹਾਂ ਹੀ ਬਣੀ ਰਹੀ।

"ਮੈਨੂੰ ਸਮਝ ਨਹੀਂ ਆਈ,ਦੂਜੇ ਨੂੰ ਰੱਜ ਕੇ ਖੁਸ਼ੀਆਂ ਦੇਣ ਵਾਲਾ ਆਪ ਏਨਾ ਉਦਾ ਕਿਉਂ ਏ"? ਉਸਨੇ ਕਿਹਾ ਸੀ।

ਦੂਜੇ ਨੂੰ ਖੁਸ਼ੀਆਂ ਦੇਣ ਵਾਲਾ?

ਰੱਜ ਕੇ ਖੁਸ਼ੀਆਂ ਦੇਣ ਵਾਲਾ?

ਮੈਨੂੰ ਇਹ ਗੱਲ ਸਮਝ ਨਾ ਆਈ। ਏਸ ਲਈ ਆਪਣੇ ਕਮਰੇ ਵਿਚ ਆਉਣ ਤੋਂ ਬਾਅ ਮੈਂ ਪਹਿਲੀ ਵਾਰੀ ਨਜ਼ਰ ਭਰ ਕੇ ਉਹਦੇ ਵੱਲ ਵੇਖਿਆ।

"ਤੂੰ ਸੱਚ-ਮੁੱਚ ਬੜੀ ਸੋਹਣੀ ਏਂ। ਪਹਿਲਾਂ ਨਾਲੋਂ ਵੀ ਕਿਤੇ ਜ਼ਿਆਦਾ"। ਮੈਂ ਆਪਣੇ ਆ ਨੂੰ ਕਹਿੰਦੇ ਹੋਏ ਸੁਣਿਆ। "ਤੇਰੇ ਚਿਹਰੇ ਤੋਂ ਖੁਸ਼ੀ ਡੁਲ੍ਹ ਡੁਲ੍ਹ ਪੈਂਦੀ ਏ"।

"ਇਹ ਖੁਸ਼ੀ ਤੇਰੀ ਦਿੱਤੀ ਹੋਈ ਏ"

ਮੈਨੂੰ ਫੇਰ ਕੁਝ ਸਮਝ ਨਾ ਆਈ ਤਾਂ ਮੇਰੇ ਮੂੰਹੋਂ ਸਿਰਫ ਇਹ ਨਿਕਲਿਆ,"ਇਹ ਕਿਵੇਂ"?

"ਇਹ ਇੰਝ ਕਿ....ਮੈਨੂੰ ਏਸ ਗੱਲ ਦਾ ਪੂਰਾ ਅਹਿਸਾਸ ਸੀ ਕਿ ਮੈਂ ਇਕ ਸਾਧਾਰਨ ਜਿਹੀ ਕੁੜੀ ਆਂ। ਏਸੇ ਲਈ ਜਦੋਂ ਤੋਂ ਮੇਰੇ ਘਰ ਦਿਆਂ ਨੇ ਮੇਰੇ ਲਈ ਰੱਜ ਕੇ ਸੋਹਣਾ ਗੱਭਰੂ ਲੱਭਿਆ ਤਾਂ ਮੇਰੇ ਅੰਦਰ ਇਕ ਤੌਖਲਾ ਜਿਹਾ ਬੈਠ ਗਿਆ।

ਉਹ ਏਨਾ ਸੋਹਣਾ...

ਮੈਂ ਇਕ ਆਮ ਜਿਹੀ ਕੁੜੀ

ਮੈਨੂੰ ਉਹ ਕਿਵੇਂ ਪਸੰਦ ਕਰੇ ਗਾ। ਹੋ ਸਕਦਾ ਏ ਨਾ ਵੀ ਕਰੇ। ਏਸ ਲਈ ਮੇਰਾ ਦਿਲ ਅੰਦਰੋਂ ਡਰਿਆ ਡਰਿਆ,ਬੁਝਿਆ ਬੁਝਿਆ ਰਹਿੰਦਾ ਸੀ"।

ਉਹ ਇਕ ਪਲ ਲਈ ਰੁਕੀ। ਜ਼ਰਾ ਜਿੰਨਾ ਮੁਸਕਾਈ,ਤੇ ਆਪਣੀ ਗੱਲ ਪੂਰੀ ਕਰਦਿਆ ਕਿਹਾ:

"ਪਰ ਜਦ ਤੂੰ ਆਪਣੀ ਚਾਹਤ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਮੈਂ ਤੈਨੂੰ ਬੜੀ ਚੰਗੀ ਲਗਦੀ ਆਂ....ਤਾਂ ਮੇਰੇ ਅੰਦਰ ਸਵੈ-ਵਿਸ਼ਵਾਸ ਪੈਦਾ ਹੋ ਗਿਆ। ਏਸ ਵਿਸ਼ਵਾਸ ਨੇ ਮੈਨੂੰ ਯਕੀਨ ਦੁਆਇਆ ਕਿ ਜੇ ਮੈਂ ਏਸ ਮੁੰਡੇ ਨੂੰ ਚੰਗੀ ਲਗਦੀ ਹਾਂ ਤਾਂ ਉਹਨੂੰ ਵੀ ਜ਼ਰੂਰ ਲੱਗਾਂਗੀ।....

ਬੱਸ ਏਸ ਵਿਸ਼ਵਾਸ ਨਾਲ ਮੇਰੀ ਜ਼ਿੰਦਗੀ ਵਿਚ ਖੇੜਾ ਆ ਗਿਆ,ਤੇ ਏਸ ਖੇੜੇ ਨਾਲ ਮੈਂ ਆਪਣੇ ਸ਼ਹਿਜ਼ਾਦੇ ਦਾ ਦਿਲ ਜਿੱਤ ਲਿਆ"।

ਇਹ ਕਹਿੰਦੇ ਹੋਏ ਉਹਨੇ ਬਾਹਾਂ ਉਲਾਰ ਕੇ ਮੈਨੂੰ ਪਲੰਘ ਤੋਂ ਖਿੱਚ ਲਿਆ ਤੇ ਆਪਣੇ ਚੂੜੇ ਦੀ ਛਣਕਾਰ ਜਿਹੀ ਆਵਾਜ਼ ਵਿਚ ਬੋਲੀ:

"ਵੇ ਮੈਂ ਤਾਂ ਤੇਰਾ ਦੇਣਾ ਨਹੀਂ ਦੇ ਸਕਦੀ। ਮੇਰਾ ਤਾਂ ਲੂੰ ਲੂੰ ਸਾਰੀ ਉਮਰ ਤੇਰਾ ਕਰਜ਼ਾਈ ਰਹੇਗਾ"।

ਮੈਂ ਨਜ਼ਰ ਭਰ ਕੇ ਉਹਦੇ ਵੱਲ ਵੇਖਿਆ । ਉਹਦੇ ਦਿਲ ਦੀ ਆਵਾਜ਼,ਉਹਦੇ ਚਿਹਰੇ 'ਤੇ ਮੁਸਕਾਣ ਬਣ ਕੇ ਖਿੰਡ ਗਈ ਸੀ।

ਉਹ ਕੁੜੀ ਜਿਹੜੀ ਮੈਨੂੰ,ਜ਼ਿੰਦਗੀ ਵਿਚ ਪਹਿਲੀ ਵਾਰ ਪਿਆਰੀ ਲੱਗੀ ਸੀ।

ਉਹ ਕੁੜੀ ਜਿਹੜੀ ਮੇਰਾ ਪਹਿਲਾ ਪਿਆਰ ਸੀ।

ਉਹ ਕੁੜੀ ਜਿਸ ਨਾਲ ਰਲ ਕੇ, ਮੈਂ ਆਪਣੇ ਲਈ,ਪਰੀਆਂ ਦੇ ਦੇਸ਼ ਵਰਗੀ ਦੁਨੀਆਂ ਵਸਾਉਣ ਦੇ ਸੁਫਨੇ ਵੇਖੇ ਸਨ।

ਉਸ ਕੁੜੀ ਦਾ ਵਿਛੋੜਾ ਤਾਂ ਮੇਰੇ ਸਾਰੇ ਜੀਵਨ ਨੂੰ ਅੱਥਰੂਆਂ ਵਿਚ ਭਿਉਂ ਦੇਂਦਾ।

ਉਹ ਕੁੜੀ ਮੁਸਕਰਾਂਦੀ ਮੁਸਕਰਾਂਦੀ,ਮੇਰੇ ਕਮਰੇ 'ਚੋਂ ਬਾਹਰ ਜਾਂਦੀ,ਮੇਰੇ ਦਿਲ ਵਿਚ ਖੁਸ਼ੀ ਦੀ ਐਸੀ ਕਲੀ ਖਿੜਾ ਗਈ ਏ,ਜੋ ਮੇਰੇ ਅੰਦਰ ਸਾਰੀ ਉਮਰ ਮਹਿਕਦੀ ਰਹੇਗੀ। ☐☐

**[ A - 402 BETA - I, Greater Noida. U.P. ]**



# ਰਿਜ਼ਕ

## ਜ਼ੋਰਾ ਸਿੰਘ ਸੰਧੂ

ਭਜਨੋ ਵਿਆਹੀ ਆਈ ਤਾਂ ਉਹਦਾ ਬੰਦਾ ਤਾਰੀ, ਬੇਬੇ ਸੰਤੋ ਕਾ ਸੀਰੀ ਸੀ। ਉਹਦੇ ਆਉਣ ਤੋਂ ਪਹਿਲਾਂ,ਉਹਦੀ ਜਠਾਣੀ ਭਿੰਦੀ,ਬੇਬੇ ਦਾ ਗੋਹਾ-ਕੂੜਾ ਕਰਿਆ ਕਰਦੀ ਸੀ। ਪਰ ਉਹਦੇ ਕੰਮ-ਕਾਰ ਤੇ ਵਿਹਾਰ ਤੋਂ ਬੇਬੇ ਖੁਸ਼ ਨਹੀਂ ਸੀ। ਤੇ ਉਹ ਮਨੋਂ ਮਨੀ ਫੈਸਲਾ ਕਰੀ ਬੈਠੀ ਸੀ ਕਿ ਕਦੋਂ ਤਾਰੀ ਦਾ ਵਿਆਹ ਹੋਵੇ ਤੇ ਕਦੋਂ ਉਹਦਾ ਭਿੰਦੀ ਤੋਂ ਖਹਿੜਾ ਛੁੱਟੇ! ਪਰ ਤਾਰੀ ਦਾ ਵਿਆਹ ਹੋ ਜਾਣ ਪਿੱਛੋਂ ਵੀ,ਉਹਦਾ ਭਿੰਦੀ ਤੋਂ ਖਹਿੜਾ ਨਾ ਛੁੱਟ ਸਕਿਆ। ਇਹ ਕੇਵਲ ਇਸ ਕਰਕੇ ਕਿ ਨਵੀਂ ਆਈ ਭਜਨੋ ਨੂੰ ਆਉਂਦਿਆਂ ਸਾਰ ਉਹ ਕਿਵੇਂ ਗੋਹੇ ਦੇ ਟੋਕਰੇ ਹੇਠ ਸਿਰ ਦੇਣ ਲਈ ਆਖੇ? ਨਵੀਂ ਨਵੇਲੀ ਤੋਂ ਬਿਨਾਂ,ਭਜਨੋਂ ਤਾਂ ਪਿੰਡ ਦੀਆਂ ਅੱਧੀਉਂ ਬਹੁਤੀਆਂ ਨੂੰਹਾਂ-ਧੀਆਂ ਨਾਲੋਂ ਸੁਹਣੀ-ਸੁਨੱਖੀ ਸੀ। ਤੇ ਉਹਦੇ ਵਰਗੀ ਖੁਸ਼-ਰਹਿਣੀ ਤੇ ਸੁਹੰਦੜੀ ਤਾਂ ਪਿੰਡ ਵਿਚ ਸੀ ਹੀ ਕੋਈ ਟਾਵੀਂ ਟਾਵੀਂ ਕੁੜੀ।

ਤੇ ਬੇਬੇ ਨੇ ਉਹਨੂੰ ਆਪਣੀਆਂ ਚੋਣੀਆਂ ਦੀ ਸਰਦਾਰ ਬਣਾ ਦਿੱਤਾ।

ਪਿੰਡ ਵਿਚ ਕੰਮੀਆਂ ਦੇ ਵਿਆਹ ਅਕਸਰ ਹਾੜ੍ਹ ਵਿਚ ਹੀ ਹੋਇਆ ਕਰਦੇ ਸਨ। ਹਾੜ੍ਹੀ ਸਾਂਭਣ ਪਿੱਛੋਂ ਕੁਝ ਮਹੀਨਿਆਂ ਲਈ ਘਰ ਵਿਚ ਖਾਣ ਜੋਗੇ ਦਾਣੇ ਆ ਗਏ ਹੁੰਦੇ ਸਨ। ਤੇ ਨਵੇਂ ਸੀਰ ਲੈਣ ਕਰਕੇ,ਕੁਝ ਨਕਦ ਪੈਸੇ ਵੀ ਹੱਥ ਵਿਚ ਆ ਗਏ ਹੁੰਦੇ ਸਨ। ਵਿਆਹ ਦੇ ਖਰਚੇ ਲਈ ਇਕ ਵਾਰ ਤਾਂ ਹੱਥ ਖੁਲ੍ਹਾ ਹੋਇਆ ਮਹਿਸੂਸ ਹੁੰਦਾ ਸੀ। ਪਿੱਛੋਂ ਤਾਂ ਸਾਰਾ ਸਾਲ,ਨਿੱਕੀ ਨਿੱਕੀ ਵਸਤ ਲਈ,'ਸੀਰੀਆਂ' ਦੇ ਮੂੰਹ ਵੱਲ ਹੀ ਵੇਖਣਾ ਪੈਂਦਾ ਸੀ।

'ਸੀਰਨ' ਨੂੰ ਖੇਤ ਦੀ ਛੋਟੀ ਮਾਲਕਣ ਹੀ ਆਖਿਆ ਜਾਂਦਾ ਸੀ। ਕੁਝ ਕੁ ਉਹ ਹੁੰਦੀ ਵੀ ਸੀ। ਫਸਲ ਵਿਚ ਉਹਦਾ ਹਿੱਸਾ ਮਿਥਿਆ ਜਾ ਚੁੱਕਾ ਹੁੰਦਾ ਸੀ। ਪਰ ਛੋਟੀ ਮਾਲਕਣ ਆਖਕੇ ਉਹਨੂੰ ਵਡਿਆਇਆ ਜਾਂਦਾ ਸੀ। ਤੇ ਇਸ ਵਡਿਆਈ ਕਾਰਨ,ਉਸਤੋਂ ਦੂਣਾ-ਤੀਣਾ ਕੰਮ ਲਿਆ ਜਾਂਦਾ ਸੀ। ਤੇ ਮਸ਼ਕਰੀ ਵੱਖਰੀ। ਇਹ ਮਸ਼ਕਰੀ ਕਦੇ ਕਦੇ,ਪਿੱਛੋਂ ਜਾ ਕੇ,ਕਹਾਣੀਆਂ ਨੂੰ ਵੀ ਜਨਮ ਦੇ ਜਾਂਦੀ ਹੁੰਦੀ ਸੀ।

ਖੈਰ,ਆਗੂ ਹੋ ਕੇ ਭਜਨੋ ਨੇ ਬੇਬੇ ਦਾ ਸਾਰਾ ਨਰਮਾ ਚੁਣਵਾਇਆ ਤੇ ਚੁਣਿਆ। ਲੋਹੜੀ ਪਿੱਛੋਂ,ਖੇਤਾਂ ਵਿਚ ਕੇਵਲ ਪਛੇਤੇ ਹਰੇ ਟੀਂਡੇ ਹੀ ਰਹਿ ਗਏ ਸਨ। ਉੱਤੋਂ ਠੰਢ ਉਤਰ ਆਈ ਸੀ ਤੇ ਇਨ੍ਹਾਂ ਟੀਂਡਿਆਂ ਦੇ ਖਿੜ ਪੈਣ ਦੀਆਂ ਸੰਭਾਵਨਾਵਾਂ ਘਟ ਗਈਆਂ ਸਨ। ਤੇ ਮਾਲਕਾਂ ਨੇ ਆਪਣੀਆਂ ਚੋਣੀਆਂ ਨੂੰ ਟੀਂਡੇ ਤੋੜਨ 'ਤੇ ਲਾ ਦਿੱਤਾ ਸੀ। ਦਿਨਾਂ ਵਿਚ ਹੀ ਘਰਾਂ ਦੀਆਂ ਛੱਤਾਂ,ਟੀਂਡਿਆਂ ਨਾਲ ਭਰ ਗਈਆਂ ਸਨ। ਧੁੱਪ ਚੜ੍ਹਨ ਪਿੱਛੋਂ ਟੀਂਡਿਆਂ ਨੂੰ ਛੱਤਾਂ 'ਤੇ ਖਿਲਾਰ ਦਿੱਤਾ ਜਾਂਦਾ ਸੀ ਤੇ ਦਿਨ ਦੇ ਛਿਪਾਅ ਨਾਲ ਹੀ,ਇਨ੍ਹਾਂ ਨੂੰ ਇਕੱਠਿਆਂ ਕਰਕੇ ਢੇਰੀਆਂ ਲਾ ਦਿੱਤੀਆਂ ਜਾਂਦੀਆਂ ਸਨ। ਤੇ ਢੇਰੀਆਂ,ਪੱਲੀਆਂ ਨਾਲ ਢਕ ਦਿੱਤੀਆਂ ਜਾਂਦੀਆਂ ਤਾਂ ਜੁ ਤ੍ਰੇਲ ਪੈਣ ਨਾਲ ਟੀਂਡੇ ਸਿਲ੍ਹੇ ਨਾ ਹੋ ਜਾਣ। ਇਹ ਤਰੱਦਦ ਇਸ ਕਰਕੇ ਕੀਤਾ ਜਾਂਦਾ ਸੀ ਕਿ ਟੀਂਡੇ ਛੇਤੀ ਖਿੜ ਪੈਣ। ਤੇ ਜੇ ਕਰਾਰੀਆਂ ਧੁੱਪਾਂ ਪੈ ਜਾਣ ਤਾਂ ਖਿੜ ਵੀ ਪੈਂਦੇ ਸਨ। ਇਹ ਕੰਮ ਅਕਸਰ ਮਾਘੀ ਤੋਂ ਪਿੱਛੋਂ ਹੀ,ਕੀਤਾ ਜਾਂਦਾ ਸੀ। ਮਾਘੀ ਦੇ ਆਸੇ- ਪਾਸੇ ਪੰਜਾਬ ਵਿਚ ਸਿਆਲੂ ਮੀਂਹ ਪੈ ਹੀ ਜਾਂਦਾ ਹੈ। ਤੇ ਕੋਠਿਆਂ 'ਤੇ ਪਏ ਭਿੱਜਿਆਂ ਟੀਂਡਿਆਂ ਦਾ ਖਿੜਾਅ ਮਾਰਿਆ ਜਾਂਦਾ ਸੀ।

ਇਨ੍ਹੀਂ ਦਿਨੀਂ ਕੰਮ ਕੇਵਲ ਚਹੇਤੀਆਂ ਚੋਣੀਆਂ ਦਾ ਹੀ ਰਹਿ ਜਾਂਦਾ ਸੀ। ਤੇ ਭਜਨੋ ਤਾਂ ਚਹੇਤੀ ਤੋਂ ਬਿਨਾਂ,ਬੇਬੇ ਦੀ 'ਸੀਰਨ' ਵੀ ਸੀ। ਕੁਝ ਹੀ ਦਿਨਾਂ ਵਿਚ,ਉਹਨੇ ਬੇਬੇ ਦਾ ਫੁੱਟੀ ਫੁੱਟੀ ਨਰਮਾ ਸਾਂਭ ਦਿੱਤਾ ਸੀ। ਤੇ ਦਰਵਾਜ਼ੇ ਦੀ ਛੱਤ ਉੱਤੇ ਰਹਿ ਗਈਆਂ ਸਿੱਕਰੀਆਂ ਵੀ,ਵਾੜੇ ਵਿਚ ਲਾਏ ਛਿਟੀਆਂ ਦੇ ਕੁੰਨੂ ਦੇ ਪੈਰਾਂ ਵਿਚ ਢੇਰੀ ਕਰ ਦਿੱਤੀਆਂ ਸਨ।

ਨਰਮੇ ਦੀ ਫਸਲ ਦੇ ਸਾਂਭੇ ਜਾਣ ਤਕ,ਭਜਨੋ ਨਵੀਂ ਨਵੇਲੀ ਦੁਲਹਨ ਨਹੀਂ ਰਹਿ ਗਈ ਸੀ। ਤੇ ਨਾ ਹੀ ਬੇਬੇ ਨੂੰ ਕੋਈ ਸੰਕੋਚ ਰਹਿ ਗਿਆ ਸੀ ਕਿ ਉਹਨੂੰ ਕੋਈ ਕੰਮ ਕਰਨ ਲਈ ਆਖੇ ਜਾਂ ਨਾ ਆਖੇ। ਬੇਬੇ ਦੇ ਰਿਹਾਇਸ਼ੀ ਘਰ ਦਾ ਸਾਰਾ ਧੰਦਾ ਭਜਨੋ ਨੇ ਕਦੋਂ ਦਾ ਸਾਂਭਿਆ ਹੋਇਆ ਸੀ।

ਭਜਨੋ ਤੋਂ ਭੁੱਲਿਆ ਨਹੀਂ ਸੀ ਕਿ ਬੇਬੇ,ਭਿੰਦੀ ਦੇ ਕੰਮ-ਕਾਰ ਤੋਂ ਖੁਸ਼ ਨਹੀਂ ਸੀ। ਉਹਨੇ ਅਕਸਰ ਭਿੰਦੀ ਨੂੰ ਬੁੜਬੁੜ ਕਰਦਿਆਂ ਹੀ ਸੁਣਿਆ ਸੀ। ਭਾਵੇਂ ਬੇਬੇ ਦਾ ਸੁਭਾਅ ਖਰ੍ਹਵਾ ਨਹੀਂ ਸੀ ਪਰ ਕਈ ਵਾਰੀ ਉਹ ਭਿੰਦੀ ਨੂੰ ਖਰ੍ਹਵਾ ਬੋਲ ਪੈਂਦੀ ਸੀ। ਵਿਹੜਾ ਅਜੇ ਅਣਸੰਭਰਿਆ ਪਿਆ ਹੁੰਦਾ,ਤੇ ਭਿੰਦੀ ਲੱਸੀ ਵਾਲਾ ਡੋਲੂ ਚੁੱਕ ਲਿਆਉਂਦੀ। ਨਿੱਤ ਬੇਬੇ ਨੂੰ,ਬੁਹਾਰੀ ਲਈ,ਉਹਨੂੰ ਆਖਣਾ ਪੈਂਦਾ। ਤੇ ਇਸ ਗੱਲ 'ਤੇ ਬੇਬੇ ਖਿਝ ਪੈਂਦੀ ਤੇ ਉਹਨੂੰ ਖਰ੍ਹਵਾ ਬੋਲ ਪੈਂਦੀ। ਬੋਲ ਅਜੇ ਉਹਦੇ ਮੂੰਹ ਵਿਚ ਹੀ ਹੁੰਦੇ ਕਿ ਭਿੰਦੀ ਬਹੁਕਰ ਚੁੱਕ ਲੈਂਦੀ ਤੇ ਵਿਹੜੇ ਵਿਚ ਹੋਰ ਖਿਲਾਰਾ ਪਾ ਦਿੰਦੀ। ਖਿਲਾਰਾ ਪਾ ਦਿੰਦੀ,ਲੱਸੀ ਦਾ ਡੋਲੂ ਚੁਕਦੀ ਤੇ ਬੁੜਬੁੜ ਕਰਦੀ ਆਪਣੇ ਘਰ ਨੂੰ ਤੁਰ ਪੈਂਦੀ। ਪਿੱਛੋਂ ਭਜਨੋ ਨੂੰ ਬਹੁਕਰ ਚੁੱਕਣੀ ਪੈਂਦੀ। ਨਿੱਤ ਦੀ ਇਸ ਬੇਸੁਆਦੀ ਤੋਂ ਬੇਬੇ ਤਾਂ ਤੰਗ ਸੀ ਹੀ,ਹੁਣ ਭਜਨੋ ਵੀ ਅੱਕ ਗਈ ਸੀ। ਤੇ ਅੱਕੀ ਬਜਨੋ ਨੇ,ਇਕ ਦਿਨ ਬੇਬੇ ਨੂੰ ਆਖ ਹੀ ਦਿੱਤਾ,"ਬੇਬੇ,ਮੇਰੀ ਜਠਾਣੀ ਦਾ 'ਸਾਅਬ' ਕਰਦੇਅ। ਮੈਂ ਆਪੇ ਕੰਮ ਸਾਂਭ ਲੂੰ "।

"ਮੈਂ ਤਾਂ ਧੀਏ! ਮੈਂ ਕਦੋਂ ਦੀ ਤੈਨੂੰ ਆਖਣ ਨੂੰ ਫਿਰਦੀ ਸਾਂ ਬਈ ਤੂੰ ਮੇਰਾ,ਇਸ ਸਿਰ ਸੜੀ ਤੋਂ ਖਹਿੜਾ ਛੁਡਾ "।

ਤੇ ਅਗਲੇ ਦਿਨ,ਭਿੰਦੀ ਦੇ ਡੋਲੂ ਵਿਚ ਲੱਸੀ ਪਾਉਂਦਿਆਂ,ਬੇਬੇ ਨੇ ਉਹਨੂੰ ਆਖ ਹੀ ਦਿੱਤਾ,"ਭਿੰਦੀਏ,ਤੇਰੇ ਸ਼ਾਬਾਸ਼ੇ!ਤੂੰ ਮੇਰਾ ਧੰਦਾ ਸਾਂਭੀ ਰੱਖਿਐ। ਮੈਨੂੰ ਪਤੈ,ਤੂੰ ਕੰਮ ਛੱਡਣ ਨੂੰ ਫਿਰਦੀ ਐਂ। ਜੇ ਤੇਰਾ ਕਿਸੇ ਨਾਲ ਗੁਾਂਡਾ- ਸੁਾਂਡਾ ਹੋ ਗਿਆ ਤਾਂ ਭਾਵੇਂ ਭਲਕੇ ਉਹਦੇ ਜਾ ਲੱਗੀਂ। ਐਸ ਮਹੀਨੇ ਦੇ ਅਜੇ ਬਾਰਾਂ ਦਿਨ ਰਹਿੰਦੇ ਐ। ਐਹ ਲੈ ਪੂਰੇ ਮਹੀਨੇ ਦੇ ਪੈਸੇ "।

"ਲਿਆ ਫੜਾ ਬੁੜ੍ਹੀਏ! ਦਸਾਂ ਦਿਨਾਂ ਦੇ ਕੱਟ ਵੀ ਲੈ। ਮੈਂ ਨਈਂ ਆਂ ਲੋਕਾਂ ਅਰਗੀ ਮੁਫਤਖੋਰੀ। ਨਾਲੇ ਮੈਨੂੰ ਪਤੈ,ਜੀਹਨੂੰ ਤੂੰ ਰੱਖਣ ਨੂੰ ਫਿਰਦੀ ਐਂ। ਵੇਖੂੰਗੀ ਜਿਹੜੀ ਉਹ ਤੇਰੇ ਡੰਗਰਾਂ ਹੇਠਾਂ ਫਰਸ਼ ਲਾਉਂਦੀ ਐ"। ਭਿੰਦੀ ਨੇ ਸੁਵਾਤ ਵੱਲ ਵੇਖਦੀ ਨੇ ਆਖਿਆ। ਉਹ ਇਹ ਗੱਲ ਭਜਨੋ ਦੀ ਅੱਖ ਵਿਚ ਅੱਖ ਪਾ ਕੇ ਆਖਣਾ ਚਾਹੁੰਦੀ ਸੀ। ਪਰ ਭਜਨੋ ਕੰਨੀ ਕਤਰਾ ਗਈ ਸੀ। ਭਿੰਦੀ ਦੀ ਗੱਲ ਸੁਣਕੇ ਉਹ ਸੁਵਾਤ ਵਿਚ ਐਵੇਂ ਹੀ ਇਧਰ ਉਧਰ ਹੱਥ ਮਾਰਨ ਲੱਗ ਪਈ ਸੀ ਜਿਵੇਂ ਉਹਨੇ ਕੁਝ ਵੀ ਸੁਣਿਆ ਨਾ ਹੋਵੇ।

ਅੰਦਰ ਅਜੇ ਉਹ ਝਾੜ-ਪੂੰਝ ਕਰ ਰਹੀ ਸੀ ਕਿ ਬੇਬੇ ਦੀ ਆਵਾਜ਼ ਆਈ,ਬਈ ਹੁਣ ਤਾਂ ਉਹ ਬਾਹਰ ਨਿਕਲ ਆਵੇ;ਉਹਦੀ ਜਠਾਣੀ ਤਾਂ ਆਪਣੇ ਘਰ ਵੀ ਪਹੁੰਚ ਗਈ ਹੋਵੇਗੀ। ਬਾਹਰ ਆਈ ਭਜਨੋ ਨੂੰ ਬੇਬੇ ਨੇ ਆਖਿਆ,ਬਲਾ ਡਰਦੀ ਐਂ ਕੁੜੇ! ਤੈਨੂੰ ਉਹ ਵਿਚਾਰੀ ਕੀ ਆਖਦੀ ਸੀ? ਉਹਦਾ ਝੇੜਾ ਤਾਂ ਮੇਰੇ ਨਾਲ ਐ "। ਬੇਬੇ ਜਿਵੇਂ ਆਪਣੇ ਅੰਦਰ ਝਾਤੀ ਮਾਰਨ ਬਹਿ ਗਈ ਹੋਵੇ।

"ਮੇਰਾ ਈ ਚੰਦਰਾ ਸੁਭਾਅ ਭੈੜਾ ਹੋ ਗਿਆ! ਮੈਂ ਈ ਐਵੇਂ ਬੁਹਤੀ ਟੋਕਾ-ਟਾਕੀ ਕਰਨ ਲੱਗ ਪਈ ਆਂ "।

ਭਜਨੋ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਬ੍ਰੇਬੇ ਨੇ ਆਖਿਆ,"ਤੇਰੇ ਨਾਲ ਤਾਂ ਕਾਕੋ,ਉਹਦਾ ਕੋਈ ਝਗੜਾ ਨਈਂ। ਤੂੰ ਤਾਂ ਅੰਦਰੋਂ ਈ ਨਾ ਨਿਕਲੀ "।

"ਝਗੜਾ ਤਾਂ ਮੇਰੇ ਨਾਲ ਈ ਆ ਬੇਬੇ। ਮੈਂ ਉਹਦਾ ਕੰਮ ਖੋਹਣ ਲੱਗੀ ਆਂ "।

"ਨਈਂ ਬੀਬਾ! ਕੰਮ ਹਰ ਕਿਸੇ ਨੇ ਆਪਣਾ ਆਪਣਾ ਈ ਕਰਨੈ। ਸੁਆਦ ਤਾਂ ਇਸ ਗੱਲ 'ਚ ਐ ਬਈ ਕੰਮ ਕਰਨ ਵਾਲਾ ਵੀ ਖੁਸ਼ ਰਵ੍ਹੇ ਤੇ ਕਰੌਣ ਵਾਲਾ ਵੀ ਖੁਸ਼ "।

"ਬੇਬੇ ਖੁਸ਼ੀ ਤਾਂ ਸਾਰੀ ਰਿਜ਼ਕ ਵਿਚ ਐ। ਰਿਜ਼ਕ ਬਾਝੋਂ ਬੰਦਾ ਕਤਈ ਖੁਸ਼ ਨ੍ਹੀ ਰਹਿ



ਸਕਦਾ "। ਏਨਾ ਆਖ ਕੇ ਭਜਨੋ ਚੁੱਪ ਹੋ ਗਈ। ਤੇ ਫਿਰ ਉਹਨੇ ਹੀ ਚੁੱਪ ਨੂੰ ਤੋੜਿਆ।

"ਮੇਰੀ ਜਠਾਣੀ ਦਾ ਟੱਬਰ ਵੱਡਾ ਐ,ਬੇਬੇ। ਏਨੇ ਜੀਆਂ ਦਾ ਢਿੱਡ ਭਰਨਾ ਕਿਤੇ ਸੌਖਾ ਪਿਐ? ਤੂੰ ਨਾ ਹਟਾ,ਬੇਬੇ ਉਹਨੂੰ! ਮੈਂ ਕਿਸੇ ਹੋਰ ਦਾ ਧੰਦਾ ਫੜ ਲੂੰਗੀ । ਮੇਰਾ ਊਂ ਵੀ ਅਜੇ ਸਰਦੈ। ਜੇ ਤੂੰ ਮੰਨਜੇਂ! ਮੈਂ ਉਹਨੂੰ ਮੋੜ ਲਿਔਂਦੀਆਂ "।

"ਉਹਨੇ ਹੁਣ ਨਈਂ ਔਣਾ,ਭਜਨੋ! ਮੈਂ ਉਹਨੂੰ ਚੰਗੂੰ ਜਾਣਦੀ ਆਂ "।

ਤੇ ਦੋਵੇਂ ਉਦਾਸ ਤੇ ਚੁੱਪ ਹੋ ਗਈਆਂ।

ਤੇ ਸਵੇਰੇ ਭਜਨੋ ਤੇ ਬੇਬੇ,ਦੋਹਾਂ ਦੀ ਉਦਾਸੀ ਮੁੱਕ ਚੁੱਕੀ ਸੀ। ਭਿੰਦੀ ਦੇ ਸਿਰ 'ਤੇ ਬੇਬੇ ਦੀ ਦਰਾਣੀ ਦਾ ਟੋਕਰਾ ਸੀ।

ਇਸ ਗੱਲ ਨੂੰ ਦਸ ਸਾਲ ਬੀਤ ਚੁੱਕੇ ਸਨ। ਅੱਜ ਤਕ,ਭਜਨੋ ਨੇ ਬੇਬੇ ਦਾ ਸਾਰਾ ਧੰਦਾ ਸਾਂਭਿਆ ਹੋਇਆ ਸੀ। ਅੱਜ ਵੀ ਭਜਨੋ ਬੇਬੇ ਦੀ ਸੀਰਨ ਹੀ ਸੀ। ਤੇ ਉਹਦੀ ਪੰਜਵੀਂ ਉਮੀਦਵਾਰੀ,ਅੱਜ ਭਲਕ 'ਤੇ ਆਈ ਹੋਈ ਸੀ। ਬੇਬੇ ਨੇ ਉਹਨੂੰ ਭਾਰੇ ਕੰਮ ਤੋਂ ਕਦੋਂ ਦਾ ਰੋਕਿਆ ਹੋਇਆ ਸੀ। ਭਜਨੋ ਦੀ ਥਾਂ ਉਹਦਾ ਤਾਰੀ,ਸਕੂਟਰ ਦੇ ਟਾਇਰਾਂ ਵਾਲੇ ਹੱਥ- ਰੇਹੜੇ ਨਾਲ,ਗੋਬਰ ਗੈਸ ਵਾਲੇ ਖੂਹ ਵਿਚ ਗੋਹਾ ਸਿੱਟਣ ਲੱਗ ਪਿਆ ਸੀ। ਮੋਟਰ ਚਾਲੂ ਕਰਕੇ,ਉਹ ਗੋਹੇ ਨੂੰ ਘੋਲ ਦਿਆ ਕਰਦਾ ਤੇ ਉਹਦੀ ਅੱਠ ਸਾਲਾਂ ਦੀ ਬੱਚੀ,ਘਰ ਦੀ ਬੁਹਾਰੀ ਕਰਨ ਲੱਗ ਪਈ ਸੀ। ਬੇਬੇ ਦਾ ਪਰਿਵਾਰ ਛੋਟਾ ਹੋਣ ਕਾਰਨ,ਘਰ ਦੇ ਭਾਂਡੇ ਬਹੁਤੇ ਨਹੀਂ ਸਨ ਹੁੰਦੇ। ਭਾਂਡਿਆਂ ਨੂੰ ਭਜਨੋ ਹੀ ਮਾਂਜਿਆ ਕਰਦੀ ਸੀ।

ਤੇ ਭਿੰਦੀ ਨੂੰਹਾਂ ਵਾਲੀ ਹੋ ਗਈ ਸੀ। ਉਹ ਬੇਬੇ ਕੋਲ ਆ ਕੇ ਆਖਣ ਲੱਗੀ,"ਬੇਬੇ,ਆਪਣੀ ਭਜਨੋ ਦੇ ਜਾਪੇ ਤਕ ਤੇਰੀ ਪੋਤ-ਨੂੰਹ,ਤੇਰੇ ਨਾਲ ਹੱਥ-ਪੜੱਥੀ ਪੁਆ ਦਿਆ ਕਰੂ। ਐਵੇਂ ਔਖੀਆਂ ਨਾ ਹੋਇਓ "।

ਭਜਨੋ ਨੇ ਸੁਣਿਆ ਤਾਂ ਉਹਨੂੰ ਸਮਝ ਨਾ ਆਈ ਕਿ ਭਿੰਦੀ ਦੀ ਉਹਦੇ ਨਾਲ ਹਮਦਰਦੀ ਸੀ ਜਾਂ ਉਹ ਬੇਬੇ ਨੂੰ ਖੁਸ਼ ਕਰਨ ਲੱਗੀ ਹੋਈ ਸੀ। ਕਿਤੇ ਭਿੰਦੀ ਦੇ ਦਿਲ ਵਿਚ ਕੁਝ 'ਹੋਰ' ਤਾਂ ਨ੍ਹੀਂ ਸੀ'? ਉਹ ਕਿੰਨਾ ਚਿਰ ਬੈਠੀ ਸੋਚਾਂ ਦੇ ਘੋੜੇ ਭਜਾਉਂਦੀ ਰਹੀ। ਉਹਨੂੰ ਭੁੱਲ ਚੁੱਕਾ ਸੀ ਕਿ ਉਹ ਭਾਂਡੇ ਮਾਂਜ ਰਹੀ ਸੀ।

ਹੁਣ ਭਜਨੋ ਦੀ ਜਠਾਣੀ ਦੇ ਘਰ ਕੰਮ-ਕਾਰ ਵਾਲੇ ਕਈ ਹੱਥ ਹੋ ਗਏ ਸਨ। ਇਕ ਵਾਰ ਤਾਂ ਉਹਦੇ ਥੁੜਾਂ ਦੇ ਦਿਨ ਮੁੱਕ ਚੁੱਕੇ ਸਨ। ਹੁਣ ਉਹ,ਬੁੜ ਬੁੜ ਕਰਨ ਵਾਲੀ ਭਿੰਦੀ ਨਹੀਂ ਸੀ ਰਹੀ। ਹੁਣ ਤਾਂ ਸਗੋਂ ਉਹ ਹਸੰਦੜੀ ਸਮਝੀ ਜਾਣ ਵਾਲੀ 'ਸਿਆਣੀ' ਤੇ ਦਾਨੀ-ਮਾਨੀ ਸੁਆਣੀ ਹੋ ਗਈ ਸੀ। ਬੇਬੇ ਵੀ ਉਹਦੇ ਨਾਲ ਦੁਖ-ਸੁਖ ਕਰਕੇ ਖੁਸ਼ ਹੋਣ ਲੱਗ ਪਈ ਸੀ।

ਤੇ ਉਹਦੀ ਨੂੰਹ ਨੇ ਬੇਬੇ ਦੇ ਘਰ,ਹੱਥ-ਪੜੱਥੀ ਪੁਆਉਣੀ ਸ਼ੁਰੂ ਕਰ ਦਿੱਤੀ ਸੀ। ਤੇ ਇਸ ਹੱਥ-ਪੜੱਥੀ ਨੇ ਭਜਨੋ ਦਾ ਦਿਨ ਦਾ ਚੈਨ ਤੇ ਰਾਤ ਦੀ ਨੀਂਦ ਖੋਹ ਲਈ ਸੀ। ਉਹਨੂੰ ਡਰ ਲੱਗਣ ਲੱਗ ਪਿਆ ਸੀ ਕਿ ਇਸ ਹੱਥ-ਪੜੱਥੀ ਨੇ,ਅੱਗੋਂ ਉਹਨੂੰ ਕੀ ਰੰਗ ਦਿਖਾਉਣਾ ਸੀ।

ਤੇ ਉਹ ਮਨ ਮਾਰ ਕੇ,ਨਿਆਣਿਆਂ ਨੂੰ ਨਾਲ ਲੈਂਦੀ,ਤੇ ਸਾਰੀਆਂ ਚੋਣੀਆਂ ਤੋਂ ਪਹਿਲਾਂ ਹੀ,ਬੇਬੇ ਦੇ ਨਰਮੇ ਦੇ ਖੇਤ ਪਹੁੰਚ ਜਾਂਦੀ।

ਕੁਝ ਹੀ ਦਿਨਾਂ ਪਿੱਛੋਂ,ਉਹਦੇ ਜਾਪੇ ਦੇ ਦਿਨ ਨੇੜੇ ਆਏ ਵੇਖਕੇ,ਬੇਬੇ ਨੇ ਉਹਨੂੰ ਸਮਝਾਉਣਾ ਚਾਹਿਆ,"ਤੂੰ ਭਜਨੋ ਹੁਣ ਘਰ ਹੀ ਰਿਹਾ ਕਰ। ਇਨ੍ਹੀਂ ਦਿਨੀਂ,ਏਨਾ ਤੋਰਾ-ਫੇਰਾ ਚੰਗਾ ਨ੍ਹੀਂ ਹੁੰਦਾ! ਰੱਬ ਸੁੱਖ ਰੱਖੇ"। ਪਰ ਭਜਨੋ ਘਰ ਨਾ ਬਹਿ ਸਕੀ। ਓਸੇ ਹਾਲਤ ਵਿਚ ਹੀ ਉਹ ਦੂਜੀਆਂ ਚੋਣੀਆਂ ਜਿੰਨਾ ਨਰਮਾ ਚੁਣਦੀ ਰਹੀ।

ਤੇ ਅੱਜ ਅਜੇ ਉਹਨੇ ਇਕ ਝੋਲੀ ਹੀ ਲਾਹੀ ਸੀ ਕਿ ਉਹਦਾ ਚਿੱਤ ਰਾਜ਼ੀ ਨਾ ਰਹਿ ਸਕਿਆ। ਜਿੱਥੇ ਉਹ ਨਰਮਾ ਚੁਣ ਰਹੀ ਸੀ,ਓਥੇ ਹੀ ਉਹਨੇ,ਹੇਠ-ਉੱਤੇ ਦੋ ਪੱਲੀਆਂ ਵਿਛਾਈਆਂ ਤੇ ਉਹਨਾਂ ਉੱਤੇ ਪੈ ਗਈ। ਬੇਬੇ ਨੇਂ ਉਹਨੂੰ ਪੈਂਦੀ ਨੂੰ ਵੇਖਿਆ,ਤਾਂ ਭਿੰਦੀ ਦੀ ਨੂੰਹ ਨੂੰ ਬੁਲਾ ਕੇ

ਆਖਿਆ,"ਜਾਹ ਕੁੜੇ ਕੁੜੀਏ! ਬੰਤੇ ਦੀ ਮੋਟਰ ਤੋਂ ਮੰਜੀ ਚੁੱਕ ਲਿਆ"।

"ਨਈਂ ਬੇਬੇ, ਐਂ ਈ ਸਰਜੂ ਗਾ"। ਭਜਨੋ ਪਈ ਪਈ ਬੋਲੀ।

"ਚੰਗਾ,ਤੇਰੀ ਮਰਜੀ ਐ। ਪਰ ਟਿਕੀ ਰਹਿ "। ਬੇਬੇ ਦੀ ਉਹ ਮੱਤ ਸੀ ਜਾਂ ਚੇਤਾਵਣੀ।

"ਤੂੰ ਜਾਹ ਪੁੱਤ,ਆਵਦੀ ਸੱਸ ਨੂੰ ਸੱਦ ਲਿਆ "। ਬੇਬੇ ਨੇ ਉਹਨੂੰ ਭਿੰਦੀ ਵੱਲ ਭੇਜ ਦਿੱਤਾ। ਭਿੰਦੀ ਆ ਗਈ। ਵਿਹੜੇ ਵਿਚ ਉਹਨੂੰ,ਕਦੋਂ ਦਾ ਹੀ 'ਸਿਆਣੀ' ਸਮਝਿਆ ਜਾਣ ਲੱਗ ਪਿਆ ਸੀ। ਵਿਹੜੇ ਦੇ ਸਾਰੇ ਕਸ਼ਟ ਉਹ ਹੀ ਨਵਿਰਤ ਕਰਦੀ ਆ ਰਹੀ ਸੀ। ਉਹਨੂੰ ਤਾਂ ਅਹੁਰ-ਸਹੁਰ ਸਮੇਂ ਪਿੰਡ ਵਿਚ ਵੀ ਸੱਦਿਆ ਜਾਣ ਲੱਗ ਪਿਆ ਸੀ।

ਬੱਚੇ ਦੀ ਪਹਿਲੀ ਚੀਕ ਨਾਲ ਹੀ ਉਹਨੇ ਬੇਬੇ ਨੂੰ ਆਖਿਆ,"ਬੇਬੇ ਵਧਾਈ ਹੋਵੇ। ਤੇਰੇ ਪੋਤਾ ਆ ਗਿਐ"।

ਆਉਂਦਿਆਂ ਹੋਇਆਂ,ਉਹ ਘਾਹ ਖੋਤਣ ਲਈ,ਲੈ ਕੇ ਆਈ ਰੰਬੀ ਨੂੰ ਧੋ ਸੁਆਰਕੇ,ਆਪਣੀ ਖੇਸੀ ਵਿਚ ਵਲ੍ਹੇਟ ਲਿਆਈ ਸੀ। ਨਾਲ ਦੇ ਖੇਤ ਵਿਚ ਹੀ ਤਾਂ ਉਹ ਬੇਬੇ ਦੀ ਦਰਾਣੀ ਦੇ ਨਰਮਾ ਚੁਗ ਰਹੀ ਸੀ।

ਇਕ ਚੋਣੀ ਚਾਹ ਲੈ ਆਈ। ਬੇਬੇ ਨੇ ਉਹਨੂੰ ਚਾਹ ਧਰਨ ਲਈ ਕਹਿ ਦਿੱਤਾ ਸੀ। ਕਾਰਜ ਸ਼ੁੱਧ ਹੋ ਚੁੱਕਾ ਸੀ। ਘੰਟੇ ਪਿੱਛੋਂ ਭਜਨੋ ਨੂੰ ਫਿਰ ਚਾਹ ਪਿਆਈ ਗਈ। ਚਾਹ ਪੀਣ ਲਈ ਉਹ ਹੁਣ ਉਠਕੇ ਬਹਿ ਗਈ ਸੀ। ਭਿੰਦੀ ਅਜੇ ਵੀ ਉਹਦੇ ਕੋਲ ਸੀ। ਤੇ ਜਾਪਿਆਂ ਦੀਆਂ ਕਹਾਣੀਆਂ ਉਹਨੂੰ ਸੁਣਾ ਰਹੀ ਸੀ। ਭਜਨੋ ਦਾ ਮੁੰਡਾ ਉਹਨੇ ਆਪਣੀ ਬੁੱਕਲ ਵਿਚ ਸਾਂਭਿਆ ਹੋਇਆ ਸੀ। ਦਿਨ ਭਾਵੇਂ ਨਿੱਘਾ ਸੀ,ਪਰ ਸੀ ਤਾਂ ਮੱਘਰ ਦੇ ਪਿਛਲੇ ਪੱਖ ਦਾ ਦਿਨ ਹੀ;ਕਿਸੇ ਵੇਲੇ ਵੀ ਠੰਢਾ ਬੁੱਲਾ ਆ ਸਕਦਾ ਸੀ। ਭਿੰਦੀ ਨੇ ਆਪਣੀ ਖੇਸੀ ਦੀਆਂ ਕਈ ਤਹਿਆਂ ਵਿਚ,ਬੱਚੇ ਨੂੰ ਵਲ੍ਹੇਟਿਆ ਹੋਇਆ ਸੀ। ਖੇਸੀ ਦੇ ਨਿੱਘ ਤੋਂ ਵੱਧ,ਭਿੰਦੀ ਦੇ ਸਰੀਰ ਦਾ ਨਿੱਘ ਬੱਚੇ ਲਈ ਆਰਾਮਦਾਇਕ ਤੇ ਅਵੱਸ਼ਕ ਸੀ।

ਹੋਰ ਘੰਟੇ ਤਕ ਭਜਨੋ ਫਿਰ ਉਠਕੇ ਬਹਿ ਗਈ ਸੀ। ਹੁਣ ਉਹਦੇ ਹੱਥ ਨਿਚਲੇ ਨਹੀਂ ਸਨ ਰਹਿ ਰਹੇ। ਉਹ ਬੈਠੀ ਬੈਠੀ,ਆਪਣੇ ਆਸੇ-ਪਾਸਿਉਂ,ਨਰਮੇ ਦੇ ਗੁੱਲ ਫੜਨ ਲੱਗ ਪਈ ਸੀ। ਹੁਣ ਉਹਦਾ ਚਿੱਤ ਕੀਤਾ ਕਿ ਉਹ ਝੋਲੀ ਬੰਨ੍ਹਕੇ ਨਰਮਾ ਚੁਣਨ ਲੱਗ ਪਵੇ।

ਚੋਣੀਆਂ ਵੱਲ ਗੇੜਾ ਮਾਰਕੇ ਬੇਬੇ,ਉਹਦੇ ਕੋਲ ਆਈ ਤਾਂ ਉਹਨੂੰ ਝਿੜਕਣ ਲੱਗ ਪਈ। "ਟਿਕ ਕੇ ਬਹਿ ਨੀ ਭਜਨੋ। ਅਜੇ ਤੇਰੇ ਹੱਡ ਅੱਲੇ ਐ। ਸਾਨੂੰ ਵਖਤ ਪਾਏਂਗੀ। ਕੁਲਗਦੀ ਨਰਮਾ ਚੁਗਣ ਦੀ "!

ਭਜਨੋ ਨੂੰ ਕਾਕੇ ਦੇ ਆਉਣ ਦੀ ਖੁਸ਼ੀ ਸੀ। ਕਿਸ ਮਾਂ ਨੂੰ ਨਹੀਂ ਹੋਵੇਗੀ ? ਪਰ ਉਹਦੀਆਂ ਸੋਚਾਂ ਦਿਹਾੜੀ ਦੇ ਮਾਰੇ ਜਾਣ 'ਤੇ ਲੱਗੀਆਂ ਹੋਈਆਂ ਸਨ। ਹੋਰਨਾਂ ਨੇ ਮਣ ਮਣ ਨਰਮਾ ਚੁਣ ਲੈਣਾ ਸੀ ਤੇ ਉਹਦੀ ਪੱਲੀ ਵਿਚ ਮਸਾਂ ਪੰਜ ਸੱਤ ਕਿੱਲੋ ਹੀ ਹੋਵੇਗਾ। ਉਹ ਝੂਰ ਰਹੀ ਸੀ। ਤੇ ਘਰ ਵਿਚ,ਖਾਣ ਵਾਲਾ ਇਕ ਮੂੰਹ ਹੋਰ ਆ ਗਿਆ ਸੀ। ਪਹਿਲਾਂ ਹੀ ਗੁਜ਼ਰ ਸੌਖੀ ਨਹੀਂ ਸੀ ਹੋ ਰਹੀ।

ਉਹ ਸੋਚ ਰਹੀ ਸੀ,'ਪਹਿਲਾਂ ਵਰਗੀ ਜਾਨ ਮੇਰੇ ਅੰਗਾਂ ਵਿਚ ਹੁਣ ਨਹੀਂ ਰਹੀ। ਹੱਡ ਹੁਣ ਪੋਲੇ ਪੈ ਗਏ ਐ। ਰੱਬਾ! ਮੈਂ ਕਿਧਰ ਜਾਵਾਂ'? ਉਹਨੂੰ ਜਿਵੇਂ ਕਾਕੇ ਦੇ ਆਉਣ ਦੀ ਖੁਸ਼ੀ ਭੁੱਲ ਗਈ ਸੀ। 'ਉੱਤੋਂ ਮੇਰੇ ਰਿਜ਼ਕ 'ਤੇ, ਮੇਰੀ ਜਠਾਣੀ ਦੀ ਨੂੰਹ ਦੀ ਚੰਦਰੀ ਅੱਖ ਐ। ਮੈਂ ਤਾਂ ਖੂਹ-ਟੋਭੇ ਵਿਚ ਪੈਣ ਜੋਗੀ ਵੀ ਨਈਂ ਰਹਿਣੈ ਜੇ ਇਹ ਭਾਣਾ ਵਰਤ ਗਿਆ'। ਇਸ ਖਿਆਲ ਦੇ ਆਉਂਦਿਆਂ ਹੀ, ਉਹਦੇ ਹੱਥਾਂ ਵਿਚਲਾ ਨਰਮਾ ਧਰਤੀ 'ਤੇ ਡਿੱਗ ਪਿਆ। ਤੇ ਨਾਲ ਹੀ ਜਿੱਥੇ ਉਹ ਬੈਠੀ ਸੀ ਢੇਰੀ ਹੋ ਗਈ।□□

(59 ਹੀਰਾ ਸਿੰਘ ਨਗਰ,ਕੋਟ ਕਪੂਰਾ-151 204)



# ਮਹਿੰਦਰ ਸਿੰਘ ਰੰਧਾਵਾ

## ਗੁਲਜ਼ਾਰ ਸਿੰਘ ਸੰਧੂ

ਮਹਿੰਦਰ ਸਿੰਘ ਰੰਧਾਵਾ ਦੂਲਾ ਪਾਦਸ਼ਾਹ ਸੀ। ਦੂਲਾ ਨਾਲ ਪਾਦਸ਼ਾਹ ਲਾਉਣ ਦੀ ਲੋੜ ਨਹੀਂ। ਉਹ ਤਾਂ ਪਾਦਸ਼ਾਹਾਂ ਦਾ ਪਾਦਸ਼ਾਹ ਹੁੰਦਾ ਹੈ। ਜੋ ਉਹ ਸੀ।

ਉਸ ਦੀਆਂ ਦੇਣਾਂ ਅਣਗਿਣਤ ਹਨ। ਉਨ੍ਹਾਂ ਦੀ ਗੱਲ ਹੁੰਦੀ ਰਹੇਗੀ। ਪਹਿਲਾਂ ਉਸ ਦੇ ਰੰਗ-ਢੰਗ ਦੀ ਗੱਲ ਕਰਦੇ ਹਾਂ।

ਮੈਂ ਭਾਰਤੀ ਖੇਤੀਬਾੜੀ ਖੋਜ ਕੌਂਸਲ ਵਿਚ ਸਬ ਐਡੀਟਰ ਸਾਂ। ਮੇਰੇ ਕੰਮ ਤੋਂ ਖੁਸ਼ ਹੋ ਕੇ ਮੇਰੇ ਲਈ ਅਸਿਸਟੈਂਟ ਐਡੀਟਰ ਦੀ ਨੌਕਰੀ ਬਣਾ ਲਈ ਗਈ। ਨੌਕਰੀ ਪਬਲਿਕ ਸਰਵਿਸ ਕਮਿਸ਼ਨ ਨੇ ਭਰਨੀ ਸੀ। ਉਨ੍ਹਾਂ ਨੂੰ ਪੰਜਾਬੀ ਦਾ ਪਰਚਾ ਪਾਉਣ ਲਈ ਮਾਹਰ ਨਹੀਂ ਸੀ ਲੱਭ ਰਿਹਾ। ਰੰਧਾਵਾ ਨਾਲ ਗੱਲ ਹੋਈ ਤਾਂ ਉਸ ਨੇ ਮੇਰੀ ਹੀ ਤਿਆਰ ਕੀਤੀ ਇਕ ਪੁਸਤਿਕਾ ਅਨੁਵਾਦ ਕਰਨ ਲਈ ਕਮਿਸ਼ਨ ਨੂੰ ਪਰਚੇ ਵਜੋਂ ਭਿਜਵਾ ਦਿੱਤੀ। ਉੱਤਰ ਕਾਪੀਆਂ ਲਿਖ ਲੈਣ ਤੋਂ ਪਿੱਛੋਂ ਸਾਰੇ ਉਮੀਦਵਾਰਾਂ ਨੇ ਇਕ ਸਾਂਝੀ ਸ਼ਿਕਾਇਤ ਵਿਚ ਕਿਹਾ ਕਿ ਮੇਰੇ ਨਾਲ ਰਿਆਇਤ ਹੋ ਰਹੀ ਹੈ। ਸ਼ਿਕਾਇਤ ਦਰਜ ਕਰਾਉਣ ਤੋਂ ਪਹਿਲਾਂ ਉਹ ਮੈਨੂੰ ਦੱਸਣ ਆਏ ਤਾਂ ਮੈਂ ਵੀ ਉਸ ਉੱਤੇ ਦਸਤਖਤ ਕਰ ਦਿੱਤੇ। ਇਸ ਵਿਚ ਝੂਠ ਹੀ ਕੀ ਸੀ! ਮੇਰੇ ਲਈ ਪੈਦਾ ਕੀਤੀ ਵੱਡੀ ਨੌਕਰੀ 'ਤੇ ਹੋਰ ਕੋਈ ਲੱਗ ਗਿਆ।

ਨਵੇਂ ਕੰਮ ਨਵੀਆਂ ਆਸਾਮੀਆਂ ਪੈਦਾ ਕਰਨਾ ਉਸ ਦਾ ਕਰਤੱਵ ਸੀ। ਉਸ ਦੇ ਕੀਤੇ ਵਿਚ ਬਰਕਤ ਸੀ। ਹਰੇ ਇਨਕਲਾਬ ਵਰਗੀ। ਮੈਂ ਪੰਜਾਬੀ ਦਾ ਕੰਮ ਛੱਡ ਕੇ ਅੰਗਰੇਜ਼ੀ ਵਾਲੇ ਪਾਸੇ ਚਲਾ ਗਿਆ। ਪਹਿਲਾਂ ਅਸਿਸਟੈਂਟ ਐਡੀਟਰ ਤੇ ਫਿਰ ਐਡੀਟਰ। ਤੇ ਉਥੋਂ ਲੁਧਿਆਣੇ ਵਾਲੀ ਖੇਤੀ ਯੂਨੀਵਰਸਿਟੀ ਵਿਚ ਕਮਿਊਨੀਕੇਸ਼ਨ ਸੈਂਟਰ ਦਾ ਮੁਖੀ ।ਫਿਰ ਉਥੋਂ ਕੇਂਦਰ ਦੇ ਗਰਾਮ ਵਿਕਾਸ ਮੰਤਰਾਲੇ ਵਿਚ ਡਾਇਰੈਕਟਰ ।ਮੇਰੀ ਥਾਂ ਕਮਿਸ਼ਨ ਦਾ ਚੁਣਿਆ ਉਮੀਦਵਾਰ ਉਸੇ ਆਸਾਮੀ ਤੋਂ ਸੇਵਾਮੁਕਤ ਹੋਇਆ। ਮੈਨੂੰ ਮਿਲੀਆਂ ਨੌਕਰੀਆਂ ਦੀ ਚੋਣ ਵਿਚ ਰੰਧਾਵਾ ਦਾ ਕੋਈ ਦਖਲ ਨਹੀਂ। ਪਰ ਜਿਸ ਹੌਸਲੇ ਨਾਲ ਮੈਂ ਕਮਿਸ਼ਨ ਅੱਗੇ ਪੇਸ਼ ਹੋ ਕੇ ਵਾਰ-ਵਾਰ ਸਫਲ ਹੋਇਆ,ਉਸ ਦੇ ਪਿੱਛੇ ਮੇਰੀ ਪਹਿਲੀ ਹਾਰ ਸਮੇਂ ਉਸ ਦਾ ਵਰਤਿਆ ਵਾਕ ਮੇਰੇ ਨਾਲ ਹੁੰਦਾ ਸੀ, 'ਇਹ ਕੀ ਜਾਨਣ ਬੰਦੇ ਦੀ ਪਰਖ ਕਿਵੇਂ ਕਰੀਦੀ ਏ।'

ਕੁਝ ਸਾਲਾਂ ਪਿੱਛੋਂ ਜਦੋਂ ਰੰਧਾਵਾ ਖੇਤੀਬਾੜੀ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਬਣਿਆ ਤਾਂ ਉਸ ਕੋਲ ਕਮਿਊਨੀਕੇਸ਼ਨ ਸੈਂਟਰ ਦੇ ਮੁਖੀ ਦੀ ਨੌਕਰੀ ਖਾਲੀ ਹੋ ਗਈ। ਮੈਂ ਕੁਲਵੰਤ ਸਿੰਘ ਵਿਰਕ ਨੂੰ ਦੱਸਿਆ ਤਾਂ ਉਹ ਰੰਧਾਵਾ ਨੂੰ ਟੋਹਣ ਉਸ ਦੇ ਦਫਤਰ ਗਿਆ। ਉਦੋਂ ਵਿਰਕ ਉਸ ਦਾ ਪਹਿਲਾਂ ਵਾਲਾ ਮਾਤਹਿਤ ਨਹੀਂ ਸੀ ਤੇ ਨੌਕਰੀ ਮੰਗਦਿਆਂ ਸੰਗ ਵੀ ਰਿਹਾ ਸੀ। ਮੈਂ ਬਾਹਰ ਖੜ੍ਹਾ ਮਿਲਣੀ ਦਾ ਨਤੀਜਾ ਉਡੀਕ ਰਿਹਾ ਸਾਂ ਕਿ ਦੋ-ਚਾਰ ਮਿੰਟਾਂ ਵਿਚ ਹੀ ਵਾਪਸ ਆ ਕੇ ਵਿਰਕ ਕਹਿਣ ਲੱਗਿਆ, 'ਨੌਕਰੀ ਮਿਲ ਗਈ।' ਪੁੱਛਿਆ ਉਹ ਕਿਵੇਂ ਤਾਂ ਵਿਰਕ ਨੇ ਦੱਸਿਆ ਕਿ ਰੰਧਾਵਾ ਨੇ ਵਿਰਕ ਨੂੰ ਅੰਦਰ ਵੜਨ 'ਤੇ ਤੁਸੀਂ ਕਹਿ ਕੇ ਸੰਬੋਧਨ ਕੀਤਾ ਸੀ। ਜਦੋਂ ਨੌਕਰੀ ਦੀ ਗੱਲ ਕੀਤੀ ਤਾਂ ਫੱਟ ਤੂੰ ਕਹਿਣ ਲੱਗ ਪਿਆ। ਵਿਰਕ ਦੀ ਗੱਲ ਠੀਕ ਸੀ। ਅਸੀਂ ਬਾਹਰ ਖੜ੍ਹੇ ਧੁੱਪ ਸੇਕ ਰਹੇ ਸਾਂ ਕਿ ਵਿਰਕ ਦਾ ਇਕ ਚੇਲਾ ਭੱਜਿਆ-ਭੱਜਿਆ ਆਇਆ। ਉਸ ਨੂੰ ਡਾਇਰੈਕਟਰ ਐਕਸਟੈਨਸ਼ਨ ਨੇ ਭੇਜਿਆ ਸੀ। ਪਤਾ ਕਰਨ ਕਿ ਵਿਰਕ ਕਦੋਂ ਤੋਂ ਕੰਮ ਸ਼ੁਰੂ ਕਰ ਸਕਦਾ ਸੀ। ਇਹ ਉਹ ਨੌਕਰੀ ਸੀ ਜਿਸ ਲਈ ਬੜੇ ਬੜੇ ਨਾਢੂ ਖਾਂ ਤਰਲੇ ਲੈ ਰਹੇ ਸਨ ਤੇ ਜਿਸ ਦੇ ਆਧਾਰ ਉੱਤੇ ਪ੍ਰਕਾਸ਼ ਸਿੰਘ ਬਾਦਲ ਨੇ ਮੁੱਖ ਮੰਤਰੀ ਬਣਦੇ ਸਾਰ ਵਿਰਕ ਨੂੰ ਮੰਗ ਕੇ ਆਪਣਾ ਪ੍ਰੈੱਸ ਸਕੱਤਰ ਲਾਇਆ ਸੀ।

ਬਰਜਿੰਦਰ ਸਿੰਘ ਦੇ 'ਅਜੀਤ' ਵਿਚ ਚਲੇ ਜਾਣ 'ਤੇ 'ਪੰਜਾਬੀ ਟ੍ਰਿਬਿਊਨ' ਦੇ ਐਡੀਟਰ ਦੀ ਨੌਕਰੀ ਖਾਲੀ ਹੋਈ ਤਾਂ ਰੰਧਾਵਾ ਨੇ ਮੈਨੂੰ ਸੁਨੇਹਾ ਭੇਜਿਆ। ਉਹ ਚੋਣ ਕਮੇਟੀ ਦਾ ਪ੍ਰਧਾਨ ਸੀ। ਬਾਕੀ

ਦੇ ਮੈਂਬਰ ਹਾਲੀ ਮੈਨੂੰ ਟੋਹ ਹੀ ਰਹੇ ਸਨ ਕਿ ਰੰਧਾਵਾ ਚੋਣ ਕਮੇਟੀ ਦਾ ਸਕੱਤਰ ਨੂੰ ਮੇਰੇ ਬੈਠਿਆਂ ਹੀ ਪੁੱਛੀ ਜਾਵੇ ਕਿ ਆਪਾਂ ਗੁਲਜ਼ਾਰ ਸਿੰਘ ਨੂੰ ਨਿਯੁਕਤੀ ਪੱਤਰ ਏਥੇ ਬੈਠਿਆਂ ਹੀ ਕਿਉਂ ਨਹੀਂ ਦੇ ਸਕਦੇ?

ਦਵਿੰਦਰ ਸਤਿਆਰਥੀ ਦਾ 'ਆਜ ਕੱਲ੍ਹ' ਦਾ ਐਡੀਟਰ ਲੱਗਣਾ ਅਤੇ ਪ੍ਰੋਫੈਸਰ ਮੋਹਨ ਸਿੰਘ ਦਾ ਖੇਤੀ ਯੂਨੀਵਰਸਿਟੀ ਵਿਚ ਇਮੈਰੀਟਸ ਪ੍ਰੋਫੈਸਰ ਬਣਨਾ ਵੀ ਅੱਖ ਦੇ ਫੋਰ ਦੀਆਂ ਗੱਲਾ ਸਨ। ਮਹਿੰਦਰ ਸਿੰਘ ਰੰਧਾਵਾ ਨੇ ਜਿਸ ਕਿਸੇ ਲਈ ਕੁਝ ਵੀ ਕੀਤਾ, ਅਗਲੇ ਤੋਂ ਯਈਂ-ਯਈਂ ਨਹੀਂ ਕਰਵਾਇਆ।

ਰੰਧਾਵਾ ਦੇ ਕੰਮ ਕਰਨ ਦੇ ਤੌਰ-ਤਰੀਕੇ ਆਪਣੇ ਹੀ ਸਨ। ਮੈਂ ਉਸ ਨੂੰ ਇਕ ਸਮੇਂ ਤਿੰਨ ਮੀਟਿੰਗਾਂ ਦੀ ਪ੍ਰਧਾਨਗੀ ਕਰਦੇ ਤੇ ਨੌਂ ਉਮੀਦਵਾਰਾਂ ਵਿਚੋਂ ਮਸਤਕ ਦੇਖ ਕੇ ਇਕ ਦੀ ਚੋਣ ਕਰਦੇ ਵੇਖਿਆ ਹੈ। ਇੱਕੋ ਸਮੇਂ ਕਈ ਮੀਟਿੰਗਾਂ ਦੀ ਗੱਲ ਏਦਾਂ ਸੀ ਕਿ ਇਕ ਮੀਟਿੰਗ ਕਮਰੇ ਵਿਚ ਚੱਲ ਰਹੀ ਹੁੰਦੀ, ਦੂਜੀ ਮਿਆਨੀ ਵਿਚ ਤੇ ਤੀਜੀ ਛੱਤ ਉੱਤੇ। ਉਹ ਚਲਦਾ-ਫਿਰਦਾ ਪ੍ਰਧਾਨ ਸੀ। ਜਿਵੇਂ ਮੀਟਿੰਗਾਂ ਦੇ ਮੈਂਬਰ ਪਰਚੇ ਦੇਣ ਆਏ ਹੋਣ ਤੇ ਆਪ ਮੀਟਿੰਗਾਂ ਦੇ ਕੋਲੋਂ ਦੀ ਲੰਘਦੇ ਖੜ੍ਹੇ-ਖੜ੍ਹੇ ਹੀ ਫੈਸਲੇ ਸੁਣਾ ਰਿਹਾ ਹੋਵੇ।

ਰੰਧਾਵਾ ਵਿਚ ਇਹ ਗੁਣ ਨਾ ਹੁੰਦਾ ਤਾਂ ਉਹ ਪਹਿਲਾਂ ਦਿੱਲੀ ਤੇ ਫਿਰ ਪੰਜਾਬ, ਹਰਿਆਣਾ ਤੇ ਹਿਮਾਚਲ ਵਿਚ ਪਾਕਿਸਤਾਨ ਤੋਂ ਉਜੜ ਕੇ ਆਏ ਸ਼ਰਨਾਰਥੀਆਂ ਨੂੰ ਇੰਨੀ ਛੇਤੀ ਵਸਦਾ ਨਹੀਂ ਸੀ ਕਰ ਸਕਦਾ। ਦੱਸਣ ਵਾਲੇ ਦੱਸਦੇ ਹਨ ਕਿ ਉਹ ਦਫਤਰ ਦੇ ਅੰਦਰ ਬੈਠ ਕੇ ਕੰਮ ਕਰਨ ਦੀ ਥਾਂ ਦੋ-ਦੋ ਪੀ ਏ (ਨਿਜੀ ਸਹਾਇਕ) ਨਾਲ ਲੈ ਕੇ ਸ਼ਰਨਾਰਥੀਆਂ ਦੀ ਪਾਲ ਦੇ ਮੂਹਰੇ ਖਲੋ ਜਾਂਦਾ ਤੇ ਇਕ-ਇਕ ਦੀ ਅਰਜ਼ੀ ਉੱਤੇ ਥਾਏਂ ਖੜ੍ਹੇ ਅਲਾਟਮੈਂਟ ਦੇ ਆਰਡਰ ਕਰ ਦਿੰਦਾ ਸੀ। ਕਿਹੜੇ ਜ਼ਿਮੀਂਦਾਰ ਨੂੰ ਕਿੰਨੀ ਜ਼ਮੀਨ, ਕਿਹੜੇ ਜ਼ਿਲ੍ਹੇ ਦੇ ਕਿਹੜੇ ਪਿੰਡ ਵਿਚ ਦਿੱਤੀ, ਦਫਤਰ ਦੀਆਂ ਕਾਪੀਆਂ ਵਿਚ ਵੀ ਦਰਜ ਹੋ ਜਾਂਦਾ ਤੇ ਅਰਜ਼ੀਆਂ ਉੱਤੇ ਵੀ। ਦੇਸ਼-ਵੰਡ ਕਾਰਨ ਏਕੜਾਂ ਦੇ ਏਕੜ ਲਾਵਾਰਿਸ ਹੋਈਆਂ ਜ਼ਮੀਨਾਂ ਖਸਮਾਂ ਨੂੰ ਉਡੀਕ ਰਹੀਆਂ ਸਨ। ਇੰਨੇ ਵੱਡੇ ਫੈਸਲੇ ਏਦਾਂ ਲੈਣ ਵਾਲਾ ਉਨ੍ਹਾਂ ਦਿਨਾਂ ਵਿਚ ਉਹੀਓ ਸੀ।

ਭਾਸ਼ਾ ਵਿਭਾਗ ਨੇ ਪੰਜਾਬ ਸਰਕਾਰ ਵਾਸਤੇ 'ਪੰਜਾਬ' ਨਾਂ ਦੀ ਇਕ ਪੁਸਤਕ ਤਿਆਰ ਕਰਨੀ ਸੀ। ਇਸ ਦਾ ਮੁੱਖ ਸੰਪਾਦਕ ਮਹਿੰਦਰ ਸਿੰਘ ਰੰਧਾਵਾ ਸੀ। ਇਸ ਵਿਚ ਗੰਡਾ ਸਿੰਘ ਨੇ ਸਪਤ-ਸਿੰਧੂ ਪੰਜਾਬ, ਮੁਲਕ ਰਾਜ ਆਨੰਦ ਨੇ ਸਿੱਖ ਰਾਜ ਸਮੇਂ ਦੀ ਚਿੱਤਰਕਾਰੀ, ਖੁਦ ਰੰਧਾਵਾ ਨੇ ਕਾਂਗੜਾ ਕਲਾ, ਗੁਰਦਿੱਤ ਸਿੰਘ ਗਿਆਨੀ ਨੇ ਮੇਲੇ ਅਤੇ ਤਿਉਹਾਰ, ਦੇਵਿੰਦਰ ਸਤਿਆਰਥੀ ਨੇ ਲੋਕ ਗੀਤ, ਮੋਹਨ ਸਿੰਘ ਨੇ ਸਾਹਿਤ, ਪ੍ਰੀਤਮ ਸਿੰਘ ਨੇ ਬੋਲੀ ਤੇ ਲਿਪੀ, ਅੰਮ੍ਰਿਤਾ ਪ੍ਰੀਤਮ ਨੇ ਅੱਜੋਕੀ ਕਵਿਤਾ, ਗੁਰਬਖਸ਼ ਸਿੰਘ ਨੇ ਲੋਕ ਕਹਾਣੀਆਂ ਤੇ ਕਿਰਪਾਲ ਸਿੰਘ ਨਾਰੰਗ ਨੇ ਪੰਜਾਬ ਦੀ ਦੇਣ ਬਾਰੇ ਲਿਖਣਾ ਸੀ। ਖੇਡਾਂ, ਲੋਕ-ਨਾਚ ਤੇ ਧਰਮ-ਸਥਾਨਾਂ ਬਾਰੇ ਲਿਖਣ ਦੇ ਮਾਹਰ ਲੱਭੇ ਜਾ ਚੁੱਕੇ ਸਨ। ਮੀਟਿੰਗ ਵਿਚ ਸਭ ਕੁਝ ਤੈਅ ਹੋ ਗਿਆ ਤਾਂ ਭਾਸ਼ਾ ਵਿਭਾਗ ਦੇ ਡਾਇਰੈਕਟਰ ਨੇ ਰਸਮ-ਰਿਵਾਜ ਤੇ ਹਾਰ-ਸ਼ਿੰਗਾਰ ਬਾਰੇ ਕੋਈ ਵੀ ਮਾਹਰ ਨਾ ਲੱਭਣ ਦੀ ਮਜਬੂਰੀ ਦੱਸੀ। ਇਸ ਮੀਟਿੰਗ ਵਿਚ ਰੰਧਾਵਾ ਨੇ ਮੈਨੂੰ ਵੀ ਅਬਜ਼ਰਵਰ ਵਜੋਂ ਸੱਦਿਆ ਹੋਇਆ ਸੀ। ਮੈਂ ਮੇਜ਼ ਦੇ ਦੂਜੇ ਸਿਰੇ 'ਤੇ ਨੀਵੀਂ ਪਾਈ ਬੈਠਾ ਸਾਂ। ਉਦੋਂ ਹੀ ਪਤਾ ਲੱਗਿਆ ਜਦੋਂ ਰੰਧਾਵਾ ਦੀ ਆਵਾਜ਼ ਆਈ, 'ਇਹ ਕੰਮ ਗੁਲਜ਼ਾਰ ਸਿੰਘ ਕਰੇਗਾ।' ਏਨੇ ਉੱਚ ਕੋਟੀ ਦੇ ਮਾਹਰਾਂ ਵਿਚ ਮੇਰਾ ਵੀਹ ਸਾਲ ਦੇ ਛੋਕਰੇ ਦਾ ਉਨ੍ਹਾਂ ਦੇ ਬਰਾਬਰ ਨਾਂ ਸੁਣ ਕੇ ਮੈਂ ਨਾਂਹ ਕਰਨ ਦੀ ਸੋਚ ਰਿਹਾ ਸਾਂ ਤਾਂ ਮਦਦ ਵਾਲਾ ਹੱਥ ਸਿਰ 'ਤੇ ਆ ਗਿਆ। 'ਮੈਥੋਂ ਦੌਰਾ ਮਨਜ਼ੂਰ ਕਰਾ ਲਈਂ, ਇਹ ਖੇਤੀ ਨਾਲ ਸੰਬੰਧਤ ਕੰਮ ਹੈ। ਮਾਮੇ-ਮਾਸੀਆਂ ਤੋਂ ਪੁੱਛੀਂ। ਔਖਾ ਕੰਮ ਨਹੀਂ।' ਏਨਾ ਕਹਿ ਕੇ ਰੰਧਾਵਾ ਨੇ ਮੀਟਿੰਗ ਬਰਖਾਸਤ ਕਰ ਦਿੱਤੀ।

ਮੈਂ ਕੰਮ ਕੀਤਾ। ਸਭ ਨੂੰ ਪੰਸਦ ਵੀ ਆਇਆ। ਪੰਜਾਬ ਬਾਰੇ ਇਹੋ ਜਿਹੀ ਕਿਤਾਬ ਮੁੜ ਕੇ ਨਹੀਂ ਬਣੀ।

ਕਿਹੜੇ ਬੰਦੇ ਤੋਂ ਕਿਹੜਾ ਕੰਮ ਲੈਣਾ ਹੈ ਤੇ ਕਰਨ ਵਾਲੇ ਦੇ ਕੀਤੇ ਦਾ ਕੀ ਮੁੱਲ ਪਾਉਣਾ ਹੈ, ਮਹਿੰਦਰ ਸਿੰਘ ਰੰਧਾਵਾ ਦਾ ਬਹੁਤ ਵੱਡਾ ਗੁਣ ਸੀ। ਸੁਰਜੀਤ ਸਿੰਘ ਬਰਨਾਲਾ ਪੰਜਾਬ ਦਾ ਮੁੱਖ ਮੰਤਰੀ ਬਣਿਆ ਤਾਂ ਉਸ ਦੇ ਬਾਰੇ ਮੇਰੇ ਲੇਖ ਤੋਂ ਬੁੱਝ ਲਿਆ ਕਿ ਮੇਰੀ ਬਰਨਾਲਾ ਨਾਲ ਪਟਦੀ ਹੈ। ਮੈਨੂੰ ਫੋਨ ਆਇਆ ਕਿ ਮੈਂ ਮੁੱਖ ਮੰਤਰੀ ਕੋਲੋਂ ਰੰਧਾਵਾ ਸਾਹਿਬ ਨੂੰ ਮਿਲਣ ਦਾ ਟਾਈਮ ਲੈ ਦਿਆਂ। ਮਿਲਣ ਤੋਂ



ਪਿੱਛੋਂ ਫੋਨ ਆਇਆ ਕਿ ਕੰਮ ਹੋ ਗਿਆ। ਡਾਕਟਰ ਸੁਖਦੇਵ ਸਿੰਘ ਦੀ ਖੇਤੀ ਯੂਨੀਵਰਸਟੀ ਦੇ ਵਾਈਸ ਚਾਂਸਲਰ ਵਜੋਂ ਐਕਸਟੈਨਸ਼ਨ ਰੁਕੀ ਹੋਈ ਸੀ। ਰੰਧਾਵਾ ਦੇ ਬੋਲਾਂ ਤੋਂ ਇੰਝ ਜਾਪਦਾ ਸੀ ਜਿਵੇਂ ਉਸ ਦਾ ਆਪਣਾ ਕੰਮ ਹੋਇਆ ਸੀ। ਸੁਖਦੇਵ ਸਿੰਘ ਦਾ ਨਹੀਂ।

ਪ੍ਰਕਾਸ਼ ਸਿੰਘ ਬਾਦਲ ਦਾ ਪ੍ਰੈੱਸ ਸਕੱਤਰ ਹੁੰਦਿਆਂ ਕੁਲਵੰਤ ਸਿੰਘ ਵਿਰਕ ਪੰਜਾਬ ਕਲਾ ਪਰਿਸ਼ਦ ਦਾ ਸਕੱਤਰ ਵੀ ਸੀ। ਵਿਰਕ ਨੇ ਬਾਦਲ ਤੋਂ ਸਮਾਂ ਲੈ ਕੇ ਦਿੱਤਾ ਤਾਂ ਬਾਦਲ ਦੇ ਕਮਰੇ ਨੂੰ ਜਾਂਦਿਆਂ ਵਿਰਕ ਨੇ ਰੰਧਾਵਾ ਦੇ ਹੱਥੋਂ ਬੈਗ ਫੜਨਾ ਚਾਹਿਆ। ਨਾਂਹ ਕਰ ਦਿੱਤੀ। ਉਹ ਮੁੱਖ ਮੰਤਰੀ ਦੀ ਨਜ਼ਰ ਵਿਚ ਵਿਰਕ ਦਾ ਰੁਤਬਾ ਨਹੀਂ ਸੀ ਘਟਾਉਣਾ ਚਾਹੁੰਦਾ। ਵਿਰਕ ਤੇ ਰੰਧਾਵਾ ਬਾਦਲ ਨੂੰ ਮਿਲੇ ਤਾਂ ਉਸ ਦੇ ਇਕ ਬੋਲ ਉੱਤੇ ਬਾਦਲ ਨੇ ਕਲਾ ਪਰਿਸ਼ਦ ਲਈ ਪੰਜਾਹ ਲੱਖ ਰੁਪਏ ਦੀ ਗਰਾਂਟ ਦੇਣੀ ਮੰਨ ਲਈ। ਇਹ ਗਰਾਂਟ ਅੱਜ ਦੇ 12-15 ਕਰੋੜ ਦੇ ਬਰਾਬਰ ਸੀ। 'ਜੇ ਉਸ ਵੇਲੇ ਰੰਧਾਵਾ ਦਾ ਬੈਗ ਮੇਰੇ ਹੱਥ ਹੁੰਦਾ ਤਾਂ ਉਸ ਦੀ ਏਨੀ ਬਰਕਤ ਨਹੀਂ ਸੀ ਹੋਣੀ।' ਵਿਰਕ ਕਿਹਾ ਕਰਦਾ ਸੀ। ਰੰਧਾਵਾ ਨੇ ਇਹ ਕੰਮ ਵੀ ਆਪਣੇ ਲਈ ਨਹੀਂ ਪੰਜਾਬ ਦੇ ਸਾਹਿਤ ਸਭਿਆਚਾਰ ਲਈ ਕੀਤਾ ਸੀ।

ਰੰਧਾਵਾ ਦਾ ਕੰਮ ਕਰਨ ਦਾ ਤਰੀਕਾ ਧੜੱਲੇਦਾਰ ਸੀ। ਇਸ ਵਿਚ ਆਪਣੀ ਕਿਸਮ ਦਾ ਜਮਾਲ ਤੇ ਕਮਾਲ ਸੀ। ਕਿੱਥੇ ਰਾਜ-ਪੱਧਰ ਦੇ ਪ੍ਰਬੰਧਕੀ ਕਾਰਜ ਅਤੇ ਕਿੱਥੇ ਇਕ ਨਿੱਕੇ ਜਿਹੇ ਪਿੰਡ ਵਿਚੋਂ ਲੱਭੀ ਇਕ ਫੁਲਕਾਰੀ, ਇਕ ਚਿੱਤਰ, ਇਕ ਬੋਲੀ। ਕਿੱਥੇ ਪੰਜਾਬੀ ਸਦਾਚਾਰ ਬਾਰੇ ਕਿਸੇ ਕਿਤਾਬ ਦੀ ਵਿਉਂਤ ਅਤੇ ਕਿੱਥੇ ਤ੍ਰਿੰਝਣ ਬੈਠੀਆਂ ਅੰਗ-ਸਹੇਲੀਆਂ ਦਾ ਇਕ ਗੀਤ, ਇਕ ਪ੍ਰੀਤ, ਇਕ ਬਾਤ। ਕਿੱਥੇ ਫਸਾਦਾਂ ਦੇ ਦਿਨਾਂ ਵਿਚ ਦਿੱਲੀ ਦੀ ਡਿਪਟੀ ਕਮਿਸ਼ਨਰੀ ਤੇ ਕਿੱਥੇ ਇਨ੍ਹਾਂ ਹੀ ਫ਼ਸਾਦਾਂ ਨੂੰ ਸਾਹਿਤਕ- ਪੁੱਠ ਵਾਲੀ ਪੁਸਤਕ 'ਆਊਟ ਆਫ ਦੀ ਐਸ਼ਜ਼' ਵਿਚ ਪੇਸ਼ ਕਰਨ ਦਾ ਯਤਨ। ਕਿੱਥੇ ਪੰਜਾਬ ਵਿਚ ਥੀਏਟਰ ਬਣਵਾਣ ਦੇ ਸੁਪਨੇ ਲੈਣਾ ਤੇ ਕਿੱਥੇ ਇਕ ਨਿੱਕੇ ਜਿਹੇ ਇਕਾਂਗੀ ਨੂੰ ਸਟੇਜ ਕਰਵਾਣ ਵਿਚ ਦਿਲਚਸਪੀ। ਮੈਂ ਉਸ ਨੂੰ ਸ਼ਾਮ ਦੇ ਪੰਜ ਵਜੇ ਤੋਂ ਸੱਤ ਵਜੇ ਤਕ ਦਫ਼ਤਰ ਦੇ ਕੰਮ ਤੋਂ ਬਾਅਦ ਪ੍ਰੈੱਸ ਵਿਚ ਬੈਠ ਕੇ ਸਾਇੰਸ ਵਰਗੇ ਰੁੱਖੇ ਵਿਸ਼ੇ 'ਤੇ ਲਿਖੀਆਂ ਕਿਤਾਬਾਂ ਦੇ ਪਰੂਫ ਪੜ੍ਹਦੇ ਵੀ ਵੇਖਿਆ ਸੀ।

ਉਸ ਦੀ ਗੱਲ-ਕੱਥ ਦੀ ਸ਼ਬਦਾਵਲੀ ਵੀ ਪੇਂਡੂ ਹੀ ਸੀ। ਸਟੈਨੋ ਨੂੰ ਟਾਈਪ ਬਾਬੂ; ਐਪਲੀਕੇਸ਼ਨ ਨੂੰ ਦਰਖ਼ਾਸਤ, ਡੀ ਓ ਲੈਟਰ ਨੂੰ ਚਿੱਠੀ; ਚਾਰ ਪੰਨੇ ਦਾ ਪੈਂਫਲੈਟ ਹੋਵੇ ਜਾਂ ਡੇਢ ਹਜ਼ਾਰ ਸਫ਼ੇ ਦਾ ਪੋਥਾ। ਕਿਤਾਬ।

ਉਸ ਦਾ ਆਪਣੇ ਵਾਕਫ਼ ਸਾਹਿਤਕਾਰਾਂ ਨੂੰ ਚੇਤੇ ਕਰਨ ਦਾ ਢੰਗ ਵੀ ਬੜਾ ਬੇ-ਤਕੱਲੁਫ਼ ਸੀ। ਗੁਰਬਖ਼ਸ਼ ਸਿੰਘ ਨੂੰ ਪ੍ਰੀਤ ਨਗਰ ਵਾਲਾ, ਮੋਹਨ ਸਿੰਘ ਨੂੰ ਪੰਜ ਦਰਿਆ ਵਾਲਾ, ਪ੍ਰੀਤਮ ਸਿੰਘ ਨੂੰ ਨਵਯੁਗ ਵਾਲਾ ਅਤੇ ਦਫ਼ਤਰ ਵਿਚ ਪੰਜਾਬੀ ਦਾ ਕੰਮ ਕਰਨ ਦੇ ਨਾਤੇ ਮੈਨੂੰ ਪੰਜਾਬੀ ਵਾਲਾ। ਸੰਬੋਧਨ ਕਰਨ ਵੇਲੇ ਉਹ ਚਕਰਵਰਤੀ ਨੂੰ ਇੰਦਰ ਸਿਆਂ, ਦੁੱਗਲ ਨੂੰ ਕਰਤਾਰ ਸਿਹੁੰ, ਵਿਰਕ ਨੂੰ ਕੁਲਵੰਤ ਸਿੰਘ, ਉਪਾਸ਼ਕ ਨੂੰ ਬਿਸ਼ਨ ਸੂਹ ਅਤੇ ਮਸਤਾਨੇ ਨੂੰ ਆਸਾ ਸਿੰਘ ਕਹਿੰਦਾ ਸੀ।

'ਕੌਮੀ ਵਿਕਾਸ ਯੋਜਨਾ ਵਿਚ ਕੰਮ ਕਰਦੇ ਰਹੇ ਕਿਸੇ ਤੁਕ-ਬੰਦ ਗ੍ਰਾਮ-ਸੇਵਕ ਨੂੰ ਮਿਲੋ, ਕਿਸੇ ਸੱਦਾਂ ਲਾਉਣ ਵਾਲੇ ਬੀ ਡੀ ਓ ਨੂੰ ਜਾਂ ਕਿਸੇ ਲਗੋਜਿਆਂ ਵਾਲੇ ਖੇਤੀ-ਬਾੜੀ ਅਧਿਕਾਰੀ ਨੂੰ ਮਿਲੋ, ਪੁੱਛਣ 'ਤੇ ਪਤਾ ਲਗੇਗਾ ਕਿ ਇਹ ਸਾਰੇ ਉਦੋਂ ਹੀ ਭਰਤੀ ਹੋਏ ਜਦੋਂ ਰੰਧਾਵਾ ਡਿਵੈਲਪਮੈਂਟ ਕਮਿਸ਼ਨਰ (ਪੰਜਾਬ) ਸੀ', ਖੁਸ਼ਵੰਤ ਸਿੰਘ ਨੇ ਇਕ ਦਿਨ ਮੈਨੂੰ ਦੱਸਿਆ। 'ਭਾਵੇਂ ਬੋਲੀ ਪਾ ਕੇ ਹੀ ਕਹੀ ਦਾ ਟੱਕ ਮਾਰਦੇ ਹੋਣ ਕਲਾਕਾਰ ਤਾਂ ਹੈਨ ਨਾ ?' ਮੈਂ ਉੱਤਰ ਦਿੱਤਾ। ' ਬੜੀ ਵਾਈਟੈਲਿਟੀ (ਜਾਨ ਤੇ ਦਮ ) ਏ ਏਸ ਸ਼ਖ਼ਸ ਵਿਚ,' ਖੁਸ਼ਵੰਤ ਸਿੰਘ ਨੇ ਕੁਰਸੀ ਵਿਚ ਹੀ ਪਾਸਾ ਪਰਤ ਕੇ ਕਿਹਾ ਸੀ।

ਰੰਧਾਵਾ ਦੀ ਪ੍ਰਤਿਭਾ ਇਕ ਬਹੁ-ਮੁਖੀ ਪ੍ਰਤਿਭਾ ਸੀ। ਉਹ ਕਲਾਕਾਰਾਂ ਲਈ ਕਲਾ-ਪ੍ਰਸਤ ਸੀ, ਸਾਹਿਤਕਾਰਾਂ ਲਈ ਸਾਹਿਤ ਰਸੀਆ, ਵਿਗਿਆਨਕਾਂ ਲਈ ਵਿਗਿਆਨ-ਕਰਤਾ ਤੇ ਪੇਂਡੂਆਂ ਲਈ ਪਿੰਡ-ਸੁਧਾਰਕ।

ਮੈਂ ਰੰਧਾਵਾ ਨਾਲ ਦਫਤਰ ਵਿਚ ਵੀ ਕੰਮ ਕੀਤਾ ਹੈ ਤੇ ਦਫਤਰੋਂ ਬਾਹਰ ਵੀ। ਦਫਤਰ ਵਿਚ

ਉਸ ਦਾ ਵਤੀਰਾ ਹਾਕਮ-ਕਲਾਕਾਰਾਂ ਵਾਲਾ ਹੁੰਦਾ ਤੇ ਦਫਤਰੋਂ ਬਾਹਰ ਕਲਾਕਾਰ-ਹਾਕਮਾਂ ਵਾਲਾ। ਨਿਰੀ ਹਕੂਮਤ ਜਾਂ ਨਿਰੀ ਕਲਾਕਾਰੀ ਸ਼ਾਇਦ ਉਸ ਦੇ ਸੁਭਾਅ ਦੇ ਅਨੁਕੂਲ ਨਹੀਂ ਸੀ। ਜੇ ਕਦੀ ਉਸ ਨੂੰ ਰੱਬ ਵੀ ਆਣ ਕੇ ਪੁੱਛਦਾ,' ਦੱਸ ਭਰਾਵਾ, ਤੂੰ ਹਾਕਮ ਬਣਨਾ ਏਂ ਜਾਂ ਕਲਾਕਾਰ?' ਤਾਂ ਉਸ ਨੂੰ ਉੱਤਰ ਮਿਲਣਾ ਸੀ, ' ਜੇ ਭਾਈਆ ਮੈਂ ਦੋਵੇਂ ਦਬੱਲ ਛੱਡਾਂ ਤਾਂ ਤੈਨੂੰ ਕੀ ਇਤਰਾਜ਼ ਹੈ?' ਰਾਜ-ਪ੍ਰਬੰਧ ਹੋਵੇ ਜਾਂ ਕਲਾ-ਖੇਤਰ, ਉਹ ਦੋਨਾਂ ਵਿਸ਼ਿਆਂ ਉੱਤੇ ਇਕੋ ਜਿੰਨੀ ਨਿਪੁੰਨਤਾ ਰੱਖਦਾ ਸੀ।

0 0 0 0

ਰੰਧਾਵਾ ਦੀਆਂ ਪ੍ਰਾਪਤੀਆਂ ਦੀ ਸੂਚੀ ਇਕ ਲੇਖ ਦੀ ਬੁੱਕਲ ਵਿਚ ਨਹੀਂ ਆ ਸਕਦੀ। ਭਾਰਤੀ ਖੇਤੀਬਾੜੀ, ਪਸ਼ੂ ਪਾਲਣ ਤੇ ਫਲਾਂ-ਫੁੱਲਾਂ ਦੀ ਖੋਜ ਤੇ ਵਿਕਾਸ ਵਿਚ ਜੋ ਭਾਗ ਰੰਧਾਵਾ ਨੇ ਲਿਆ ਉਹ ਕਿਸੇ ਵੀ ਹੋਰ ਆਈ. ਸੀ. ਐੱਸ. ਅਫਸਰ ਨੇ ਨਹੀਂ ਲਿਆ। ਰਾਜ-ਪ੍ਰਬੰਧ ਨਾਲ ਸੰਬੰਧਤ ਏਨੇ ਜ਼ਿੰਮੇਵਾਰੀ ਵਾਲੇ ਕਾਰਜ ਨੇਪਰੇ ਚਾੜ੍ਹਨ ਤੋਂ ਉਪਰੰਤ ਪੰਜਾਬ ਤੇ ਹਰਿਆਣੇ ਦੀ ਰਾਜਧਾਨੀ ਵਾਲੇ ਸ਼ਹਿਰ ਚੰਡੀਗੜ੍ਹ ਨੂੰ ਜਿਹੜਾ ਚਿਹਰਾ-ਮੁਹਰਾ ਤੇ ਸੁੰਦਰਤਾ ਉਸ ਦੀ ਫੁੱਲਾਂ ਬੂਟਿਆਂ ਦੀ ਵਿਉਂਤ ਨੇ ਪ੍ਰਦਾਨ ਕੀਤਾ ਉਹ ਬੱਚੇ ਬੱਚੇ ਦੀ ਜ਼ੁਬਾਨ ਉੱਤੇ ਹੈ। ਇਸ ਤੋਂ ਇਲਾਵਾ ਮੋਗੇ ਦੀਆਂ ਫੁਲਕਾਰੀਆਂ, ਕਾਂਗੜੇ ਦੇ ਰੁਮਾਲ, ਮਾਲਵੇ , ਹਿਮਾਚਲ ਤੇ ਹਰਿਆਣੇ ਦੇ ਲੋਕ ਗੀਤ ਅਤੇ ਕਾਂਗੜਾ, ਬਸੋਲੀ ਤੇ ਰਾਜਸਥਾਨ ਦੇ ਚਿੱਤਰਾਂ ਨੂੰ ਇਕੱਤਰ ਕਰਨ ਦਾ ਮਹਾਨ ਤੇ ਸੁਹਜ ਪੂਰਵਕ ਕੰਮ ਸ਼ੁਰੂ ਕਰਨ ਤੇ ਨੇਪਰੇ ਚਾੜ੍ਹਨ ਲਈ ਵੀ ਰੰਧਾਵਾ ਜਿਹਾ ਜ਼ੌਕ ਤੇ ਸ਼ੌਕ ਅਵੱਸ਼ਕ ਸੀ। ਉਹ ਦਿਓ ਵਾਂਗ ਕੰਮ ਨੂੰ ਪਸਾਰਦਾ ਸੀ ਤੇ ਇਕ ਜੌਹਰੀ ਵਾਂਗ ਇਸ ਨੂੰ ਸਮੇਟਦਾ ਸੀ। ਕਾਰਜ ਨੇਪਰੇ ਚਾੜ੍ਹਨ ਸਮੇਂ ਉਸ ਵਿਚ ਇਕ ਨੌਜਵਾਨ ਆਸ਼ਕ ਦੀ ਤੜਪ, ਬੇਸਬਰੀ ਤੇ ਤੀਬਰਤਾ ਹੁੰਦੀ ਸੀ।

ਰੰਧਾਵਾ ਨੇ ਅਪਣੀ ਰਿਹਾਇਸ਼ ਇਸ ਰੌਲੇ ਗੌਲੇ, ਭੱਜ ਦੌੜ ਤੋਂ ਦੂਰ ਰੱਖੀ ਹੋਈ ਸੀ। ਖਰੜ ਗਾਰਡਨ ਕਾਲੋਨੀ ਵਿਚ। ਦਸ ਕੁ ਏਕੜ ਥਾਂ ਵਿਚ ਬੜਾ ਹੀ ਖੂਬਸੂਰਤ ਤੇ ਆਰਾਮਦੇਹ ਘਰ । 'ਅਹਿ ਮੇਰਾ ਪੜ੍ਹਨ ਦਾ ਕਮਰਾ ਹੈ, ਐਥੇ ਬੈਠ ਕੇ ਸ਼ਾਮ ਨੂੰ ਚਾਹ ਪੀਂਦਾ ਹਾਂ। ਅਹਿ ਨਾਲ ਹੀ ਪੁਸਤਕਾਲਾ ਹੈ। ਅਹੁ ਸੰਗਤਰਿਆਂ ਮਾਲਟਿਆਂ ਦੇ ਬੂਟੇ ਹਨ ਤੇ ਅਹੁ ਮੂਲੀਆਂ ਗਾਜਰਾਂ- ਵਿਟਾਮਿਨ। ਇਥੇ ਖੁੱਲ੍ਹੀ ਧੁੱਪ ਹੈ, ਧੁੱਪ ਵਿਚ ਵਿਟਾਮਿਨ ਹਨ। ਅਹੁ ਜ਼ਰਾ ਕੁ ਹਟਵਾਂ ਕਮਰਾ ਮਹਿਮਾਨਾਂ ਲਈ ਹੈ। ਤੂੰ ਠਹਿਰਨਾ ਹੋਵੇ ਤਾਂ ਤੈਨੂੰ ਏਥੇ ਠਹਿਰਾਵਾਂਗਾ-ਮੈਂ ਤੇਰੇ ਕੰਮ ਵਿਚ ਦਖਲ਼ ਨਹੀਂ ਦਿੰਦਾ ਤੇ ਤੂੰ ਮੇਰੇ ਵਿਚ ਨਹੀਂ ਦੇ ਸਕਦਾ।' ਉਹ ਆਏ ਮਹਿਮਾਨਾਂ ਨੂੰ ਅਪਣੇ ਘਰ ਦੀ ਜਾਣ ਪਛਾਣ ਏਸੇ ਤਰ੍ਹਾਂ ਕਰਾਉਂਦਾ।

ਜਿੱਥੋਂ ਤਕ ਰੰਧਾਵਾ ਦੇ ਆਪਣੇ ਤੋਂ ਵੱਡੇ ਬੰਦਿਆਂ ਨਾਲ ਵਰਤ ਵਰਤਾਰੇ ਦਾ ਸੰਬੰਧ ਸੀ ਉਸ ਦੇ ਮਹਿਬੂਬ ਨਾਇਕ ਪੰਡਤ ਨਹਿਰੂ ਜਾਂ ਅਬਦੁਲ ਕਲਾਮ ਆਜ਼ਾਦ ਨਹੀਂ ਸਗੋਂ ਸਰਦਾਰ ਪਟੇਲ ਤੇ ਪ੍ਰਤਾਪ ਸਿੰਘ ਕੈਰੋਂ ਸਨ। ਨਾਇਕ ਨਾਲੋਂ ਮਿੱਤਰ ਕਹਿਣਾ ਯੋਗ ਹੈ। 1965 ਦੇ ਸ਼ੁਰੂ ਵਿਚ ਕੈਰੋਂ ਦਾ ਕਤਲ ਹੋਇਆਂ ਤਾਂ ਮੈਨੂੰ ਬੁਲਾ ਲਿਆ । ਮੈਂ ਕਾਹਲੀ-ਕਾਹਲੀ ਉਸ ਦੇ ਦਫਤਰ ਗਿਆ। ਉੱਥੇ ਜਾ ਕੇ ਵੇਖਿਆ ਕਿ ਉਹ ਟਿਕ-ਟਿਕੀ ਲਾ ਕੇ ਖਿੜਕੀ ਵੱਲ ਝਾਕੀ ਜਾ ਰਿਹਾ ਹੈ। ਮੈਂ ਹੱਥ ਵਿਚ ਕਾਗਜ਼ ਪੈਨਸਲ ਫੜ ਕੇ ਦਿੱਤਾ ਜਾਣ ਵਾਲਾ ਕੰਮ ਨੋਟ ਕਰਨ ਲਈ ਖੜ੍ਹਾ ਰਿਹਾ। ਦੇਖਾਂ ਤਾਂ ਬੇਹੱਦ ਉਦਾਸ। ਮੈਨੂੰ ਬੈਠਣ ਦਾ ਇਸ਼ਾਰਾ ਕਰ ਕੇ ਬੋਲਿਆ, 'ਬਹੁਤ ਵੱਡਾ ਬੰਦਾ ਮਾਰ ਤਾ ਬੇਵਕੂਫਾਂ ਨੇ।' ਉਸ ਕੋਲ ਵੀ ਹੱਤਿਆ ਦੀ ਖਬਰ ਪਹੁੰਚ ਚੁੱਕੀ ਸੀ। ਜੀਅ ਭਰ ਕੇ ਕੈਰੋਂ ਦੀ ਵਡਿਆਈ ਦੀਆਂ ਗੱਲਾਂ ਕੀਤੀਆਂ। ਉਸ ਦਿਨ ਉਸ ਨੇ ਮੈਨੂੰ ਅਪਣਾ ਦੁੱਖ ਸਾਂਝਾ ਕਰਨ ਲਈ ਸੱਦਿਆ ਸੀ, ਕੰਮ ਦੇਣ ਲਈ ਨਹੀਂ। ਜਦੋਂ ਗੁੱਭ ਗੁਭਾਟ ਨਿਕਲ ਗਿਆ, ਤਾਂ 'ਰੋਟੀ ਖਾ ਆਵਾਂ' ਕਹਿ ਕੇ ਉੱਠ ਖੜ੍ਹਾ ਹੋਇਆ। ਡਰਾਈਵਰ ਕਈ ਵਾਰ ਦਰਵਾਜ਼ਾ ਖੋਲ੍ਹ ਕੇ ਵੇਖ ਚੁੱਕਾ ਸੀ। ਦਰਵਾਜ਼ੇ ਕੋਲ ਜਾ ਕੇ ਫੇਰ ਕਹਿਣ ਲੱਗਾ, 'ਤੂੰ ਵੀ ਮੇਰੇ ਨਾਲ ਹੀ ਚੱਲ।' ਹਾਲੀ ਵੀ ਉਸ ਦਾ ਮਨ ਹੌਲਾ ਨਹੀਂ ਸੀ ਹੋਇਆ।

ਪਲੈਨਿੰਗ ਕਮਿਸ਼ਨ ਦਾ ਸਲਾਹਕਾਰ ਲੱਗਿਆ ਤਾਂ ਉਸ ਕੋਲ ਬਹੁਤ ਘੱਟ ਕੰਮ ਸੀ। ਮੇਰੇ ਕੋਲੋਂ



ਗੁਰਮੁਖੀ ਲਿਖਣੀ ਸਿੱਖਣ ਲੱਗਾ। ਹਰ ਐਤਵਾਰ ਮੇਰੀਆਂ ਕੱਢੀਆਂ ਗ਼ਲਤੀਆਂ ਨੂੰ ਕਈ ਕਈ ਵਾਰ ਲਿਖ ਕੇ ਰਖਦਾ। ਲਗਾਂ-ਮਾਤਰਾਂ ਤੇ ਸ਼ਬਦ-ਜੋੜਾਂ ਵੱਲ ਏਦਾਂ ਧਿਆਨ ਦਿੰਦਾ ਜਿਵੇਂ ਛੋਟਾ ਬਾਲਕ। ਕਈ ਵਾਰੀ ਦੂਰ ਵਾਲੀ ਕੁਰਸੀ 'ਤੇ ਬਹਿ ਕੇ ਮੁੜ ਲਿਖਦਾ ਤੇ ਮੈਨੂੰ ਇਕ ਵਾਰੀ ਫੇਰ ਵਿਖਾਉਣ ਮੇਰੇ ਕੋਲ ਏਦਾਂ ਆਉਂਦਾ ਜਿਵੇਂ ਮੇਰਾ ਆਗਿਆਕਾਰ ਵਿਦਿਆਰਥੀ ਹੋਵੇ। ਇਕ ਦਿਨ ਪੜ੍ਹਾਉਣ ਗਿਆ ਤਾਂ 'ਹਿੰਦੂ' ਅਖਬਾਰ ਦੀ ਇਕ ਕਤਰਨ ਲੈ ਆਇਆ। ਇਸ ਵਿਚ ਮੇਰੀ ਕਹਾਣੀ 'ਭਲੇ ਦਿਨਾਂ ਦੀ ਗੱਲ' ਦਾ ਅੰਗਰੇਜ਼ੀ ਅਨੁਵਾਦ ਛਪਿਆ ਸੀ। 'ਏਸ ਅਖਬਾਰ ਵਿਚ ਛਪਣਾ ਬਹੁਤ ਵੱਡੀ ਗੱਲ ਹੈ। ਇਹ ਕਟਿੰਗ ਸਾਂਭ ਕੇ ਰੱਖੀਂ।' ਜਿਵੇਂ ਕਹਿ ਰਿਹਾ ਹੋਵੇ 'ਤੂੰ ਵੱਡਾ ਮੁਣਸ਼ੀ ਏਂ।' ਬੀਜੀ (ਰੰਧਾਵਾ ਦੀ ਪਤਨੀ ਇਕਬਾਲ ਕੌਰ) ਨੇ ਦੱਸਿਆ, ' ਸਵੇਰੇ ਦੇ ਹੀ ਖੁਸ਼ ਨੇ। ਦੋ ਤਿੰਨ ਵਾਰੀ ਤੇਰੀ ਕਹਾਣੀ ਦੀ ਗੱਲ ਕਰ ਚੁੱਕੇ ਹਨ।'

ਇਕ ਦਿਨ ਹੈਦਰਾਬਾਦ ਦੇ ਦੌਰੇ ਤੋਂ ਪਰਤਿਆ ਤਾਂ ਪੜ੍ਹਨ ਵਾਲੀ ਕਾਪੀ ਤੋਂ ਬਿਨਾਂ ਹੀ ਬਾਹਰ ਆ ਬੈਠਾ । ਕਹਿੰਦਾ 'ਚਾਹ ਪੀਂਦੇ ਹਾਂ।' ਚਾਹ ਦੇ ਘੁੱਟ ਭਰਦਿਆਂ ਉਸ ਨੇ ਦੱਸਿਆ ਕਿ ਹੈਦਰਾਬਾਦ ਉਸ ਨੂੰ ਰਾਧਾ ਵੀਸਾ ਮਿਲੀ ਸੀ। ਉਹ ਮੇਰੇ ਨਾਲ ਅੰਗਰੇਜ਼ੀ ਦੀ ਸਬ ਐਡੀਟਰ ਰਹਿ ਚੁੱਕੀ ਸੀ। ਉਸ ਨੇ ਕਿਹਾ ਕਿ ਰੰਧਾਵਾ ਨੇ ਜਿੰਨੇ ਬੰਦਿਆਂ ਦੀ ਮਦਦ ਕੀਤੀ ਸੀ ਉਨ੍ਹਾਂ ਸਾਰਿਆਂ ਵਿਚੋਂ ਕੇਵਲ ਮੈਂ ਹੀ ਵਧੀਆ ਬੰਦਾ ਸਾਂ। ਰਾਧਾ ਦੀ ਗੱਲ ਤੋਂ ਏਦਾਂ ਖੁਸ਼ ਜਿਵੇਂ ਕੋਈ ਆਪਣੇ ਬੱਚੇ ਦੇ ਅੱਵਲ ਆਉਣ 'ਤੇ ਹੁੰਦਾ ਹੈ। ਉਸ ਦਿਨ ਪੜ੍ਹਾਈ ਦੀ ਗੱਲ ਨਹੀਂ ਕੀਤੀ। ਮੈਂ ਮੁਣਸ਼ੀ ਤੋਂ ਬੱਚਾ ਬਣ ਗਿਆ ਸਾਂ।

ਮਹਿੰਦਰ ਸਿੰਘ ਰੰਧਾਵਾ ਨੂੰ ਮਿਲਣਾ ਔਖਾ ਵੀ ਸੀ ਤੇ ਸੌਖਾ ਵੀ। ਔਖਾ ਇਸ ਲਈ ਕਿ ਉਸ ਕੋਲ ਸਮਾਂ ਹੀ ਨਹੀਂ ਸੀ ਹੁੰਦਾ। ਸੌਖਾ ਇਸ ਲਈ ਕਿ ਉਸ ਨੇ ਹਰ ਸ਼ਾਮ ਸੈਰ ਲਈ ਜਾਣਾ ਹੁੰਦਾ ਸੀ ਤੇ ਮਿਲਣ ਵਾਲੇ ਸੈਰ ਕਰਦੇ ਨੂੰ ਜਾ ਫੜਦੇ ਸਨ। ਮੈਂ ਉਸ ਦੇ ਨਾਲ ਹਰਚਰਨ ਸਿੰਘ ਨਾਟਕਕਾਰ ਨੂੰ ਸੁਹਾਗੇ ਵਾਂਗ ਧੂਹ ਹੁੰਦਿਆਂ ਤੇ ਕਪੂਰ ਸਿੰਘ ਆਈ. ਸੀ. ਐੱਸ. ਨੂੰ ਥੱਲੇ ਦੇ ਬਲਦ ਵਾਂਗ ਜੁਤਿਆ ਵੇਖਿਆ ਹੈ। ਇਕ ਦਿਨ ਮੈਂ ਤੇ ਮੇਰੀ ਜੀਵਨ ਸਾਥਣ ਸੁਰਜੀਤ ਜਾ ਫਸੇ। ਏਨੀ ਤੇਜ਼ ਤੁਰੇ ਕਿ ਸਾਥੋਂ ਨਾਲ ਨਾ ਰਲਿਆ ਜਾਵੇ। 'ਪਿੱਠ ਦਰਦ ਕਰ ਰਹੀ ਹੈ। ਇਸ ਨੂੰ ਠੀਕ ਕਰਨ ਦਾ ਇਹੀਓ ਤਰੀਕਾ ਹੈ' ਕਹਿ ਕੇ ਉਹ ਹੋਰ ਤੇਜ਼ ਹੋ ਗਿਆ। ਅਸੀਂ ਕਿਸੇ ਕੰਮ ਦਾ ਬਹਾਨਾ ਲਾ ਕੇ ਛੁੱਟੀ ਮੰਗ ਲਈ।

0 0 0 0

ਹੁਣ ਇਕ ਗੱਲ 'ਪੰਜਾਬ ਸਮਝੌਤਾ' ਤੇ 'ਪੰਜਾਬੀ ਟ੍ਰਿਬਿਊਨ' ਦੀ।

ਮੈਂ ਰਾਜੀਵ ਲੌਂਗੋਵਾਲ ਸਮਝੌਤੇ ਵਾਲੇ ਦਿਨ 'ਪੰਜਾਬੀ ਟ੍ਰਿਬਿਊਨ' ਦੇ ਮੁੱਖ ਪੰਨੇ ਉੱਤੇ ਚੰਡੀਗੜ੍ਹ ਦਾ ਨਕਸ਼ਾ ਛਾਪ ਕੇ ਇਸ ਨੂੰ 'ਚੰਡੀਗੜ੍ਹ ਪੰਜਾਬ ਦਾ' ਕੈਪਸ਼ਨ ਦਿੱਤੀ ਤੇ ਮੁੱਖ ਪੰਨੇ ਵਾਲਾ ਸੰਪਾਦਕੀ ਲਿਖਿਆ। ਮੁੱਖ ਸੰਪਾਦਕ ਪ੍ਰੇਮ ਭਾਟੀਆ ਲੰਮੀ ਛੁੱਟੀ 'ਤੇ ਸੀ ਤੇ ਦੂਜਿਆਂ ਨਾਲ ਸਲਾਹ ਕਰਨ ਦੀ ਮੈਂ ਜ਼ਰੂਰਤ ਨਹੀਂ ਸੀ ਸਮਝੀ। ਪੰਜਾਬ ਤੇ ਪੰਜਾਬੀ ਦਾ ਮਾਮਲਾ ਸੀ। ਅਗਲੇ ਦਿਨ ਪਰਚਾ ਵੇਖ ਕੇ ਰੰਧਾਵਾ ਹੈਦਰਾਬਾਦ ਦੀ ਫੇਰੀ ਨਾਲੋਂ ਵੀ ਬਹੁਤ ਖੁਸ਼ । ਏਨਾ ਖੁਸ਼ ਕਿ ਸ਼ਾਮ ਤਕ ਮੇਰੇ ਰਕੀਬਾਂ 'ਚ ਘੁਸਰ ਮੁਸਰ ਸ਼ੁਰੂ ਹੋ ਗਈ। ਉਹ ਮੈਨੂੰ ਸਾਹ ਨਾ ਆਉਣ ਦੇਣ। ਫੇਰ ਰੰਧਾਵਾ ਦੇ ਦਬਕਾ ਮਾਰਨ 'ਤੇ ਸਾਹ ਆਇਆ। ਇਹ ਗੱਲ ਵੱਖਰੀ ਹੈ ਕਿ ਰਾਜੀਵ ਗਾਂਧੀ ਨੇ ਆਪਣੇ ਕੀਤੇ ਦਸਤਖਤਾਂ ਵਾਲੇ ਸਮਝੌਤੇ ਤੋਂ ਪੈਰ ਘਸੀਟਣੇ ਸ਼ੁਰੂ ਕਰ ਦਿੱਤੇ। ਸਮਝੌਤੇ ਉੱਤੇ ਮੇਰੇ ਵੱਲੋਂ ਪ੍ਰਗਟਾਈ ਖੁਸ਼ੀ ਅਣ-ਆਈ ਮੌਤ ਮਰ ਗਈ। ਉਧਰ ਪੰਜਾਬ ਦੀਆਂ ਅਖਬਾਰਾਂ ਉੱਤੇ ਲੱਗੀ ਸੈਂਸਰਸ਼ਿਪ ਦੇ ਦਿਨਾਂ ਵਿਚ 'ਪੰਜਾਬੀ ਟ੍ਰਿਬਿਊਨ' ਦੀ ਵ੍ਰਿਕਰੀ ਜਿਸ ਰਫਤਾਰ ਨਾਲ ਵਧੀ ਸੀ ਸੈਂਸਰਸ਼ਿਪ ਚੁੱਕੇ ਜਾਣ ਕਾਰਨ ਉਸੇ ਰਫਤਾਰ ਨਾਲ ਘਟ ਰਹੀ ਸੀ। ਰੰਧਾਵਾ ਮੇਰੇ ਨਾਲੋਂ ਵੱਧ ਪ੍ਰੇਸ਼ਾਨ।

ਉਸ ਮੈਨੂੰ ਖਰੜ ਸੱਦਿਆ। ਦੁਪਹਿਰ ਵੇਲੇ ਦੇ ਖਾਣੇ ਤੋਂ ਪਿੱਛੋਂ ਸੌਣ ਲਈ ਚੁੱਕਿਆ ਸਰ੍ਹਾਣਾ ਉਸ ਦੀ ਕੱਛ ਵਿਚ ਸੀ । ਬੇਹੱਦ ਪ੍ਰੇਸ਼ਾਨ। ਮੈਨੂੰ ਬਿਠਾ ਕੇ ਸੌਣ ਗਿਆ ਤਾਂ ਨੀਂਦ ਨਹੀਂ ਆਈ। ਉਹੀਓ ਸਰ੍ਹਾਣਾ ਪੱਟਾਂ 'ਤੇ ਰੱਖ ਉਸ 'ਤੇ ਕੂਹਣੀਆਂ ਟਿਕਾ ਮੇਰੇ ਨਾਲ 'ਪੰਜਾਬੀ ਟ੍ਰਿਬਿਊਨ' ਦੀ ਹੋ ਰਹੀ

ਨੁਕਤਾਚੀਨੀ ਦੀ ਗੱਲ ਕਰਨ ਲੱਗਾ। ਮੈਨੂੰ ਦਿੱਲੀ ਤੋਂ ਚੰਡੀਗੜ੍ਹ ਲਿਆਉਣ ਦੀ ਵੀ। ਮੈਂ ਕਿਹਾ ਮੇਰੀ ਨੌਕਰੀ ਦੀ ਫਿਕਰ ਨਾ ਕਰੋ। ਮੈਂ ਤਾਂ ਸਰਕਾਰ ਦੀ ਨੌਕਰੀ ਉਂਝ ਈ ਛੱਡ ਦੇਣੀ ਸੀ। ਪਰ ਉਸ ਨੂੰ ਮੇਰੀ ਨਹੀਂ 'ਪੰਜਾਬੀ ਟ੍ਰਿਬਿਊਨ' ਦੀ ਫਿਕਰ ਸੀ ਜਿਵੇਂ ਇਹ ਅਖਬਾਰ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਚਿੰਨ੍ਹ ਹੋਵੇ ਤੇ ਇਸੇ ਵਿਚ ਉਸ ਦੀ ਜਾਨ ਹੋਵੇ। ਉਸ ਲਈ ਇਹ ਇਕ ਤੋਤਾ ਸੀ ਜਿਸ ਨੂੰ ਕੋਈ ਵੀ ਨੁਕਸਾਨ ਪਹੁੰਚਾ ਕੇ ਰੰਧਾਵਾ ਨੂੰ ਹਿਲਾ ਸਕਦਾ ਸੀ। ਮੇਰੀ ਗੱਲ ਦਾ ਏਨਾ ਕੁ ਅਸਰ ਜ਼ਰੂਰ ਹੋਇਆ ਕਿ ਉਹ ਪੱਟਾਂ ਵਾਲਾ ਸਰ੍ਹਾਣਾ ਲੈ ਕੇ ਸੌਣ ਚਲਾ ਗਿਆ।

ਰੰਧਾਵਾ ਲਈ ਉਂਝ ਵੀ ਉਹ ਦਿਨ ਚੰਗੇ ਨਹੀਂ ਸਨ। ਰੁੱਤ ਬਦਲ ਰਹੀ ਸੀ। ਨਵੇਂ ਫੁੱਟੇ ਪੌਦਿਆਂ ਦੇ ਪਰਾਗ ਤੋਂ ਐਲਰਜੀ ਕਾਰਨ ਉਸ ਦਾ ਨੱਕ ਬੰਦ ਸੀ ਤੇ ਸਾਹ ਘੁੱਟ ਰਿਹਾ ਸੀ। ਲੁਧਿਆਣੇ ਇਕ ਮੀਟਿੰਗ 'ਤੇ ਮੈਨੂੰ ਵੀ ਆਪਣੇ ਨਾਲ ਲੈ ਗਿਆ। ਰਸਤੇ ਵਿਚ ਪੰਜਾਬੀ ਤੇ ਇਸ ਦੇ ਲੇਖਕਾਂ ਦੀਆਂ ਗੱਲਾਂ ਕਰਨ ਲੱਗਾ। ਦੁੱਗਲ ਤੇ ਅੰਮ੍ਰਿਤਾ ਆਪੋ ਵਿਚ ਨਹੀਂ ਬੋਲਦੇ। ਸੇਖੋਂ ਤੇ ਸਫੀਰ ਇਕ ਦੂਜੇ ਨਾਲ ਵੱਟੇ ਰਹਿੰਦੇ ਹਨ। ਇਕ ਛੋਟਾ ਜਿਹਾ ਮੇਲਾ ਰਚਾ ਕੇ ਇਨ੍ਹਾਂ ਨੂੰ ਇਕ ਦੂਜੇ ਨਾਲ ਮਿਲਾਉਣਾ ਚਾਹੀਦਾ ਹੈ। ਮੈਨੂੰ ਚਿੱਠੀ ਲਿਖਣ ਲਈ ਕਹਿ ਰਿਹਾ ਸੀ ਕਿ ਨੀਲੋਂ ਦੇ ਪੁਲ ਦਾ ਟੂਰਿਸਟ ਕੰਪਲੈਕਸ ਆ ਗਿਆ। 'ਏਥੇ ਕਰਾਂਗੇ ਮੇਲਾ' ਕਹਿ ਕੇ ਸਰਕਾਰ ਤੋਂ ਮਨਜ਼ੂਰੀ ਤੇ ਖਰਚੇ-ਵਰਚੇ ਦੀ ਜ਼ਿੰਮੇਵਾਰੀ ਲੈਣ ਦਾ ਵਚਨ ਵੀ ਦਿੱਤਾ।

ਮੈਂ ਅਗਲੇ ਦਿਨਾਂ ਵਿਚ ਹੋਣ ਵਾਲੇ ਮੇਲੇ ਬਾਰੇ ਸੋਚ ਰਿਹਾ ਸਾਂ ਕਿ ਇਕ ਦਿਨ ਸਵੇਰੇ ਹੀ 'ਪੰਜਾਬੀ ਟ੍ਰਿਬਿਊਨ' ਦਾ ਅਸਿਸਟੈਂਟ ਐਡੀਟਰ ਸ਼ਿੰਗਾਰਾ ਸਿੰਘ ਭੁੱਲਰ ਆ ਗਿਆ। ਚਿਹਰਾ ਉੱਤਰਿਆ ਹੋਇਆ ਤੇ ਉਦਾਸ। ਉਸ ਨੇ ਰੇਡੀਓ ਤੋਂ ਸਵੇਰ ਦੀਆਂ ਖਬਰਾਂ ਵਿਚ ਪੰਜਾਬੀਅਤ ਦੇ ਇਸ ਸ਼ੈਦਾਈ ਦੇ ਤੁਰ ਜਾਣ ਦੀ ਖਬਰ ਸੁਣ ਲਈ ਸੀ। ਮੇਰੇ ਪੈਰਾਂ ਥੱਲਿਉਂ ਧਰਤੀ ਖਿਸਕਣ ਲੱਗੀ। ਮੈਂ ਉਸ ਨੂੰ ਨੀਲੋਂ ਦੇ ਪੁਲ ਵਾਲੀ ਇੱਛਾ ਬਾਰੇ ਦੱਸਿਆ।

ਅਸੀਂ ਦੋਹਾਂ ਨੇ ਇਕ ਦੂਜੇ ਨੂੰ ਹੌਸਲਾ ਦਿੱਤਾ ਤੇ 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕੀ ਵਿਚ ਲਿਖੇ ਜਾਣ ਲਈ ਨੁਕਤੇ ਵਿਚਾਰੇ। ਸਾਨੂੰ ਦੂਜੇ ਦਿਨ ਪਤਾ ਲੱਗਿਆ ਕਿ 'ਟਾਈਮਜ਼ ਆਫ ਇੰਡੀਆ' ਦਾ ਸੰਪਾਦਕੀ ਸਾਥੋਂ ਚੰਗਾ ਸੀ। ਉਹ ਸਾਨੂੰ ਮਾਤ ਪਾ ਗਿਆ ਸੀ। ਅਸੀਂ ਆਪਣੇ ਰੰਧਾਵਾ ਨੂੰ ਪੰਜਾਬੀਅਤ ਦਾ ਸ਼ੈਦਾਈ ਕਿਹਾ ਸੀ ਤੇ ਟਾਈਮਜ਼ ਨੇ ਉਸ ਨੂੰ ਹਿੰਦੁਸਤਾਨ ਦੀ ਸਭਿਅਤਾ ਤੇ ਸਭਿਆਚਾਰ ਦਾ ਪਹਿਰੇਦਾਰ। ਮੈਨੂੰ ਟਾਈਮਜ਼ ਦਾ ਸੰਪਾਦਕੀ ਪੜ੍ਹ ਕੇ ਰੋਣਾ ਆ ਗਿਆ।

ਇਹ ਰੋਣੇ ਵਾਲੀ ਗੱਲ ਭੁੱਲਣ ਲਈ ਮੈਂ ਮੁੜ ਲੁਧਿਆਣਾ ਫੇਰੀ ਵੱਲ ਪਰਤਦਾ ਹਾਂ। ਲੁਧਿਆਣੇ ਤੋਂ ਵਾਪਸੀ ਸਮੇਂ ਮੈਂ ਰੰਧਾਵਾ ਦੇ ਕਮਰੇ ਵਿਚ ਗਿਆ ਤਾਂ ਉਹ ਵਰਤੇ ਹੋਏ ਵਸਤਰ ਅਟੈਚੀ ਵਿਚ ਪਾ ਰਿਹਾ ਸੀ। ਮੈਂ ਮਦਦ ਕਰਨ ਲੱਗਿਆ ਤਾਂ ਅਟੈਚੀ ਬੰਦ ਨਾ ਹੋਵੇ। ਮੈਂ ਅਟੈਚੀ ਨਾਲ ਘੁਲ ਰਿਹਾ ਸਾਂ ਕਿ ਉਸ ਨੂੰ ਉਹ ਨਾਲਾ ਚੇਤੇ ਆ ਗਿਆ ਜਿਸ ਵਿਚ ਅਟੈਚੀ ਬੰਨ੍ਹ ਕੇ ਲਿਆਂਦਾ ਸੀ। ਇਸ ਜੁਗਤ 'ਤੇ ਬੱਚਿਆਂ ਵਾਂਗ ਹੱਸਣ ਲੱਗਾ। ਅਨੇਕਾਂ ਬੰਦਿਆਂ ਨੂੰ ਪ੍ਰੋਫੈਸਰ, ਸੰਪਾਦਕ, ਡਾਇਰੈਕਟਰ ਤੇ ਵਾਈਸ-ਚਾਂਸਲਰ ਲਗਵਾਉਣ ਵਾਲੇ ਮਹਿੰਦਰ ਸਿੰਘ ਰੰਧਾਵਾ ਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ ਸੀ ਕਿ ਉਸ ਕੋਲ ਸਾਬਤ ਅਟੈਚੀ ਵੀ ਨਹੀਂ ਸੀ। ਉਸ ਸ਼ਖਸ ਕੋਲ ਜਿਸ ਕੋਲ ਪੰਜਾਬ, ਹਰਿਆਣਾ, ਹਿਮਾਚਲ ਤੇ ਦਿੱਲੀ ਵਿਚ ਵਸਾਏ ਸ਼ਰਨਾਰਥੀਆਂ ਦੀ ਗਿਣਤੀ ਕੰਪਿਊਟਰ ਵੀ ਨਹੀਂ ਕਰ ਸਕਦੇ। ਮੈਂ ਆਪਣੇ ਮਨ ਹੀ ਮਨ ਵਿਚ ਫੈਸਲਾ ਕੀਤਾ ਕਿ ਕਿਸੇ ਬਹਾਨੇ ਇਕ ਅਟੈਚੀ ਭੇਟ ਕਰਾਂਗਾ। ਚੰਗਾ ਹੀ ਹੋਇਆ ਉਹ ਮੇਰੀ ਇਸ ਹਰਕਤ ਤੋਂ ਪਹਿਲਾਂ ਹੀ ਤੁਰ ਗਿਆ। ਮੈਨੂੰ ਵਿਸ਼ਵਾਸ ਹੈ ਕਿ ਉਸ ਨੇ ਇਹ ਗੱਲ ਪਸੰਦ ਨਹੀਂ ਸੀ ਕਰਨੀ।

0 0 0 0

1956 ਤੋਂ 1986 ਤਕ ਮੈਂ ਪੂਰੇ ਤੀਹ ਵਰ੍ਹੇ ਡਾਕਟਰ ਮਹਿੰਦਰ ਸਿੰਘ ਰੰਧਾਵਾ ਨਾਲ ਵੱਖ-ਵੱਖ ਸਥਿਤੀਆਂ ਵਿਚ ਕੰਮ ਕੀਤਾ। ਮੈਂ ਜਿਸ ਅਧਿਕਾਰੀ ਨੂੰ ਸਭ ਤੋਂ ਵੱਧ ਜਾਣਦਾ ਤੇ ਸਤਿਕਾਰਦਾ ਸਾਂ



ਉਹ ਰੰਧਾਵਾ ਹੀ ਸੀ। ਉਸ ਦੀ ਪਦਵੀ ਮੇਰੇ ਕੋਲੋਂ ਕੰਮ ਲੈਣ ਵਾਲਿਆਂ ਵਿਚੋਂ ਸਭ ਤੋਂ ਉੱਚੀ ਸੀ। ਉਸਨੇ ਪੰਜਾਬ ਆਰਟਸ ਕੌਂਸਲ ਦੀ ਸਥਾਪਨਾ ਕੀਤੀ ਤਾਂ ਇਸ ਦੇ ਮੁੱਢਲੇ ਮੈਂਬਰਾਂ ਵਿਚ ਨਵੀਂ ਦਿੱਲੀ ਤੋਂ ਆਉਣ ਵਾਲੇ ਮੈਂ ਅਤੇ ਕੁਲਦੀਪ ਨਈਅਰ ਹੀ ਸਾਂ। ਮੈਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਚ ਜਾਇੰਟ ਡਾਇਰੈਕਟਰ ਲੱਗਾ ਤਾਂ ਅਸਿੱਧੇ ਤੌਰ 'ਤੇ ਉਹ ਮੇਰੇ ਨਿਗਰਾਨਾਂ ਵਰਗਾ ਹੀ ਸੀ। ਸਾਡਾ ਇਹ ਨਾਤਾ ਵਾਪਸ ਨਵੀਂ ਦਿੱਲੀ ਜਾ ਕੇ ਮੇਰੇ ਗ੍ਰਾਮ ਵਿਕਾਸ ਮੰਤਰਾਲੇ ਵਿਚ ਡਾਇਰੈਕਟਰ ਲੱਗਣ ਸਮੇਂ ਵੀ ਬਣਿਆ ਰਿਹਾ। ਮੇਰੀ ਕੇਂਦਰ ਸਰਕਾਰ ਦੀ ਨੌਕਰੀ ਛੁਡਵਾ ਕੇ 'ਪੰਜਾਬੀ ਟ੍ਰਿਬਿਊਨ' ਦਾ ਐਡੀਟਰ ਲਾਉਣ ਵਾਲਾ ਵੀ ਉਹੀਓ ਸੀ। ਪੰਝੀ ਵਰ੍ਹੇ ਪਹਿਲਾਂ ਉਸ ਦੇ ਇਸ ਦੁਨੀਆਂ ਤੋਂ ਤੁਰ ਜਾਣ ਪਿੱਛੋਂ ਹੁਣ ਤਕ ਉਸ ਦਾ ਪਰਛਾਵਾਂ ਮੇਰੀ ਜ਼ਰਪ੍ਰਸਤੀ ਕਰਦਾ ਰਿਹਾ ਹੈ। ਉਸ ਪਰਛਾਵੇਂ ਦਾ ਸੁੱਚਾ ਨਿੱਘ ਮੈਂ ਉਦੋਂ ਵੀ ਮਾਣਦਾ ਰਿਹਾ ਜਦੋਂ ਮੈਂ ਪੰਜਾਬ ਆਰਟਸ ਕੌਂਸਲ ਵਿਚ ਚੇਅਰਮੈਨ ਦੀ ਉਸ ਕੁਰਸੀ ਉੱਤੇ ਬੈਠਿਆ ਜਿਸ ਉੱਤੇ ਉਹ ਬਹਿੰਦਾ ਸੀ।

ਡਾ: ਰੰਧਾਵਾ ਦੇ ਹੱਥਾਂ ਦੀ ਛੂਹ ਪ੍ਰਤਾਪੀ ਸੀ। ਜਿੱਥੇ ਕੁਝ ਵੀ ਨਹੀਂ ਸੀ ਹੁੰਦਾ ਉੱਥੇ ਸਭ ਕੁਝ ਕਰਨ ਦੀ ਤਮੰਨਾ ਰੱਖਣਾ ਉਸ ਦਾ ਸਭ ਤੋਂ ਵੱਡਾ ਗੁਣ ਸੀ। ਗੋਬਿੰਦਗੜ੍ਹ ਵਰਗੇ ਲੋਹੇ ਦੇ ਸ਼ਹਿਰ ਵਿਚ ਉੱਥੋਂ ਦੀ ਸਭ ਤੋਂ ਗੰਦੀ ਥਾਂ ਨੂੰ ਫੁੱਲਾਂ ਦੀ ਪਾਰਕ ਵਿਚ ਬਦਲਨਾ, ਚੰਡੀਗੜ੍ਹ ਵਿਚ ਰੋਜ਼ ਗਾਰਡਨ ਦਾ ਸੁਪਨਾ ਲੈ ਕੇ ਇਸ ਨੂੰ ਸਾਕਾਰ ਕਰਨਾ, ਹਿਮਾਲਾ ਦੀਆਂ ਬਰਫ਼ ਲੱਦੀਆਂ ਪਹਾੜੀਆਂ ਦੀਆਂ ਤਸਵੀਰਾਂ ਖਿੱਚ ਕੇ ਉਸ ਦੀ ਸਾਂਭ-ਸੰਭਾਲ ਕਰਨਾ, ਕਾਂਗੜਾ ਤੇ ਬਸੋਲੀ ਦੇ ਚਿਤਰਾਂ ਦਾ ਸੰਕਲਨ, ਸਮੁੱਚੇ ਭਾਰਤ ਦੀ ਖੇਤੀਬਾੜੀ ਉੱਤੇ ਚਾਰ ਜਿਲਦਾਂ ਵਿਚ ਮਹਾਨ ਪੁਸਤਕ ਦੀ ਰਚਨਾ, ਭਾਰਤ ਦੇ ਸ਼ਿੰਗਾਰ ਬੂਟਿਆਂ ਦੇ ਮੂਲ ਅਤੇ ਵਿਕਾਸ ਦੀ ਖੋਜ, ਹਿਮਾਚਲ, ਹਰਿਆਣਾ ਤੇ ਕਾਂਗੜਾ ਦੇ ਲੋਕ-ਗੀਤਾਂ ਦੀ ਭਾਲ, ਇਕ ਨਹੀਂ ਅਨੇਕਾਂ ਵਿਸ਼ੇ ਉਸ ਨੂੰ ਆਪਣੇ ਵੱਲ ਖਿੱਚਦੇ ਅਤੇ ਆਪਣੇ ਉੱਤੇ ਲਿਖਣ ਅਤੇ ਬੋਲਣ ਲਈ ਪ੍ਰੇਰਦੇ ਰਹੇ। ਬਹੁਤਾ ਕੰਮ ਲਿਖਤਾਂ ਦੁਆਰਾ ਹੀ ਹੋਇਆ।

ਡਾਕਟਰ ਰੰਧਾਵਾ ਦੀ ਸ਼ਖ਼ਸੀਅਤ ਦੀ ਇਕ ਵੱਡੀ ਖ਼ੂਬੀ ਵਿਕਾਸ ਲਈ ਸੁੰਦਰਤਾ ਦਾ ਮਾਰਗ ਅਪਨਾਉਣਾ ਸੀ। ਤਨ ਤੇ ਮਨ ਦੀ ਸਵੱਛਤਾ ਲਈ ਪ੍ਰਤਾਪ ਸਿੰਘ ਕੈਰੋਂ ਦੇ ਸਹਿਯੋਗ ਨਾਲ ਪਿੰਡਾਂ ਵਿਚ ਲਾਇਬਰੇਰੀਆਂ ਦਾ ਪਸਾਰ ਕਰਨ, ਲਛਮਣ ਸਿੰਘ ਗਿੱਲ ਨੂੰ ਪ੍ਰੇਰ ਕੇ ਲਿੰਕ ਰੋਡਾਂ ਦਾ ਜਾਲ ਵਿਛਾਉਣ, ਪਿੰਡਾਂ ਵਿਚ ਖੇਡਾਂ-ਕੁਸ਼ਤੀਆਂ ਤੇ ਮੇਲਿਆਂ ਨੂੰ ਉਤਸ਼ਾਹਤ ਕਰਨ ਦਾ ਮਨੋਰਥ ਸਦਾ ਇਕ ਹੀ ਸੀ। ਲੋਕ ਤਕੜੇ ਹੋਣ ਤੇ ਸੁਹਣੇ ਸੁਪਨੇ ਲੈ ਸਕਣ। ਰੰਧਾਵਾ ਲਈ ਚੰਗੇ ਸੁਪਨੇ ਹੀ ਆਰਥਿਕ ਵਿਕਾਸ ਦਾ ਧੁਰਾ ਸਨ।

ਪਿੰਡ -ਨਿਵਾਸੀਆਂ ਦੀ ਬਿਹਤਰੀ ਬਾਰੇ ਸੋਚਣਾ ਉਸ ਦਾ ਨਿੱਤ-ਨੇਮ ਬਣਿਆ ਹੋਇਆ ਸੀ। ਸਵੇਰੇ-ਸ਼ਾਮ ਜਦੋਂ ਵੀ ਵਿਹਲ ਮਿਲਦੀ ਤਾਂ ਕਿੱਥੇ ਕੀ ਹੋ ਸਕਦਾ ਹੈ, ਨੋਟ ਕਰਦਾ ਰਹਿੰਦਾ। ਕਿਸ ਨੂੰ ਕਹਿ ਕੇ ਕਰਵਾਇਆ ਜਾ ਸਕਦਾ ਹੈ, ਚਿੱਠੀ ਸਵੇਰ ਦੀ ਪਹਿਲੀ ਡਾਕ ਵਿਚ ਨਿਕਲ ਜਾਂਦੀ। ਜੇ ਸੱਚ ਪੁੱਛੋ ਤਾਂ ਬਹੁਤ ਸਾਰੇ ਕੰਮਾਂ ਵਿਚ ਉਸ ਦਾ ਯੋਗਦਾਨ ਚਿੱਠੀਆਂ ਰਾਹੀਂ ਹੀ ਆਇਆ ਸੀ। ਆਪਣੇ ਸਫ਼ਰਾਂ ਵੇਲੇ ਉਹ ਆਪਣੇ ਸਟੈਨੋ ਨੂੰ ਨਾਲ ਰੱਖਦਾ ਸੀ। ਕਿਹੜਾ ਫੁਰਨਾ ਕਿਸ ਵੇਲੇ ਫੁਰ ਸਕਦਾ ਹੈ ਤੇ ਉਸ ਦੇ ਸੰਬੰਧ ਵਿਚ ਕਿਹੜੀ ਕਾਰਗੁਜ਼ਾਰੀ ਕਿਹੜੇ ਪਾਸਿਓਂ ਕਾਰਗਰ ਹੋ ਸਕਦੀ ਹੈ, ਸਟੈਨੋ ਨੂੰ ਉਸੇ ਵੇਲੇ ਨੋਟ ਕਰਵਾ ਦਿੰਦਾ ਸੀ। ਸਟੈਨੋ ਨੂੰ ਪੱਕਾ ਆਦੇਸ਼ ਸੀ ਕਿ ਉਹ ਸ਼ਾਮ ਦਾ ਸਮਾਂ ਕੱਢ ਕੇ ਇਸ ਨੂੰ ਇਕ ਸਕੀਮ ਦੀ ਸ਼ਕਲ ਵਿਚ ਟਾਈਪ ਕਰ ਛੱਡੇ। ਬਸ ਇਕ ਤੋਂ ਬਾਅਦ ਦੂਜਾ ਕਦਮ, ਸਿਲਸਿਲਾ ਜਾਰੀ ਰਹਿੰਦਾ ਸੀ। ਸ਼ਾਇਦ ਹੀ ਕੋਈ ਕੰਮ ਇਹੋ ਜਿਹਾ ਹੋਵੇ ਜਿਹੜਾ ਸਮੇਂ ਸਿਰ ਪੂਰਾ ਨਹੀਂ ਹੋ ਸਕਿਆ।

ਸਮੁੱਚੇ ਭਾਰਤ ਲਈ ਆਮ ਕਰਕੇ ਤੇ ਪੰਜਾਬ ਲਈ ਖਾਸ ਕਰਕੇ ਰੰਧਾਵਾ ਦਾ ਯੋਗਦਾਨ ਸਦਾ ਹੀ ਚੇਤੇ ਕੀਤਾ ਜਾਵੇਗਾ। ਉਸ ਨੇ ਗਿਆਨ ਦੀ ਭਾਲ, ਸੁੰਦਰਤਾ ਦੀ ਪਰਖ ਤੇ ਸਮਾਜ ਦੇ ਵਿਕਾਸ ਦਾ ਅਜਿਹਾ ਸੁਮੇਲ ਬਣਾਈ ਰੱਖਿਆ ਕਿ ਉਸ ਦਾ ਸਤਿਕਾਰ ਉੱਚੀ ਤੋਂ ਉੱਚੀ ਪਦਵੀ ਉੱਤੇ ਬੈਠੇ ਰਾਜਸੀ ਆਗੂਆਂ ਤੇ ਆਮ ਜਨਤਾ ਵਿਚ ਬਰਾਬਰ ਬਣਿਆ ਰਿਹਾ ਤੇ ਹਾਲੀ ਵੀ ਕਾਇਮ ਹੈ। □□

[1538, ਸੈਕਟਰ 36-ਡੀ, ਚੰਡੀਗੜ੍ਹ]

# ਰਵਿੰਦਰ ਰਵੀ ਦੇ ਡਰਾਮੇਂ

## ਨਿਗਹਤ ਖ਼ੁਰਸ਼ੀਦ ਨਾਰੂ

ਰਵਿੰਦਰ ਰਵੀ ਦਾ ਲਿਖਿਆ ਡਰਾਮਾ ਪੰਜਾਬੀ ਦੇ ਮਨਜ਼ੂਮ (ਕਾਵਿ) ਨਾਟਕ ਦੇ ਖੇਤਰ ਵਿਚ ਜਦੀਦ ਰਹੁਜਾਨਾਤ (ਆਧੁਨਿਕ) ਰੁਝਾਨਾਂ, ਡੂੰਘੀ ਸੋਚ ਤੇ ਨਵੀਆਂ ਤਕਨੀਕਾਂ ਦੇ ਇਸਤੇਮਾਲ ਕਾਰਨ ਨਿਵੇਕਲੇ ਮੁਕਾਮ 'ਤੇ ਵੇ। ਰਵੀ ਦਾ ਨਾਟਕ ਲਿਖਣ ਦਾ ਸਫ਼ਰ 1973 ਵਿਚ ਉਸ ਦੇ ਪਹਿਲੇ ਨਾਟਕ 'ਬੀਮਾਰ ਸਦੀ' ਤੋਂ ਸ਼ੁਰੂ ਹੋਇਆ ਜਿਹੜਾ 1974 ਵਿਚ ਛਾਪੇ ਚੜ੍ਹਿਆ ਤੇ 1976 ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਪਹਿਲੀ ਵਾਰ ਖੇਡਿਆ ਗਿਆ। 'ਦਰ ਦੀਵਾਰਾਂ' 1980-81, 'ਅੱਧੀ ਰਾਤ ਦੁਪਹਿਰ' 1983, 'ਰੂਹ ਪੰਜਾਬ ਦੀ' 1983-84 ਤੇ 'ਸਿਫ਼ਰ ਨਾਟਕ' 1986-87 ਵਿਚ ਛਾਪੇ ਚੜ੍ਹੇ। ਉਸ ਦਾ ਨਾਟਕ ਲਿਖਣ ਦਾ ਸਫ਼ਰ ਹੁਣ ਤਕ ਜਾਰੀ ਏ। ਸਾਲ 1989 ਵਿਚ 'ਤਿੰਨ ਨਾਟਕ' ਨਾਂ ਦੀ ਪੁਸਤਕ ਵਿਚ 'ਮੱਕੜੀ ਨਾਟਕ', 'ਰੁਕੇ ਹੋਏ ਯਥਾਰਥ' ਤੇ 'ਪਛਾਣ ਨਾਟਕ' ਸਾਹਮਣੇ ਆਏ। ਉਸ ਤੋਂ ਬਾਅਦ 'ਮਨ ਦੇ ਹਾਣੀ' ਅਦਾਰਾ ਪੰਜਾਬੀ ਸਕਾਫ਼ਤ, ਲਾਹੌਰ ਵੱਲੋਂ 2005 ਵਿਚ ਛਪੀ।

ਕੋਈ ਵੀ ਲਿਖਤ ਆਪਣੇ ਲੇਖਕ ਦੇ ਜਜ਼ਬਾਤ ਤੇ ਮਹਿਸੂਸਾਤ ਦਾ ਆਈਨਾ ਹੋਂਦੀ ਏ। ਰਵੀ ਪੈਦਾਇਸ਼ੀ ਪਾਕਿਸਤਾਨੀ ਤੇ ਹੁਣ ਕੈਨੇਡਾ ਦਾ ਵਸਨੀਕ ਏ। ਉਹ ਜ਼ਿੰਦਗੀ ਵਿਚ ਇਕ ਵਾਰੀ ਆਪਣੀ ਜਨਮ ਭੂਮੀਂ ਤੋਂ ਉੱਖੜਿਆ ਤੇ ਫੇਰ ਸਦਾ ਈ ਜ਼ਮੀਨ ਦੇ ਚੱਪੇ ਚੱਪੇ ਨੂੰ ਨਾਪਦਾ ਰਿਹਾ। ਰੋਜ਼ਗਾਰ ਦੀ ਤਲਾਸ਼ ਵਿਚ ਓਸ ਪੂਰੀ ਦੁਨੀਆਂ ਦਾ ਸਫ਼ਰ ਕਰ ਛੱਡਿਆ। ਰੰਗ ਰੰਗ ਦੀਆਂ ਕੌਮਾਂ, ਉਹਨਾਂ ਦੇ ਰਵੱਈਏ, ਉਹਨਾਂ ਦੇ ਜਜ਼ਬੇ, ਇਖਲਾਕ, ਮਯਾਰ, ਸਭ ਰਵੀ ਦੀ ਨਜ਼ਰ ਤੋਂ ਗੁਜ਼ਰੇ ਤੇ ਏਸ ਤਜਰਬੇ ਨੇ ਉਹਨੂੰ ਆਪਣੀ ਮਿੱਟੀ ਤੋਂ ਉੱਠ ਕੇ ਸਾਰੀ ਦੁਨੀਆਂ ਨੂੰ ਸਾਂਝੀ ਧਰਤੀ ਦੇ ਤੌਰ 'ਤੇ ਵੇਖਣ ਤੇ ਆਪਣੇ ਲੋਕਾਂ ਦੇ ਹਵਾਲੇ ਨਾਲ ਸਭ ਲੋਕਾਂ ਦੇ ਅੰਦਰ ਝਾਕਣ ਦਾ ਮੌਕਾ ਦਿੱਤਾ। ਐਸ ਲਈ ਕਿ ਹਰ ਦੇਸ਼ ਦੀਆਂ ਸਮਾਜੀ, ਮੁਆਸ਼ੀ, ਮੁਆਸ਼ਰਤੀ ਕਦਰਾਂ ਬੇਸ਼ੱਕ ਵੱਖੋ ਵੱਖ ਹੋਣ, ਪਰ ਇਨਸਾਨੀ ਹਯਾਤੀ ਦੇ ਬੁਨਿਆਦੀ ਜਜ਼ਬੇ—ਪਿਆਰ, ਮੁਹੱਬਤ, ਨਫ਼ਰਤ, ਹਸਦ, ਦੁਸ਼ਮਣੀ, ਝੂਠ ਤੇ ਸੱਚ—ਸਭ ਇਕੋ ਜੇਹੇ ਨੇ ਤੇ ਹਰ ਵੱਡਾ ਲਿਖਾਰੀ ਕਿਸੇ ਇਕ ਇਲਾਕੇ ਨੂੰ ਨੁਮਾਇੰਦਾ ਬਣਾਉਂਦਿਆਂ, ਪੂਰੀ ਦੁਨੀਆਂ ਦੀ ਆਫਾਕੀਅਤ ਵਿਚ ਗੁੰਮ ਹੋ ਜਾਂਦਾ ਏ। ਰਵੀ ਕੋਲ ਏਹੋ ਹੁਨਰ ਨਜ਼ਰ ਆਉਂਦਾ ਏ। ਆਸ਼ਿਕ ਰਹੀਲ ਲਿਖਦੇ ਨੇ:

*"ਉਹਨਾਂ ਦੇ ਅਕਸਰ ਮਨਜ਼ੂਮ ਨਾਟਕਾਂ ਦਾ ਮੌਜ਼ੂ (ਵਿਸ਼ਾ) ਦੁਨੀਆਂਦਾਰੀ ਦੇ ਕਿਸੇ ਖਾਸ ਇਲਾਕੇ ਨਾਲ ਤੁਅੱਲਕ ਨਹੀਂ ਰੱਖਦਾ, ਪਰ ਉਹਨਾਂ ਦਾ ਪਾਸਾਰ ਤੇ ਏਹਨਾਂ ਵਿਚੋਂ ਨਿਕਲਦੇ ਨਤੀਜੇ ਆਲਮੀ ਪੱਧਰ ਦੇ ਨੇ। ਜਿੱਦਤ (ਆਧੁਨਿਕਤਾ) ਦੇ ਬਾਵਜੂਦ ਇਹਨਾਂ ਦੇ ਮਨਜ਼ੂਮ ਨਾਟਕਾਂ ਵਿਚ ਪੰਜਾਬੀ ਮੁਆਸ਼ਰੇ ਤੇ ਪੰਜਾਬੀ ਰਵਾਇਤ ਦੇ ਝਲਕਾਰੇ ਨਜ਼ਰ ਆਉਂਦੇ ਨੇ।"* [1]

ਰਵੀ ਦੇ ਨਾਟਕਾਂ ਦੇ ਕਿਰਦਾਰ ਮਸ਼ੀਨੀ ਦੌਰ ਦੇ ਨੁਮਾਇੰਦਾ ਨੇ, ਜਿਹੜੇ ਰੋਟੀ ਕਮਾਉਣ ਦੇ ਚੱਕਰ ਵਿਚ ਨਫਸਿਆਤੀ (ਮਾਨਸਿਕ) ਉੱਥਲ-ਪੁੱਥਲ, ਟੁੱਟ-ਭੱਜ, ਉੜਾਂ-ਥੁੜਾਂ ਤੇ ਮੁਹੱਬਤ-ਨਫ਼ਰਤ ਵਿਚੋਂ ਲੰਘਦੇ ਹੋਏ ਆਪੇ ਮਸ਼ੀਨ ਬਣੇ ਹਫ਼ੇ ਪਏ ਨੇ। ਜਦੋਂ ਜ਼ਿੰਦਗੀ ਦੇ ਤਾਣੇ ਪੇਟੇ ਉਣਦਿਆਂ ਬੰਦਾ ਆਪ ਉਲਝ ਜਾਂਦਾ ਏ ਤੇ ਉਹਨੂੰ ਮਨ ਚਾਹੇ ਗੀਤ ਵੀ ਨਹੀਂ ਭਾਉਂਦੇ ਤੇ ਦਿਲਕਸ਼ ਚਿਹਰੇ ਵੀ ਬੇਜ਼ਾਰ ਕਰਦੇ ਨੇ, ਕਿਉਂਜੇ ਉਹਨੂੰ ਆਪ ਨਹੀਂ ਪਤਾ ਕਿ ਉਹ ਕਿਸ ਚੀਜ਼ ਦੀ ਤਲਾਸ਼ ਵਿਚ ਏ ਪਰ ਮੰਜ਼ਲ ਕੋਈ ਨਹੀਂ। ਕਤਰਾ ਬਣਨ ਤੋਂ ਪਹਿਲਾਂ ਈ ਪਾਣੀ ਭਾਫ ਬਣ ਜਾਂਦਾ ਏ। ਇਹ ਦੁਨੀਆਂ ਪੈਰਾਂ ਦੀ ਦਲਦਲ ਏ ਜਿਹੜੀ ਨਿੱਤ ਤੁਰਦੀ ਰਹਿੰਦੀ ਏ ਪਰ ਕਿਧਰੇ ਵੀ ਨਹੀਂ ਪਹੁੰਚਦੀ। ਜਦੋਂ ਇਨਸਾਨ ਦੇ ਅੰਦਰ ਸੋਚ ਪੈਦਾ ਹੁੰਦੀ ਏ, ਉਹ ਸ਼ਊਰ ਦੀ ਜੰਗ ਵਿਚ ਉਲਝ ਜਾਂਦਾ ਏ। ਅੱਜ ਏਸ ਦੁਨੀਆਂ ਦੀ ਹਰ ਚੀਜ਼ ਪਲਾਸਟਿਕ ਤੇ ਲੋਹੇ ਦੀ ਹੋ ਗਈ ਏ, ਜਿਹਨੇ ਅਹਿਸਾਸ ਤੇ ਸ਼ਊਰ ਨੂੰ ਤਾਰ ਤਾਰ ਕਰ ਦਿੱਤਾ ਏ। ਡਾ. ਜਸਬੀਰ ਸਿੰਘ ਆਹਲੂਵਾਲੀਆ 'ਬੀਮਾਰ ਸਦੀ' ਬਾਰੇ ਲਿਖਦੇ ਹਨ:



*"ਜਿਸ ਤਰ੍ਹਾਂ ਆਕਾਸ਼ ਵਿਚ ਉੱਡਦੇ ਬੱਦਲ ਭਿੰਨ ਭਿੰਨ ਸ਼ਕਲਾਂ ਵਿਚ ਨਜ਼ਰ ਆਉਂਦੇ ਹਨ, ਜਿਹਨਾਂ ਦੀਆਂ ਰੂਪ-ਰੇਖਾਵਾਂ ਪਲੋ ਪਲੀ ਇਕ ਦੂਸਰੇ ਵਿਚ ਘੁਲ ਜਾਂਦੀਆਂ ਹਨ, ਏਸੇ ਤਰ੍ਹਾਂ ਕਾਵਿ-ਨਾਟ ਦੇ ਪਾਤਰ, ਮਖੌਟੇ ਤੇ ਪਿੱਠ-ਭੂਮੀ ਦੀਆਂ ਆਵਾਜ਼ਾਂ ਇਕ ਦੂਜੇ ਵਿਚ ਰਲ ਮਿਲ ਕੇ, ਇਕ ਵਾਤਾਵਰਨ ਨੂੰ ਉਭਾਰਦੀਆਂ ਹਨ, ਜੋ ਪਰੰਪਰਕ ਗੀਤ ਨਾਟਕ ਦੇ ਮਾਹੌਲ ਵਾਂਗ ਬੱਝਵਾਂ ਟਿਕਵਾਂ ਨਹੀ।"* [2]

ਰਵੀ ਨੇ ਏਸ ਨਾਟਕ ਵਿਚ 'ਮਸਖਰੇ' ਦੀ ਸ਼ਕਲ ਵਿਚ ਤੇ Interlude (ਮੱਧਿਕਾ) ਦੀ ਤਕਨੀਕ ਨਾਲ ਨਾਟਕ ਨੂੰ ਹੋਰ ਪੁਰ-ਅਸਰ ਬਣਾਇਆ ਏ। ਏਸ ਤੋਂ ਇਲਾਵਾ ਇਹਦੇ ਵਿਚ 'ਕਾਲਾ ਮਖੌਟਾ', 'ਚਿੱਟਾ ਮਖੌਟਾ' ਦੇ ਪਾਤਰ, ਹਨੇਰੇ ਤੇ ਚਾਨਣੇ ਆਗਹੀ ਤੇ Ignorance ਲਈ ਵਰਤੇ ਨੇ। ਕਿਉਂਕਿ 'ਬੀਮਾਰ ਸਦੀ' ਦਾ ਥੱਕਿਆ ਇਨਸਾਨ ਆਖਿਰਕਾਰ ਇਹ ਈ ਲੋਚਦਾ ਏ:

*ਇਹ ਚਿੰਤਨ ਤਪਦੀ ਭੱਠੀ ਹੈ*<br>
*ਇਹ ਜੀਵਨ ਤਿੱਖਿਆਂ ਕਿੱਲਾਂ 'ਤੇ*<br>
*ਬੀਮਾਰ ਸਦੀ ਦੀਆਂ ਪਉਣਾਂ ਵਿਚ*<br>
*ਦੇ ਸੋਚ ਤੋਂ ਮੁਕਤੀ ਦੀ ਗੋਲੀ*<br>
*ਮੈਂ ਕੁਝ ਚਿਰ ਬਚ ਕੇ ਸੌਂ ਜਾਵਾਂ* [3]

ਇਹ ਰਵੀ ਦਾ ਪਹਿਲਾ ਤਜਰਬਾ ਸੀ ਜਦੋਂ ਉਹਨੇ ਇਨਸਾਨਾਂ ਦੇ ਹਜੂਮ ਵਿਚ 'ਬੀਮਾਰ ਸਦੀ' ਨੂੰ ਮਹਿਸੂਸ ਕੀਤਾ ਤੇ ਬਚ ਕੇ ਸੌਣਾ ਚਾਹਿਆ। ਪਰ ਰਵੀ ਵਰਗਾ ਹੱਸਾਸ ਤੇ ਕਲਾਕਾਰ ਬੰਦਾ ਬਚਕੇ ਕਿੱਥੇ ਸੌਂ ਸਕਦਾ ਏ, ਜਦੋਂ ਉਹਦੇ ਸਾਹਮਣੇ ਫਿੱਗਰ ਨੂੰ ਖ਼ੂਬਸੂਰਤ ਬਣਾਉਣ ਦੀ ਖ਼ਾਤਿਰ ਨਾਰੀਆਂ ਮਾਂ ਬਣਨ ਦੀ ਇੱਛਾ ਛੱਡ ਦੇਣ। ਜਦੋਂ ਔਰਤਾਂ ਇੱਕੋ ਵੇਲੇ ਕਈ ਕਈ ਮਰਦ ਹੰਢਾਉਣ। ਜਦੋਂ Foster (ਲੈਪਾਲਕ) ਘਰਾਂ ਵਿਚ ਪਾਲੇ ਹੋਏ ਲੈ ਪਾਲਕ ਭੈਣ ਭਰਾ ਮੋਹ ਤੇ ਕਾਮ ਵਜੋਂ, ਅਨਜਾਣੇ ਵਿਚ ਅਣਵਿਆਹੀ ਜ਼ਿੰਦਗੀ ਵੀ ਗੁਜ਼ਾਰਨ ਤੇ ਔਲਾਦ ਵੀ ਪੈਦਾ ਕਰਨ। ਤੇ ਫੇਰ ਓਸ ਔਲਾਦ ਦੀ ਸਮਾਜੀ ਹੈਸੀਅਤ ਦਾ ਨਾਸੂਰ ਮੁਆਸ਼ਰੇ ਵਿਚ ਫੈਲ ਜਾਏ। ਉਹਦੇ ਸਾਹਮਣੇ ਭਾਰਤ ਦੀ ਵਿਆਹੀ ਨਾਰੀ ਤੋਂ ਲੈ ਕੇ ਕੈਨੇਡਾ ਤੇ ਬੈਂਕਾਕ ਦੀਆਂ ਅਣਵਿਆਹੀਆਂ ਮਾਵਾਂ ਨੇ, ਜਿਹੜੀਆਂ ਉਹਨੂੰ ਸੋਚਣ 'ਤੇ ਮਜਬੂਰ ਕਰਦੀਆਂ ਨੇ-ਧੀ ਦੇ ਪਿਉ ਨਾਲ ਤੁਅੱਲਕਾਤ ਤੇ ਮੁਕੱਦਸ (ਪਵਿੱਤਰ) ਰਿਸ਼ਤਿਆਂ ਦੀ ਇਖਲਾਕੀ ਗਿਰਾਵਟ ਜਿਹਦੇ ਵਿਚ ਮਗ਼ਰਬ (ਪੱਛਮ) ਦਾ ਇਨਸਾਨ ਏਸ ਤਰ੍ਹਾਂ ਫਸ ਚੁੱਕਿਆ ਏ, ਕਿ ਹੁਣ ਉਹ ਇਹਦੇ 'ਤੇ ਸ਼ਰਮਿੰਦਾ ਵੀ ਨਹੀਂ। ਮੁਸ਼ਾਹਿਦੇ ਦੀਆਂ ਇਹ ਸਾਰੀਆਂ ਹਕੀਕਤਾਂ ਤਸਵੀਰਾਂ ਵਿਚ ਜ਼ਾਹਰ ਹੋਈਆਂ ਨੇ, ਜਿਹਨਾਂ ਨੂੰ ਰਵੀ ਨੇ ਇਡੀਪਸ ਦੇ ਪਸ ਮਨਜ਼ਰ (ਪਿੱਠ-ਭੂਮੀ ਦੇ ਦ੍ਰਿਸ਼) ਵਿਚ ਸ਼ੁਰੂ ਕੀਤਾ ਏ। ਇਡੀਪਸ ਆਪਣੇ ਅਨਜਾਣੇ ਫਿਅਲ (ਕੰਮ, ਕੁਕਰਮ) ਉੱਤੇ ਸ਼ਰਮਿੰਦਾ ਹੋਣ ਦੀ ਬਜਾਏ ਇਹਦੇ ਲਈ ਜਵਾਜ਼ ਤਲਾਸ਼ ਕਰਦਾ ਏ:

*ਮੁਟਿਆਰ : ਮਾਂ ਕਹਿੰਦੀ, ਤੂੰ ਬਾਪ ਹੈਂ ਮੇਰਾ*<br>
*ਇਹ ਸੰਯੋਗ ਸਰਾਪ ਬਣੇਂਗਾ*<br>
*ਮਰਦ : ਤੇਰੀ ਮਾਂ ਦੇ ਤਿੰਨ ਮਰਦਾਂ ਤੋਂ ਤਿੰਨ ਬੱਚੇ ਹਨ*<br>
*ਕਿਹੜਾ ਸਾਡਾ ਬਾਪ?* [4]

ਐਸੇ ਤਕਲੀਫ-ਦੇਹ ਸੂਰਤ-ਏ-ਹਾਲ ਨੂੰ ਰਵੀ ਨੇ 'ਦਰ-ਦੀਵਾਰਾਂ' ਵਿਚ ਹਕੀਕੀ ਨਾਟਕ ਨਿਗਾਰੀ (Realistic Play) ਦੇ ਰੂਪ ਵਿਚ ਪੇਸ਼ ਕੀਤਾ ਏ। ਇਹ ਨਾਟਕ ਮਸ਼ੀਨੀ ਦੌਰ ਦੀਆਂ ਆਲ੍ਹਾ (ਵਧੀਆ) ਤਰੱਕੀ ਦੀਆਂ ਸਹੂਲਤਾਂ ਦੇ ਮਨਫ਼ੀ ਪਹਿਲੂ ਨੂੰ ਵੀ ਉਘਾੜਦਾ ਏ:

*ਮਰਦ : ਮੋਹ ਦੀ ਥਾਂ ਖਿਡੌਣਾ ਮਿਲਿਆ*<br>
*ਔਰਤ : ਸੰਗਤ ਮੰਗੀ, ਟੀ. ਵੀ. ਜੁੜਿਆ* [5]

ਕੀਨੀਆਂ ਤੋਂ ਕੈਨੇਡਾ ਤਕ ਰਵੀ ਨੂੰ ਜ਼ਿੰਦਗੀ ਦੀਆਂ ਨਵੀਆਂ ਸਹੂਲਤਾਂ ਦੇ ਨਾਲ ਮਸ਼ੀਨੀ

ਦੌਰ ਦੀਆਂ ਨਵੀਆਂ ਸੋਚਾਂ ਵੀ ਮਿਲੀਆਂ। ਓਸ ਵੇਖਿਆ ਕਿ ਮਸ਼ੀਨਾਂ ਦੀ ਭਰਮਾਰ ਨੇ ਜ਼ਿੰਦਗੀ ਨੂੰ ਐਨਾ ਮੈਕਾਨਕੀ ਕਰ ਦਿੱਤਾ ਏ ਕਿ ਮੁਹੱਬਤ ਤੇ ਪਿਆਰ ਦੇ ਜਜ਼ਬਿਆਂ ਵਿਚੋਂ ਕੁਰਬਾਨੀ ਤੇ ਬਰਦਾਸ਼ਤ ਉੱਠ ਗਈ ਏ। ਬਸ ਇਹ ਰਹਿ ਗਿਆ ਏ-ਭੁੱਖ ਲੱਗੀ ਤਾਂ ਰੋਟੀ ਖਾਧੀ, ਕਾਮ ਜਾਗਿਆ ਤਾਂ ਭੋਗ ਕਮਾਇਆ। ਇਹ ਵੀ ਨਾ ਮਿਲਿਆ ਤਾਂ ਈਲੈਕਟਰਿਕ ਜਾਂ ਬਿਜਲਾਣੂੰ ਇੰਦਰੀ ਨਾਲ ਦਿਲ ਪਰਚਾਇਆ। ਤੇ ਜਵਾਜ਼ ਇਹ ਜੇ ਫਿਤਰੀ ਜਜ਼ਬੇ ਨੇ, ਮੋੜੇ ਨਹੀਂ ਜਾ ਸਕਦੇ। ਇਸ਼ਕ, ਮੁਹੱਬਤ ਅੰਨ੍ਹਾ ਹੋ ਗਿਆ, ਬਸ ਕਾਮ ਰਹਿ ਗਿਆ। ਕਿਉਂਕਿ ਬੰਦੇ ਨੇ ਜਾਚ ਸਿੱਖ ਲਈ ਏ ਮਸ਼ੀਨ ਬਣ ਜਾਣ ਦੀ। ਹੁਣ ਵੇਖਣਾ ਇਹ ਏ ਕਿ ਮਸ਼ੀਨ ਤੇ ਮਨੁੱਖ ਦੀ ਏਸ ਦੌੜ ਵਿਚ:

*ਵੇਖੀਏ ਅੰਤ ਵਿਚ*
*ਕੌਣ ਕਿਸ 'ਤੇ ਹੱਸਦਾ ਏ?*[6]

ਸਾਰੇ ਨਾਟਕ ਵਿਚ ਮਗ਼ਰਬ (ਪੱਛਮ) ਦੀ ਹਯਾਤੀ, ਸਰਦ ਮੁਹਰੀ ਤੇ ਇਖਲਾਕੀ ਗਿਰਾਵਟ ਨੂੰ ਮੁਖਤਲਿਫ (ਵੱਖ-ਵੱਖ) ਪਾਤਰਾਂ ਦੇ ਜ਼ਰੀਏ ਮਨਜ਼ੂਮ ਸ਼ਕਲ ਵਿਚ ਪੇਸ਼ ਕੀਤਾ ਏ। ਰਵੀ ਦੇ ਨਾਟਕਾਂ ਨੂੰ ਗ਼ੌਰ ਨਾਲ ਬਿਲਤਰਤੀਬ (ਸਿਲਸਿਲੇਵਾਰ) ਪੜ੍ਹੀਏ ਤਾਂ ਉਹਦੀ ਸੋਚ ਦਾ ਇਰਤਕਾਈ (ਵਿਕਾਸ ਦਾ) ਸਫ਼ਰ ਵਾਜ਼ਿਆ (ਸਪਸ਼ਟ) ਨਜ਼ਰ ਆਉਂਦਾ ਏ। 'ਬੀਮਾਰ ਸਦੀ' ਵਿਚ ਉਹ ਜਿਸ ਸੋਚ ਤੋਂ ਬਚਣਾ ਚਾਹੁੰਦਾ ਏ, 'ਦਰ ਦੀਵਾਰਾਂ' ਵਿਚ ਉਹਦੀ ਖਤਰਨਾਕ ਸੂਰਤ-ਏ-ਹਾਲ ਤੋਂ ਪਰੇਸ਼ਾਨ ਹੋ ਜਾਂਦਾ ਏ ਤੇ ਇਹ ਖਤਰਨਾਕ ਸੂਰਤ-ਏ-ਹਾਲ 'ਅੱਧੀ ਰਾਤ ਦੁਪਹਿਰ' ਵਿਚ ਭਟਕਣ ਦੀ ਸਤਹ ਤਕ ਪਹੁੰਚ ਜਾਂਦੀ ਏ। ਹੁਣ ਇਨਸਾਨ ਕੋਲ ਹਯਾਤੀ ਦਾ ਕੋਈ ਮਕਸਦ ਨਹੀਂ ਰਿਹਾ:

*ਭਟਕਣ ਹੀ ਇਹਨਾਂ ਦਾ ਰਸਤਾ / ਭਟਕਣ ਹੀ ਇਹਨਾਂ ਦੀ ਮੰਜ਼ਲ*
*ਭਟਕਣ ਹੀ ਇਹਨਾਂ ਦਾ ਕਲਚਰ / ਭਟਕਣ ਜੰਮਣ, ਭਟਕਣ ਪਾਲਣ*
*ਭਟਕਣ ਨੂੰ ਇਹ ਪਾਉਣਾ ਲੋਚਣ / ਭਟਕਣ ਹੀ ਇਹਨਾਂ ਨੂੰ ਖਾਏ*[7]

ਇਹ ਭਟਕੀ ਜ਼ਿੰਦਗੀ ਘਰ 'ਚੋਂ ਨਿਕਲਕੇ ਸਮਾਜ ਵਿਚ ਮੁੰਤਕਿਲ (ਸਥਾਪਤ) ਹੋਂਦੀ ਏ ਤੇ ਐਥੇ ਉਹਨੂੰ ਸ਼ੈਤਾਨ ਤੇ ਭਗਵਾਨ ਦਾਸ, ਪੁੱਠਾ ਤੇ ਸਿੱਧਾ ਮਿਲਦੇ ਨੇ, ਜਿਹੜੇ ਏਸ ਨੂੰ ਕੁਹਜ ਤੇ ਸੁਹਜ ਦੇ ਫਰੇਬ ਵਿਚ ਫਸਾ ਦੇਂਦੇ ਨੇ:

*ਅੱਧੀ ਰਾਤ ਸਿਖਰ 'ਤੇ ਪਹੁੰਚੇ, ਮੱਸਿਆ, ਘੁੱਪ ਹਨੇਰਾ ਹੋ*
*ਕਬਰਿਸਤਾਨ 'ਚੋਂ ਲਾਸ਼ਾਂ ਡੁੱਲ੍ਹੀਆਂ, ਗਿਰਝਾਂ ਪਾਇਆ ਘੇਰਾ ਹੋ*
*ਅੰਦਰ ਠੇਡੇ, ਬਾਹਰ ਭਟਕਣ, ਜੀਵਨ ਤੇਰਾ, ਮੇਰਾ ਹੋ*
*ਆਪਣੀ ਸੂਝ ਨਾ, ਬੋਧ ਦੁਨੀ ਦੀ, ਕੈਸਾ ਰੈਣ-ਬਸੇਰਾ ਹੋ*[8]

ਰਵੀ ਦੀ ਭਟਕਣ ਦੇ ਏਸ ਸਿਰੇ 'ਤੇ ਇਕ ਪਾਸੇ ਘਰ ਨਜ਼ਰ ਆਉਂਦਾ ਏ। ਤੇ ਦੂਜੇ ਸਿਰੇ 'ਤੇ ਸਮਾਜ ਦੇ ਆਲ੍ਹਾ ਅਦਾਰੇ ਵੀ ਆਪਣੇ ਉੱਚੇ ਨਾਂ ਦੇ ਬਾਵਜੂਦ ਇਨਸਾਨ ਨੂੰ ਭਟਕਣ ਤੋਂ ਬਚਾਉਣ ਦੀ ਬਜਾਏ ਕੌਮੀ ਖਾਨਿਆਂ, ਤੀਸਰੀ ਤੇ ਪਹਿਲੀ ਦੁਨੀਆਂ ਵਿਚ ਵੰਡ ਕੇ ਹੋਰ ਭਟਕਾ ਰਹੇ ਨੇ:

*ਹਰ ਘਰ, ਗਲੀ, ਬਾਜ਼ਾਰ ਦੇ ਅੰਦਰ*
*ਗਿਰਜੇ, ਠਾਕਰਦੁਆਰ ਦੇ ਅੰਦਰ*
*ਸੰਸਦ ਭਵਨ ਤੇ ਯੂ. ਐਨ. ਓ. ਵਿਚ*
*ਲਟਲਟ ਭਾਂਬੜ ਮੱਚ ਰਿਹਾ*
*ਆਪਣੇ ਅੰਦਰ ਵੰਡਿਆ ਮਾਨਵ*
*ਪਾਟਿਆ, ਟੁੱਟਿਆ, ਹੀਣਾ ਹੋਇਆ*[9]

ਰਵੀ ਨੇ ਆਪਣੇ ਨਾਟਕਾਂ ਵਿਚ ਘਰ ਦੀ ਟੁੱਟੀ ਹੋਈ ਜ਼ਿੰਦਗੀ ਦੀ ਉਸਾਰੀ ਤੇ ਰਿਸ਼ਤਿਆਂ ਦੇ ਤਕੱਦਸ (ਪਵਿੱਤਰਤਾ) ਦੀ ਬਹਾਲੀ ਲਈ ਕੋਈ ਪੈਗੰਬਰੀ ਜਤਨ ਜਾਂ ਮਾਅਰਫ਼ਤ ਦਾ ਰਸਤਾ ਨਹੀਂ



ਵਿਖਾਇਆ, ਅਲਬੱਤਾ ਉਸ ਨੇ ਸਮਾਜੀ ਤੇ ਸਿਆਸੀ ਜ਼ਿੰਦਗੀ ਦੀ ਟੁੱਟ-ਭੱਜ ਤੋਂ ਬਚਣ ਲਈ ਆਪਣੇ ਆਪ ਨੂੰ, ਆਪਣੀ ਹੈਸੀਅਤ ਨੂੰ ਪਛਾਨਣ ਲਈ ਏਕਤਾ, ਇਲਮ ਤੇ ਇੱਜ਼ਤ ਦਾ ਰਸਤਾ ਦੱਸਿਆ ਏ:

*ਪਤਾ ਨਹੀਂ ਕਦ ਸੂਹੇ ਪਰਚਮ, ਝੁੱਲਣੇ ਸ਼ੁੱਧ ਕ੍ਰਾਂਤੀ ਦੇ*
*ਅੱਜ ਮੈਂ ਪਾੜਕੇ ਸੁੱਟ ਦੇਣੇ ਹਨ, ਪਰਚਮ ਕੁਲ ਭਰਾਂਤੀ ਦੇ*
*ਅੱਧੀ ਰਾਤ ਦੁਪਹਿਰਾ ਹੋਇਆ, ਮੁੱਕਿਆ 'ਨ੍ਹੇਰ ਜਹਾਲਤ ਦਾ*
*ਸੂਰਤ 'ਚ ਚੜ੍ਹਿਆ ਸੂਰਜ ਬਾਗ਼ੀ, ਛੱਡੋ ਜੀਣਾ ਜ਼ਿੱਲਤ ਦਾ*[10]

ਏਸ ਨਾਟਕ ਵਿਚ ਉਹਦੇ ਪਾਤਰ ਆਪਣੇ ਲਾ-ਸ਼ਊਰ ਤੇ ਸ਼ਊਰ ਦੀ ਜੰਗ ਦਾ ਹਾਲ ਸੁਣਾਉਂਦੇ ਨੇ। ਰਵੀ ਦੀ ਸੋਚ ਦਾ ਸਫ਼ਰ ਘਰ, ਸਮਾਜ ਤੋਂ ਟੁਰਦਾ ਹੋਇਆ 1983 ਤੋਂ ਬਾਅਦ ਸਿਆਸੀ ਸਤਹ 'ਤੇ ਉੱਘੜ ਕੇ ਸਾਹਮਣੇ ਆਉਂਦਾ ਏ। ਇਹ ਵੀ ਹਕੀਕਤ ਏ ਜੇ ਇਹ ਸਾਰਾ ਸਫ਼ਰ ਕਿਸੇ ਖਾਸ ਇਲਾਕੇ ਤੇ ਘਰ ਦਾ ਨਹੀਂ ਬਲਕਿ ਦੁਨੀਆਂ ਦੇ ਹਰ ਘਰ, ਹਰ ਸਮਾਜ ਤੇ ਸਿਆਸਤ ਦੇ ਹਰ ਅਖਾੜੇ ਦਾ ਏ। ਪਰ ਇਨਸਾਨ ਅੰਦਰ ਆਪਣੀ ਖੋਜ ਤੇ ਸ਼ਨਾਖਤ ਦਾ ਇਹ ਸਫ਼ਰ ਅਗਲੇ ਨਾਟਕਾਂ ਵਿਚ ਹੋਰ ਉੱਭਰ ਕੇ ਸਾਹਮਣੇ ਆਉਂਦਾ ਏ। ਅਜਾਇਬ ਕਮਲ, ਰਵੀ ਦੇ 'ਤਿੰਨ ਨਾਟਕ' ਵਿਚ, ਏਸ ਇਰਤਕਾਈ (ਵਿਕਾਸ ਦੇ) ਸਫ਼ਰ ਨੂੰ ਏਸ ਤਰ੍ਹਾਂ ਬਿਆਨ ਕਰਦੇ ਨੇ:

*'ਦਰ ਦੀਵਾਰਾਂ', 'ਬੀਮਾਰ ਸਦੀ' ਦੀ ਅਗਲੀ ਕੜੀ ਹੈ। ਏਥੇ ਪੁੱਜ ਕੇ ਆਧੁਨਿਕ ਮਨੁੱਖ ਦਾ ਗੁੱਝਾ ਗੁਪਤ ਰੋਗ ਹੋਰ ਵੀ ਕੁਟਿਲ, ਵਿਵਿਧ ਪੱਖੀ ਹੋ ਗਿਆ ਹੈ। ਏਥੇ ਉਹ ਕੈਨੇਡੀਅਨ ਭੋਂ 'ਚੋਂ ਉਗਮ ਕੇ, ਅਮੂਰਤ ਬੋਹੜ ਵਾਂਗੂੰ ਸਾਰੇ ਪੱਛਮੀ ਆਕਾਸ਼ 'ਤੇ ਫੈਲ ਗਿਆ ਹੈ। 'ਅੱਧੀ ਰਾਤ ਦੁਪਹਿਰ' ਤੀਕ ਪੁੱਜਕੇ ਇਹ ਕਾਵਿ-ਨਾਟਕ ਤਿੱਕੜੀ ਸਿਖਰ 'ਤੇ ਪੁੱਜਦੀ ਹੈ। ਭਾਵੇਂ ਇਹਨਾਂ ਤਿੰਨਾਂ ਨਾਟਕਾਂ ਦਾ ਆਪਣਾ ਵੱਖਰਾ ਵੱਖਰਾ ਸਿਖਰ ਹੈ, ਪਰ ਤਿੱਕੜੀ (Trilogy) ਦਾ ਸਿਖਰ 'ਅੱਧੀ ਰਾਤ ਦੁਪਹਿਰ' ਹੈ। 'ਅੱਧੀ ਰਾਤ ਦੁਪਹਿਰ' ਪਹਿਲੇ ਦੋ ਨਾਟਕਾਂ ਦਾ ਪਾਤਰੀ ਤੇ ਨਾਟਕੀ ਵਿਸਥਾਰ ਵੀ ਹੈ, ਘਟਨਾਵੀ ਤੇ ਥੀਮਿਕ ਵਿਸਥਾਰ ਵੀ। ਏਥੇ ਵੀ ਤੁਹਾਨੂੰ ਪਹਿਲੇ ਦੋ ਨਾਟਕਾਂ ਵਾਲੇ ਪਾਤਰ ਮਿਲਣਗੇ, ਜਿਵੇਂ ਕਵੀ, ਭਗਵਾਨ ਸਿੰਘ, ਸ਼ੈਤਾਨ ਦੇਵ, ਸਿੱਧਾ, ਪੁੱਠਾ, ਨਟ, ਨਟੀ, ਔਰਤ, ਇਨਸਾਨ ਆਦਿ। ਏਸ ਤਰ੍ਹਾਂ 'ਬੀਮਾਰ ਸਦੀ' ਤੋਂ ਚੱਲਕੇ 'ਅੱਧੀ ਰਾਤ ਦੁਪਹਿਰ' ਤੀਕ ਪੁੱਜਕੇ ਇਹ ਸਾਰੇ ਪਾਤਰ ਪ੍ਰਤੀਕ ਤੋਂ ਪ੍ਰਤੀਕ ਦੀ ਵਿਸਤ੍ਰਿਤ ਯਾਤਰਾ ਪ੍ਰਸਤੁਤ ਕਰਦੇ ਨੇ। ਏਥੇ ਪੁੱਜਕੇ ਕਵੀ ਦੇ ਚਿੰਤਨ ਦਾ ਘੇਰਾ ਹੋਰ ਮੋਕਲਾ, ਹੋਰ ਵੀ ਵਿਸ਼ਾਲ ਹੋ ਜਾਂਦਾ ਏ।"*[11]

ਡਾਕਟਰ ਕੁਲਦੀਪ ਸਿੰਘ ਧੀਰ ਇਸ ਤ੍ਰੈਲੜੀ ਨਾਟਕ ਬਾਰੇ ਲਿਖਦੇ ਨੇ:

*'ਅੱਧੀ ਰਾਤ ਦੁਪਹਿਰ' ਰਵਿੰਦਰ ਰਵੀ ਦਾ ਤੀਸਰਾ ਕਾਵਿ-ਨਾਟਕ ਹੈ। ਉਸ ਦੇ ਤਿੰਨੇ ਕਾਵਿ ਨਾਟਕ 'ਬੀਮਾਰ ਸਦੀ', 'ਦਰ ਦੀਵਾਰਾਂ', 'ਅੱਧੀ ਰਾਤ ਦੁਪਹਿਰ' ਸਿਆਸੀ ਆਧਾਰਾਂ 'ਤੇ ਵੰਡੀ ਹੋਈ ਪੰਜ ਦਰਿਆਵਾਂ ਦੀ ਇਸ ਧਰਤੀ ਤੋਂ ਬਾਹਰ ਪੱਛਮੀ ਸਭਿਆਚਾਰ ਦੇ ਪਿਛੋਕੜ ਵਿਚ ਅਰਥ ਗ੍ਰਹਿਣ ਕਰ ਰਹੇ ਪੰਜਾਬ ਵਿਚ ਸਿਰਜੇ ਗਏ ਹਨ। ਧਰਤੀਆਂ ਤੇ ਸਮੁੰਦਰਾਂ ਦੀਆਂ ਹੱਦਬੰਦੀਆਂ ਨੂੰ ਰੱਦ ਕਰ ਕੇ ਵਿਸ਼ਵ ਚੇਤਨਾ ਨਾਲ ਜੁੜਨ ਤੇ ਦੇਸ਼ ਵਿਦੇਸ਼ ਦੇ ਜਟਿਲ ਆਧੁਨਿਕ ਜਨ-ਜੀਵਨ ਤੇ ਵਿਕਸਤ ਰੰਗ ਮੰਚ ਦੇ ਵਿਸ਼ਾਲ ਅਨੁਭਵ ਵਿਚੋਂ ਉਪਜੀ ਰਚਨਾਤਮਕ ਬੇਚੈਨੀ ਰਵੀ ਦੇ ਕਾਵਿ-ਨਾਟਕਾਂ ਦੇ ਜਨਮ ਦਾ ਕਾਰਨ ਤੇ ਆਧਾਰ ਹੈ।"*[12]

ਰਵੀ ਭਾਵੇਂ 1967 ਤੋਂ ਲੈ ਕੇ ਪਰਦੇਸ ਸਿਧਾਰ ਗਿਆ ਪਰ ਦੇਸ ਪਰਤਣ ਦੀ ਇੱਛਾ ਤੇ ਆਪਣੀ ਧਰਤੀ ਮਾਂ ਨਾਲ ਮੋਹ ਨੇ ਉਸ ਦੀ ਰੂਹ ਦੇ ਤਾਰਾਂ ਨੂੰ ਆਪਣੀ ਜਨਮ ਭੂਮੀ ਨਾਲ ਜੋੜੀ ਰੱਖਿਆ। ਉਸ ਦਾ ਸਰੀਰ ਭਾਵੇਂ ਉੱਥੇ ਨਹੀਂ ਸੀ, ਪਰ ਵਾਪਰਨ ਵਾਲਾ ਹਰ ਵਾਕਿਆ, ਉਹ ਭਾਵੇਂ ਸਿਆਸੀ ਹੋਏ ਜਾ ਸਮਾਜੀ, ਦਾ ਅਸਰ ਉਹਦੇ ਹੱਸਾਸ ਦਿਲ 'ਤੇ ਜ਼ਰੂਰ ਹੋਇਆ। ਉਹਦੇ ਨਾਟਕਾਂ ਵਿਚ ਜਿਤਨਾ ਵੀ ਦਰਦ ਤੇ ਸੰਸਾ ਹੈ, ਜਿਹੜਾ ਉਹਨੇ ਪੰਜਾਬ ਦੇ ਨਾਗਰਿਕਾਂ ਦੇ ਹਵਾਲੇ ਨਾਲ ਪੂਰੀ

ਦੁਨੀਆਂ ਦੇ ਨਾਗਰਿਕਾਂ ਵਾਸਤੇ ਮਹਿਸੂਸ ਕੀਤਾ ਏ, ਉਹ ਹਰ ਨਾਟਕ ਵਿਚ ਕਿਸੇ ਨਾ ਕਿਸੇ ਰੰਗ ਵਿਚ ਮੌਜੂਦ ਏ। ਪਰ ਚੰਗੀ ਗੱਲ ਇਹ ਵੇ ਕਿ ਉਸਨੇ ਆਪਣੇ ਹਰ ਨਾਟਕ ਵਿਚ ਸੋਚ ਦੇ ਇਕ ਨਵੇਂ ਜ਼ਾਵੀਏ ਨਾਲ ਗੱਲ ਕੀਤੀ ਏ। ਏਸੇ ਤਰ੍ਹਾਂ ਉਹ ਸਟੇਜ ਕਰਾਫਟ ਤੇ ਡਰਾਮਾਈ ਤਕਨੀਕਾਂ ਨੂੰ ਵੀ ਬਦਲਦਾ ਰਹਿੰਦਾ ਏ। ਜਿਸ ਕਾਰਨ ਉਹਦੇ ਨਾਟਕਾਂ ਵਿਚ ਨਾ ਸਿਰਫ਼ ਮੌਜ਼ੂਆਤੀ (ਵਿਸ਼ੈਗਤ) ਖਿਲਾਰ ਨਜ਼ਰ ਆਉਂਦਾ ਏ ਬਲਕਿ ਤਕਨੀਕੀ ਜਿੱਦਤ (ਨਵੀਨਤਾ) ਵੀ ਪੈਦਾ ਹੋ ਜਾਂਦੀ ਹੈ। ਮਸਲਨ 'ਰੂਹ ਪੰਜਾਬ ਦੀ' ਅੰਦਰ 1980 ਦੇ ਦਹਾਕੇ ਵਿਚ ਪੰਜਾਬ ਦੇ ਸਿੱਖਾਂ 'ਤੇ ਹੋਣ ਵਾਲੇ ਮੁਜ਼ਾਲਮ (ਜ਼ੁਲਮਾਂ) ਦੇ ਪਸ-ਮਨਜ਼ਰ ਉਹਨੇ ਹਿੰਦੂ, ਮੁਸਲਿਮ, ਸਿੱਖ ਵਿਚਕਾਰ ਨਫ਼ਰਤ ਫ਼ੈਲਾਉਣ ਵਾਲੇ ਅਸਲ ਦੁਸ਼ਮਣ ਨੂੰ ਪਛਾਨਣ ਦੀ ਗੱਲ ਕੀਤੀ ਏ ਤੇ ਅੰਤ 'ਤੇ ਸਿੱਟਾ ਇਹ ਕੱਢਿਆ ਏ ਕਿ ਆਪਸ ਦੀ ਮੁਹੱਬਤ ਤੇ ਸ਼ਾਂਤੀ ਹੀ ਸਾਨੂੰ ਮਜ਼ੀਦ (ਹੋਰ) ਲਹੂ ਦੀਆਂ ਨਦੀਆਂ ਵਹਾਉਣ ਤੋਂ ਬਾਜ਼ ਰੱਖ ਸਕਦੀ ਹੈ। ਉਹ ਲਿਖਦਾ ਹੈ:

*ਮਹਿਕ ਸੁਭਾਅ ਹੈ ਫੁੱਲ ਦਾ, ਅਸੀਂ ਹਰ ਥਾਂ ਖੇੜੇ ਪਾਲੀਏ*
*ਹਰ ਮਮਤਾ ਸੋਮਾਂ ਮੋਹ ਦਾ, ਹਰ ਮਾਂ 'ਚੋਂ ਮਾਂ ਨੂੰ ਪਾ ਲਈਏ*
*ਅੱਜ ਕੂਕੇ ਰੂਹ ਪੰਜਾਬ ਦੀ, ਅਸੀਂ ਮਾਂ ਆਪਣੀ ਅਪਨਾ ਲਈਏ* [13]

ਬਣਤਰ ਦੇ ਹਵਾਲੇ ਨਾਲ ਇਹ ਮਨਜ਼ੂਮ ਗੀਤ-ਨਾਟਕ ਏ, ਜਿਹਦੇ ਵਿਚ ਅੰਮ੍ਰਿਤਾ ਪ੍ਰੀਤਮ, ਐੱਸ. ਐੱਸ. ਮੀਸ਼ਾ ਤੇ ਅਲਾਮਾ ਇਕਬਾਲ ਦੇ ਗੀਤ ਤੇ ਗ਼ਜ਼ਲਾਂ ਵੀ ਸ਼ਾਮਲ ਕੀਤੀਆਂ ਗਈਆਂ ਨੇ। ਤਕਨੀਕੀ ਸਤਹ 'ਤੇ ਇਹਦੇ ਵਿਚ ਜਦੀਦ ਇਲੈਕਟਰੌਨਿਕ ਮੀਡੀਆ, ਵੀਡੀਓ ਤੇ ਆਡੀਓ ਆਵਾਜ਼ਾਂ ਤੇ ਤਸਵੀਰਾਂ ਨੂੰ ਵੀ ਨਾਟਕ ਦਾ ਹਿੱਸਾ ਬਣਾ ਕੇ ਪੁਰ-ਅਸਰ ਬਣਾਇਆ ਗਿਆ ਏ। ਏਸ ਨਾਟਕ ਵਿਚ ਮੌਜੂਦ ਤਾਰੀਖੀ ਹਵਾਲਿਆਂ ਤੋਂ ਪਤਾ ਲਗਦਾ ਏ ਕਿ ਉਹਦੀ ਤਾਰੀਖ ਨਾਲ ਵਾਕਫ਼ੀ ਵੀ ਵਧੇਰੀ ਏ। 'ਰੂਹ ਪੰਜਾਬ ਦੀ' ਬਾਰੇ ਉਹ ਆਪ ਲਿਖਦਾ ਏ:

*"ਰੂਹ ਪੰਜਾਬ ਦੀ" ਗੀਤ-ਨਾਟਕ ਲਿਖਣ ਸਮੇਂ ਇਕ ਪਾਸੇ ਮੇਰੇ ਸੌਂਹੇਂ ਜੇ ਮੇਰੀ ਅਤਿ ਪਿਆਰੀ ਮਾਤ-ਭੂਮੀ ਪੰਜਾਬ ਸੀ, ਤਾਂ ਦੂਜੇ ਪਾਸੇ ਸਮੁੱਚੇ ਸੰਸਾਰ ਵਿਚ ਫੈਲੀ ਅਸ਼ਾਂਤੀ। ਏਸ ਲਈ ਇਹ ਗੀਤ-ਨਾਟਕ ਪੰਜਾਬ ਬਾਰੇ ਹੁੰਦਾ ਹੋਇਆ ਵੀ ਆਪਣੇ ਤਾਣੇ ਪੇਟੇ ਵਿਚ ਗਲੋਬਲ, ਬ੍ਰਹਿਮੰਡਕ ਤੇ ਵਿਆਪਕ ਸੱਚ ਸਮਾਈ ਬੈਠਾ ਹੈ।"* [14]

ਇਕ ਵੱਡਾ ਲਿਖਾਰੀ ਹਮੇਸ਼ਾ ਆਪਣੀ ਹੱਡਬੀਤੀ ਨੂੰ ਜੱਗ ਬੀਤੀ ਦੇ ਧਾਗੇ ਨਾਲ ਵਟਾਵਾਂ ਦੇ ਕੇ ਨਵਾਂ ਸੂਤਰ ਬਣਾਉਂਦਾ ਏ। ਤੇ ਜੇ ਲੇਖਕ ਰਵੀ ਜਿਹਾ ਅਤਿ ਦਾ ਹੱਸਾਸ ਹੋਵੇ ਤਾਂ ਫੇਰ ਏਸ ਸੂਤਰ ਦੇ ਰੰਗ ਵੀ ਵੰਨੋ ਵੰਨ ਹੋਂਦੇ ਨੇ। ਰਵੀ ਨੇ ਤ੍ਰੈ ਵਾਰੀ ਹਿਜਰਤ ਦਾ ਜ਼ਹਿਰ ਪੀਤਾ ਏ। ਏਸੇ ਲਈ ਆਪਣੇ ਲਈ ਉਹ 'ਅਘਰਵਾਸੀ' ਦਾ ਲਫ਼ਜ਼ ਵਰਤਦਾ ਏ। ਉਸਨੇ ਮਸ਼ੀਨੀ ਦੌਰ ਦੀਆਂ ਆਸਾਨੀਆਂ ਦਾ ਸਵਾਦ ਵੀ ਚੱਖਿਆ ਏ, ਤੇ ਮਸ਼ੀਨਾਂ ਅੰਦਰ ਫਾਥੀ ਮਸ਼ੀਨ ਹੋਈ ਹਯਾਤੀ ਦਾ ਨਜ਼ਾਰਾ ਵੀ ਕੀਤਾ ਏ। ਉਹਨੇ ਹਲਾਕੂ ਖਾਨ ਦੇ ਕਹਿਰ ਤੋਂ ਲੈ ਕੇ ਸੁਭਾਸ਼ ਚੰਦਰ, ਲਾਲਾ ਲਾਜਪਤ ਰਾਏ, ਭਗਤ ਸਿੰਘ, ਨਿਕਸਨ, ਹੋ ਚੀ ਮਿੰਨ੍ਹ ਤੇ ਰੇਗਨ ਜਿਹੇ ਲੋਕਾਂ ਦੇ ਆਦਰਸ਼ ਤੇ ਅਮਲ ਵੀ ਵੇਖੇ ਸੁਣੇ ਨੇ। ਏਸ ਲਈ ਉਹਦੀ ਸ਼ਖਸੀਅਤ ਵਿਚ ਸਮੁੰਦਰ ਦਾ ਉਹ ਸਕੂਨ ਏ ਜਿਹਦੀ ਤਹਿ ਵਿਚ ਤਲਾਤਮ (ਟਕਰਾਅ) ਬਰਪਾ ਏ ਤੇ ਇਹ ਤਲਾਤਮ ਉਹਦੇ ਨਾਟਕਾਂ ਵਿਚ ਵੇਲੇ ਵੇਲੇ ਨਾਲ ਬਾਹਰ ਉਬਲਦਾ ਨਜ਼ਰ ਆਉਂਦਾ ਏ। ਏਸ ਦਾ ਇਕ ਅਕਸ ਉਹਦਾ 'ਚੌਕ ਨਾਟਕ' ਏ, ਜਿਹਦੇ ਵਿਚ ਆਦਮ ਤੇ ਹੱਵਾ ਤੋਂ ਲੈ ਕੇ ਹੁਣ ਤਕ ਦੇ ਸਾਰੇ ਤਾਰੀਖੀ ਤੇ ਦੁਨਿਆਵੀ ਪਾਤਰ ਆਮ ਤੇ ਖਾਸ ਆਪਣੀ ਆਪਣੀ ਵਾਰਤਾ ਹਯਾਤੀ-ਸਤਹ 'ਤੇ ਦੱਸਦੇ ਨਜ਼ਰ ਆਉਂਦੇ ਨੇ। ਮੁਖਤਲਿਫ਼ ਕਿਸਮਾਂ ਦੀਆਂ ਇਲੈਕਟਰੌਨਿਕ ਤਕਨੀਕਾਂ ਨੂੰ ਵਰਤਕੇ ਵੀ ਏਸ ਨਾਟਕ ਨੂੰ ਮੰਚ 'ਤੇ ਪੇਸ਼ ਕਰਨਾ ਔਖਾ ਕੰਮ ਏ ਕਿਉਂਕਿ ਇਹਦਾ ਸਾਰਾ ਅਕਸ ਚੌਕ ਵਿਚ ਜ਼ਿੰਦਗੀ ਦੇ ਗੁੱਥਮ ਗੁੱਥਾ ਹੋਣ ਦਾ ਹਯਾਤੀ ਤਸੱਵਰ ਏ ਜਿਹਨੂੰ ਮੀਡੀਆ ਦੀਆਂ ਤਕਨੀਕਾਂ ਤੇ ਕਿਰਦਾਰਾਂ ਰਾਹੀਂ ਫਿਜ਼ੀਕਲ ਬਣਾਇਆ ਗਿਆ ਏ। ਨਾਟਕ ਦੇ ਆਗ਼ਾਜ਼ ਵਿਚ ਈ "ਸ਼ਾਵਾ ਵਈ, ਹੁਣ ਜਾਗੋ ਆਈ



ਆ" 'ਜਾਗੋ' ਵਿਚ "Waiting for Godot" ਵਾਲਾ ਇੰਤਜ਼ਾਰ ਵੀ ਏ ਤੇ ਇਹ ਇਕ ਤਰ੍ਹਾਂ ਐਲੇਗਰੀ (Allegory) ਦੀ ਸ਼ਕਲ ਵੀ ਏ। ਏਥੇ ਈ ਕਿਰਦਾਰ ਮਾਈਮ ਦੀ ਤਕਨੀਕ ਵਰਤਦੇ ਵੀ ਨਜ਼ਰ ਆਉਂਦੇ ਨੇ, ਪਰ ਮੌਜ਼ੂਆਤੀ ਇਅਤਬਾਰ (ਵਿਸ਼ੇ ਪੱਖੋਂ) ਨਾਲ ਇਹਦਾ ਥੀਮ ਇਹ ਈ ਏ:

*ਪਹੁੰਚ ਕੇ ਏਥੇ, ਵਿਚ ਚੌਰਸਤੇ*
*ਗੁੰਮ ਹੋ ਜਾਵੇ, ਥੱਕੀ ਟੁੱਟੀ ਹਫ਼ੇ ਸਦੀ ਪਈ...*
*ਹੋਰ ਵੀ ਆਵਣਗੇ ਅਨੇਕ*
*ਇਕੋ ਇਕ ਹੈ, ਹਸ਼ਰ ਸਭਸ ਦਾ ਵੱਖਰੇ ਵੱਖਰੇ ਭਾਵੇਂ ਵੇਸ* [15]

ਏਸ ਨਾਟਕ ਵਿਚ ਉਸਨੇ ਚੌਕ ਨੂੰ ਦੁਨੀਆਂ ਤੇ ਇਨਸਾਨੀ ਨੱਸ-ਭੱਜ ਦਾ ਇਸਤਿਆਰਾ ਬਣਾ ਕੇ ਪੇਸ਼ ਕੀਤਾ ਏ। ਚੌਕ ਵਿਚ ਹਰ ਪਾਸਿਓਂ ਆਉਣ ਵਾਲੇ ਇਨਸਾਨ ਆਪਣੀ ਵਾਕਿਆਤੀ (ਘਟਨਾਵੀ) ਤੇ ਹਯਾਤੀ ਸੂਰਤ-ਏ-ਹਾਲ (ਜੀਵਨ ਸਥਿਤੀ) ਨਾਲ, ਇਕ ਦੂਸਰੇ ਨਾਲ ਉਲਝੇ ਵੀ ਨੇ ਤੇ ਇਕ ਦੂਸਰੇ ਨੂੰ ਇਲਜ਼ਾਮ ਵੀ ਦੇ ਰਹੇ ਨੇ। ਏਸ ਗੁੰਝਲਕ ਚੌਕ ਵਿਚ ਮੌਤ ਵੀ ਏ ਤੇ ਜ਼ਿੰਦਗੀ ਵੀ, ਨਫ਼ਰਤ ਵੀ ਏ ਤੇ ਮੁਹੱਬਤ ਵੀ। ਹਾਸਾ ਵੀ ਏ ਤੇ ਰੋਣਾ ਵੀ, ਆਜ਼ਾਦੀ ਵੀ ਏ ਤੇ ਕੈਦ ਵੀ। ਏਸੇ ਚੌਕ ਵਿਚ ਆਪਣਾ ਆਪਣਾ ਵਿਛੋੜਾ ਏ ਤੇ ਆਪਣਾ ਆਪਣਾ ਮੇਲ ਵੀ। ਏਥੇ ਆਪਣਾ ਆਪਣਾ ਚਾਨਣ ਏ ਤੇ ਆਪਣਾ ਆਪਣਾ ਹਨੇਰਾ ਵੀ। ਆਦਮ ਤੇ ਹੱਵਾ ਵੀ ਏਥੇ ਈ ਨੇ ਤੇ ਵੱਡੇ ਵੱਡੇ ਲੀਡਰ ਵੀ। ਪਾਗਲ ਵੀ ਤੇ ਮੁਜਰਮ ਵੀ। ਗੁੰਗੇ, ਅੰਨ੍ਹੇ, ਬੋਲੇ, ਵਾਰਿਸ, ਮਲੰਗ ਤੇ ਕਵੀ- ਇਹਨਾਂ ਸਭ ਨੂੰ ਲਿਖਾਰੀ ਨੇ ਆਪਣੇ ਆਪਣੇ ਗਰੋਹਾਂ ਦੇ ਨੁਮਾਇੰਦਾ ਕਿਰਦਾਰ ਬਣ ਕੇ ਅਲਾਮਤੀ (ਸੰਕੇਤਕ) ਅੰਦਾਜ਼ ਵਿਚ ਪੇਸ਼ ਕੀਤਾ ਏ। ਸਭ ਆਪਣੀ ਆਪਣੀ ਗੱਲ ਕਰਦੇ ਨੇ। ਏਸ ਲਈ ਕਿਸੇ ਦੀ ਸਮਝ ਵਿਚ ਕੋਈ ਗੱਲ ਨਹੀਂ ਆਉਂਦੀ। ਸਭ ਆਪਣਾ ਆਪਣਾ ਸਫ਼ਰ ਕਰਦੇ ਨੇ, ਪਰ ਫੇਰ ਵੀ ਰਸਤਾ ਨਹੀਂ ਕਟਦਾ ਪਿਆ। ਸਭ ਚੌਕ ਵਿਚ ਈ ਨੇ। ਸਭ ਹਕੀਕਤ ਚੌਰਸਤਾ ਈ ਏ। ਉਹਨਾਂ ਦੀਆਂ ਸਾਰੀਆਂ ਕੋਸ਼ਿਸ਼ਾਂ ਵੀ ਚੌਰਸਤਾ ਈ ਨੇ:

*ਧਰਮ, ਨੀਤੀਆਂ, ਜਬਰ, ਜ਼ੁਲਮ ਸਭ*
*ਚੌਰਾਹਾ ਹੈ, ਚੌਰਾਹਾ* [16]

ਨਾਟਕ ਵਿਚ ਲਿਖਾਰੀ ਨੇ ਸਾਰੀ ਇਨਸਾਨੀਅਤ ਨੂੰ ਇਕ ਪੱਲੜੇ ਵਿਚ ਪਾ ਕੇ ਇਜਤਮਾਈਅਤ (ਸਮੂਹਕਤਾ) ਦੀ ਇੱਛਾ ਕੀਤੀ ਏ। ਜਦੋਂ ਜਾਣਾ ਹੀ ਸੱਚ ਹੈ, ਸਭ ਦੀ ਮੰਜ਼ਲ ਵੀ ਇਕ ਹੈ:

*ਏਸ ਸੰਸਾਰ ਵਿਚ ਜਾਣਾ ਹੀ ਸੱਚ ਹੈ*
*ਆਉਣਾ ਤਾਂ ਐਵੇਂ ਇਕ ਭਰਮ ਹੈ*
*ਅਸੀਂ ਸਭ ਜਿਊਣ ਦਾ ਭਰਮ ਭੋਗ ਰਹੇ ਹਾਂ* [17]

ਤੇ ਫਿਰ ਸਭ ਦਾ ਇਕੋ ਜਿਹਾ ਚਾਨਣ ਤੇ ਸਭ ਲਈ ਇਕੋ ਜਿਹਾ ਹਨੇਰਾ ਕਿਉਂ ਨਹੀਂ? ਰਵਿੰਦਰ ਰਵੀ ਨੂੰ ਭਾਰਤ ਦੇ ਮਜ਼ਹਬੀ ਗੋਰਖਧੰਦਿਆਂ ਤੋਂ ਦੂਰ ਰਹਿ ਕੇ, ਦੂਸਰੇ ਮਜ਼ਹਬਾਂ ਦੇ ਨੇੜੇ ਹੋ ਕੇ ਰਹਿਣ ਦੇ ਮੌਕੇ ਮਿਲੇ। ਏਸ ਸਾਰੇ ਪਸ-ਏ-ਮਨਜ਼ਰ (ਪਿਛੋਕੜ) ਨੇ ਉਹਦੀ ਸੋਚ ਤੇ ਸ਼ਖਸੀਅਤ ਨੂੰ ਵੱਡਾ ਖਿਲਾਰ ਦਿੱਤਾ ਏ। ਉਹ ਕਿਧਰੇ ਵੀ ਕਿਸੇ ਮਜ਼ਹਬ ਦਾ ਪਰਚਾਰਕ ਨਜ਼ਰ ਨਹੀਂ ਆਉਂਦਾ ਸਗੋਂ ਉਹਦੀ ਸੋਚ ਇਜਤਮਾਈਅਤ ਦੀ ਤੇ ਇਨਸਾਨੀਅਤ ਦੀ ਸੋਚ ਏ, ਜਿਹੜੀ 'ਚੌਕ ਨਾਟਕ' ਵਿਚ ਐਬਸਰਡ ਤੇ ਅਲਾਮਤੀ ਅੰਦਾਜ਼ ਨਾਲ ਪੇਸ਼ ਕੀਤੀ ਗਈ ਏ ਤੇ ਕਿਤੇ ਕਿਤੇ ਫਲਸਫਿਆਨਾ ਸਤਹ ਤਕ ਪਹੁੰਚ ਜਾਂਦੀ ਏ:

*ਹਾਂ ਕੀ ਬਿੰਦੂ, ਕੀ ਦਾਇਰੇ*
*ਕੀ ਬਾਪ, ਪੁੱਤਰ, ਧੀ, ਪਤਨੀ*
*ਇਕ ਇਕ ਹਸਤੀ, ਟੱਬਰ ਬਣ ਕੇ*
*ਇਕ ਦੂਜੇ ਤੋਂ ਟੁੱਟ ਗਈ ਏ*

0000

*ਮੁਜਰਮ 2:* *ਪੱਤ ਹੈ ਹੀ ਨਹੀਂ*
*ਤਾਂ ਲੁੱਟ ਕੀ ਹੋਣਾ ਸੀ*
*ਮੁਜਰਮ 1:* *ਜੋ ਜ਼ਿੰਦਗੀ ਮਰਨ ਲਈ ਬਣੀ ਹੈ*
*ਉਸ ਦਾ ਕਤਲ ਕੀ ਹੋਣਾ ਸੀ?* [18]

ਡਾਕਟਰ ਸੁਰਜੀਤ ਸਿੰਘ ਸੇਠੀ 'ਚੌਕ ਨਾਟਕ' ਬਾਰੇ ਲਿਖਦੇ ਨੇ:

*"ਚੌਕ ਨਾਟਕ" ਦੀ ਸਭ ਤੋਂ ਵੱਡੀ ਖ਼ੂਬੀ ਇਹ ਹੈ ਕਿ ਆਧੁਨਿਕਤਾ ਦੇ ਬਾਵਜੂਦ ਇਸ ਵਿਚੋਂ ਪੰਜਾਬੀ ਸਭਿਆਚਾਰ ਤੇ ਪਰੰਪਰਾ ਦੀ ਝਲਕ ਦਿਖਾਈ ਦੇਂਦੀ ਹੈ।"* [19]

ਕਰਤਾਰ ਸਿੰਘ ਦੁੱਗਲ 'ਚੌਕ ਨਾਟਕ' ਵਿਚ ਰਵੀ ਦੇ ਸਟਾਈਲ ਬਾਰੇ ਲਿਖਦੇ ਨੇ:

*"The dramatic time in his plays is not distinguishable from real time. There is no stage as such. The entire action takes place on crossroads. There is no logic of cause and effect in the behaviour and actions of characters."* [20]

ਰਵੀ ਦੇ ਡਰਾਮੇ ਵੀ ਮਰਵਜਾ (ਪ੍ਰਚਲਤ) ਰਵਾਇਤ ਤੋਂ ਹਟਕੇ ਨੇ ਜਿਹਦੇ ਵਿਚ ਬਾਕਾਇਦਾ ਇਕ ਪਲਾਟ, ਕਹਾਣੀ, ਕਿਰਦਾਰ, ਕਸ਼ਮਕਸ਼, ਅਰੂਜ਼ (ਸਿਖਰ) ਤੇ ਅੰਤ ਪੇਸ਼ ਕੀਤਾ ਜਾਂਦਾ ਸੀ। ਉਸ ਦੇ ਨਾਟਕ ਆਇਨੈਸਕੋ ਤੇ ਬਰੈਖਤ ਦੇ ਐਬਸਰਡ ਨਾਟਕ ਤੋਂ ਵੀ ਜ਼ਰਾ ਹਟ ਕੇ ਨੇ। ਇਕ ਤੇ ਇਹ ਸਾਰੇ ਮਨਜ਼ੂਮ ਨੇ ਤੇ ਦੂਜੇ ਪਲਾਟ ਦੀ ਮਰਵਜਾ ਸ਼ਕਲ ਵੀ ਨਜ਼ਰ ਨਹੀਂ ਆਉਂਦੀ। ਕਹਾਣੀ ਤੇ ਹੈ ਪਰ ਉਹਦਾ ਲਿਖਤ-ਅੰਦਾਜ਼ ਮੁੰਤਸ਼ਿਰ (ਖਿੰਡਿਆ ਪੁੰਡਿਆ) ਏ ਜਿਹਨੂੰ ਆਖਿਰ ਤਕ ਉਹ ਇਕ ਅੰਤ ਦੇਣ ਵਿਚ ਕਾਮਯਾਬ ਹੋ ਜਾਂਦਾ ਏ। ਇਹਦੀ ਵਜ੍ਹਾ ਇਹ ਵੀ ਏ ਕਿ ਅੱਜ ਦੇ ਲਿਖਾਰੀ ਨੂੰ ਜ਼ਿੰਦਗੀ ਵਿਚ ਉਹ ਸੁਹੱਪਣ ਸੁਹਜ ਨਜ਼ਰ ਨਹੀਂ ਆਉਂਦਾ ਜੋ ਸੌ ਡੇਢ ਸੌ ਸਾਲ ਪਹਿਲੋਂ ਨਜ਼ਰ ਆਉਂਦਾ ਸੀ। ਜਿਹਨੂੰ ਵੇਖ ਕੇ ਉਹ ਇਬਸਨ (Ibsen) ਵਾਂਗੂੰ ਹਕੀਕੀ ਨਾਟਕ (Realistic Play) ਲਿਖਣ ਵੱਲ ਮਾਇਲ ਹੋਂਦਾ ਸੀ। ਅੱਜ ਉਹਦੇ ਸਾਹਮਣੇ ਜ਼ਿੰਦਗੀ ਨਾ ਸਿਰਫ ਹਯਾਤੀ ਪੱਖੋਂ ਮੁੰਤਸ਼ਿਰ ਏ ਬਲਕਿ ਫ਼ਿਜ਼ੀਕਲੀ (Physically) ਵੀ ਉਹ ਇੰਤਸ਼ਾਰ ਦਾ ਸ਼ਿਕਾਰ ਏ ਤੇ ਬਰੇ-ਸਗੀਰ (ਮਹਾਂਦੀਪ) ਤੋਂ ਹਟ ਕੇ ਮਗ਼ਰਬੀ ਦੁਨੀਆਂ ਵਿਚ ਇਹ ਇੰਤਸ਼ਾਰ ਹੋਰ ਵੀ ਵਧੇਰਾ ਏ। ਇੰਤਸ਼ਾਰ ਦੀ ਏਸੇ ਸੂਰਤ ਵਿਚੋਂ ਅਵਾਂਗਾਰਡ, ਦਾਦਾਇਜ਼ਮ ਤੇ ਐਬਸਰਡ ਦੀਆਂ ਤਹਿਰੀਕਾਂ ਉਭਰੀਆਂ ਸਨ, ਜਿਹਨਾਂ ਨੇ ਬਾਅਦ ਦੇ ਲਿਖਾਰੀਆਂ ਦੀਆਂ ਤਹਿਰੀਰਾਂ ਉੱਤੇ ਅਸਰ ਪਾਇਆ। ਬਰੈਖਤ, ਆਇਨੈਸਕੋ ਤੋਂ ਬਾਅਦ ਹਾਇਨਰ ਮੁਲਰ (Heiner Muller) ਆਈਰੀਨ ਫਰੋਨਜ਼ (Irene Frones ਤੇ ਮੈਨਫਰੈਡ ਕਾਰਗੇ (Manfred Karge) ਜਿਹੇ ਲਿਖਾਰੀਆਂ ਵੀ ਇਹਨਾਂ ਤਹਿਰੀਕਾਂ ਦੇ ਅਸਰਾਤ ਨੂੰ ਵਰਤ ਕੇ ਆਪਣੇ ਆਪਣੇ ਅੰਦਾਜ਼ ਵਿਚ ਅਜਿਹਾ ਲਿਖਿਆ ਜੇ ਹਰ ਇਕ ਕੋਲ ਸਾਨੂੰ ਨਾਟਕੀ ਬੁਣਤਰ ਤੇ ਸੋਚ ਦਾ ਨਵਾਂ ਢੰਗ ਨਜ਼ਰ ਆਉਂਦਾ ਏ। ਵਾਹਦਤ ਜ਼ਮਾਨ ਓ ਮਕਾਨ (ਸਮੇਂ ਸਥਾਨ ਦੀ ਏਕਤਾ) ਤੋਂ ਇਲਾਵਾ ਐਕਸ਼ਨ ਨੂੰ ਵੀ ਹਰ ਇਕ ਨੇ ਆਪਣੇ ਆਪਣੇ ਅੰਦਾਜ਼ ਨਾਲ ਵਰਤਿਆ ਏ। ਇਹਦੇ ਨਾਲ ਈ ਪਾਤਰਾਂ ਦੀ ਤਾਦਾਦ ਕਿਧਰੇ ਤੇ ਵਧੇਰੀ ਨਜ਼ਰ ਆਉਂਦੀ ਏ ਤੇ ਕਿਧਰੇ ਇਕ ਪਾਤਰ ਨਾਲ ਈ ਸਾਰੀ ਕਹਾਣੀ ਦੱਸ ਦਿੱਤੀ ਗਈ ਏ। ਕਾਗਰੇ ਦੇ Man to Man ਵਿਚ ਔਰਤ ਦਾ ਪਾਤਰ ਏ ਜਿਹੜੀ ਆਪਣੇ ਖਾਵੰਦ ਦੀ ਮੌਤ ਤੋਂ ਬਾਅਦ ਉਹਦੀ ਨੌਕਰੀ ਹਾਸਲ ਕਰਨ ਲਈ ਮਰਦ ਕਿਰਦਾਰ ਅਦਾ ਕਰਦੀ ਏ। ਏਸ ਤਰ੍ਹਾਂ ਦਾ ਨਾਟਕ ਵੇਦ ਰਾਹੀ ਦਾ 'ਐਲੇ' (Aley) ਏ, ਜਿਸ ਨੂੰ ਰੰਗ ਯੁਫ (ਕਸ਼ਮੀਰ ਦੇ RANGYUF) ਗਰੁੱਪ ਨੇ 2005 ਵਿਚ ਲਾਹੌਰ ਵਿਚ ਹੋਣ ਵਾਲੇ ਪੰਜ ਪਾਣੀ ਡਰਾਮਾ ਫੈਸਟੀਵਲ ਵਿਚ ਪੇਸ਼ ਕੀਤਾ, ਜਿਹਦਾ ਪਾਤਰ ਇਕ ਬੁੱਢੜੀ ਔਰਤ ਸੀ, ਜਿਹੜੀ ਬਾਰਡਰ ਉੱਤੇ ਹਕੂਮਤ ਵੱਲੋਂ ਖਾਲੀ ਕਰਵਾਏ ਗਏ ਪਿੰਡ ਵਿਚ



ਕੱਲੀ ਰਹਿ ਗਈ ਤੇ ਹੁਣ ਉਹ ਸਭ ਘਰਾਂ ਦੇ ਬੂਹੇ ਖੜਕਾਉਂਦੀ, ਸਭ ਨੂੰ ਖੋਜਦੀ ਪਈ ਏ ਕਿਉਂ ਜੇ ਉਹ ਆਪਣੇ ਪਿੰਡ ਤੇ ਘਰਾਂ ਨਾਲ ਆਪਣੀ ਜੁੜਤ ਤੋੜ ਨਹੀਂ ਸਕਦੀ।

ਇਹਨਾਂ ਸਾਰੀਆਂ ਤਹਿਰੀਕਾਂ ਦੇ ਅਸਰਾਤ ਤੇ ਏਸ ਮੁੰਤਸ਼ਿਰ ਜ਼ਿੰਦਗੀ ਦੀ ਸੂਰਤ-ਏ-ਹਾਲ, ਇਹਨਾਂ ਸਿਆਸੀ ਹੱਥਕੰਡਿਆਂ ਦੇ ਜਾਲ, ਇਨਸਾਨ ਦੀ ਇਨਫਰਾਦੀ (ਨਿੱਜੀ) ਤੇ ਇਜਤਮਾਈ (ਸਮੂਹਕ) ਸਤਹ 'ਤੇ ਮਾਰਾ ਮਾਰੀ ਨੂੰ ਨਾਲ ਲੈ ਕੇ ਰਵੀ ਨੇ ਜਿਹੜਾ ਨਾਟਕ ਲਿਖਿਆ, ਉਹਦੇ ਵਿਚ ਉਹਦਾ ਇਕ ਆਪਣਾ ਸਟਾਈਲ ਨਜ਼ਰ ਆਉਂਦਾ ਏ। ਉਹਦੇ ਪਿੱਛੇ ਨਾ ਸਿਰਫ਼ ਉਹਦੇ ਹਯਾਤੀ ਦੇ ਤਜਰਬੇ ਸਗੋਂ ਆਲਮੀ ਅਦਬ ਤੇ ਉਹਦੀ ਨਜ਼ਰ ਵੁਸਅਤ ਵੀ ਵੇਖੀ ਜਾ ਸਕਦੀ ਏ। ਉਹਨੇ ਆਪਣੇ ਨਾਟਕਾਂ ਵਿਚ ਇਹ ਮੁਸ਼ਾਹਦੇ ਤੇ ਤਜਰਬੇ ਕੱਠੇ ਕਰ ਕੇ ਪੱਛਮੀ ਪੂਰਬੀ ਤੇ ਪੰਜਾਬੀ ਨਾਟਕ ਵਿਚ ਇਕ ਤੁਅੱਲਕ ਤੇ ਸਾਂਝ ਪੈਦਾ ਕਰ ਦਿੱਤੀ ਏ।

ਰਵੀ ਦੇ ਨਾਟਕ 'ਰੁਕੇ ਹੋਏ ਯਥਾਰਥ' ਵਿਚ ਸਿਰਫ਼ ਦੋ ਕਿਰਦਾਰ 'ਰੌਸ਼ਨੀ' ਤੇ 'ਦੀਪਕ' ਆਪਣੀ ਹੀ ਖੋਜ ਕਰਦੇ ਨਜ਼ਰ ਆਉਂਦੇ ਨੇ। ਚਾਨਣ ਹੀ ਚਾਨਣ ਦੀ ਤਲਾਸ਼ ਕਰਦਾ ਏ। ਹਯਾਤੀ ਦੀ ਏਸ ਤੋਂ ਵੱਡੀ ਹੋਰ ਕੀ ਬੇਬਸੀ ਹੋ ਸਕਦੀ ਏ? ਪ੍ਰੋ: ਬ੍ਰਹਮਜਗਦੀਸ਼ ਲਿਖਦੇ ਨੇ:

*"ਰੁਕੇ ਹੋਏ ਯਥਾਰਥ' ਵਿਚ ਰਵੀ ਦੀ ਚੇਤਨਾ ਦਾ ਸਰੂਪ ਗਲੋਬਲ ਹੈ। ਇਸ ਨਾਟਕ ਵਿਚ ਸਤੱਹੀ ਯਥਾਰਥ ਦੇ ਸ਼ੋਰ ਤੋਂ ਘਬਰਾ ਕੇ ਉਸ ਦੇ ਮੁੱਖ ਪਾਤਰ ਗਹਿਨ ਯਥਾਰਥ ਦੀ ਖ਼ਾਮੋਸ਼ੀ ਵਿਚ ਡੂੰਘਾ ਉਤਰ ਜਾਣ ਲਈ ਆਤੁਰ ਵਿਖਾਈ ਦੇਂਦੇ ਹਨ। ਰਵੀ ਦਾ ਇਹ ਨਾਟਕ ਪੂੰਜੀਵਾਦੀ ਨਿਜ਼ਾਮ ਦੀ ਦੁਖਦੀ ਰਗ 'ਤੇ ਬੇਝਿਜਕ ਹੋ ਕੇ ਉਂਗਲੀ ਚੁੱਕਦਾ ਏ।"* [21]

ਰਵੀ ਦੇ ਸਾਰੇ ਨਾਟਕਾਂ ਵਿਚ ਈ ਇਕ ਖੋਜ ਤੇ ਤਲਾਸ਼ ਦਾ ਸਫ਼ਰ ਜਾਰੀ ਏ। ਪਰ ਇਹ ਤਲਾਸ਼ ਹਾਲੇ ਤਾਈਂ ਰੂਹਾਨੀਅਤ ਤੇ ਮਾਅਰਫ਼ਤ ਦੀ ਆਲ੍ਹਾ ਸਤਹ ਤਾਈਂ ਸਿਖਰ ਨਹੀਂ, ਬਲਕਿ ਸਿਆਸੀ ਤੇ ਸਮਾਜੀ ਪੱਖੋਂ ਜ਼ਿੰਦਗੀ ਦੇ ਨਫਸਿਆਤੀ ਤੇ ਹਯਾਤੀ ਪਹਿਲੂਆਂ ਨੂੰ ਖੋਜਦੀ ਨਜ਼ਰ ਆਉਂਦੀ ਏ।

'ਸਿਫ਼ਰ ਨਾਟਕ' ਵਿਚ ਇਨਸਾਨ ਦੇ ਇਨਸਾਨ ਤਕ ਸਫ਼ਰ, ਪਰ ਫੇਰ ਵੀ ਉਹਦੇ ਅੰਦਰ ਦੀ ਤਨਹਾਈ, ਆਪਣੇ ਅੰਦਰ ਤੇ ਨਫਸ ਦੀ ਤਲਾਸ਼, ਉਹਦੇ ਦਾਇਰੇ ਅੰਦਰ ਬੇਮਾਇਨੀ (ਬੇਅਰਥ) ਸਫ਼ਰ, ਜ਼ਿੰਦਗੀ ਦੀ ਮਾਇਨਵੀਅਤ (ਅਰਥ) ਦੀ ਖੋਜ ਨੂੰ ਮੌਜ਼ੂ ਬਣਾਇਆ ਗਿਆ ਏ। ਇਹ ਮਨਜ਼ੂਮ ਐਬਸਰਡ ਨਾਟਕ ਏ ਜਿਹੜਾ ਜ਼ਿੰਦਗੀ ਦੀ ਯਕੀਨੀ ਤੇ ਬੇਯਕੀਨੀ ਦੀ ਕੈਫੀਅਤ, ਰੰਗਾ ਰੰਗੀ ਤੇ ਬੇਰੰਗੀ ਨੂੰ ਮੁੰਤਸ਼ਿਰ ਅੰਦਾਜ਼ ਨਾਲ ਪੇਸ਼ ਕਰਦਾ ਏ:

*ਇਕਲਾਪੇ 'ਚੋਂ ਸੰਗਤ ਲੱਭੀਏ, ਖ਼ੁਦ 'ਚੋਂ ਖ਼ੁਦ ਦਾ ਸਗਲ ਪਾਸਾਰਾ*
*ਹੜ੍ਹ ਵੀ ਆਪ, ਹੜੀਏ ਵੀ ਆਪੇ, ਨਦੀ ਦੇ ਨਾਲ ਕਿਨਾਰਾ* [22]

0000

*'ਉਹ' (ਇਕ ਪਾਤਰ)* : *ਕੰਕਰੀਟ ਦੀ ਵਲਗਣ ਵਿਚ*
*ਇਹ ਮਨੁੱਖਤਾ ਦਾ ਜੰਗਲ ਹੈ*
*ਵੇਖ ਕਿਵੇਂ ਕੋਲ ਕੋਲ ਬੈਠੇ ਹਨ*
*'ਨੌਜਵਾਨ ਕੁੜੀ'* : *ਫੇਰ ਵੀ ਦੂਰ ਦੂਰ ਹਨ?*
*'ਉਹ'* : *ਇਹ ਹਾਜ਼ਰ ਹਨ*
*'ਨੌਜਵਾਨ ਕੁੜੀ'* : *ਫੇਰ ਵਿ ਕਿੰਨੇ ਗ਼ੈਰ-ਹਾਜ਼ਰ ਹਨ* [23]

ਅਲਾਮਤੀ ਅੰਦਾਜ਼ ਦੇ ਏਸ ਨਾਟਕ ਨੂੰ ਪੜ੍ਹਨ ਵਾਲਾ ਪਾਠਕ ਇਹਦੇ ਸ਼ਬਦਾਂ ਵਿਚੋਂ ਆਪਣੀ ਸੋਚ, ਸੂਰਤ-ਏ-ਹਾਲ, ਆਪਣੀ ਜ਼ਿੰਦਗੀ ਤੇ ਆਪਣੇ ਤਜਰਬਿਆਂ ਮੁਤਾਬਕ ਅਰਥ ਕੱਢੇਗਾ।

ਰਵੀ ਦੇ ਨਾਟਕ ਪੰਜਾਬੀ ਦੇ ਸੰਜੀਦਾ ਮਨਜ਼ੂਮ ਨਾਟਕ ਦੀ ਰਵਾਇਤ ਨੂੰ ਅੱਗੇ ਤੋਰਦੇ ਨੇ।

ਨਿਵੇਕਲੀ ਗੱਲ ਇਹ ਏ ਕਿ ਇਹਨਾਂ ਦਾ ਮੌਜ਼ੂ ਆਮ ਨਾਟਕਾਂ ਦੀ ਤਰ੍ਹਾਂ ਮੁਹੱਬਤ, ਗੁਮਾਨ ਤੇ ਘਰੇਲੂ ਮਸਾਇਲ ਨਹੀਂ ਬਲਕਿ ਸਮਾਜੀ, ਸਿਆਸੀ ਤੇ ਆਲਮੀ ਏ, ਜਿਹਦੇ ਵਿਚ ਮਜਮੂਈ (ਸਮੁੱਚੀ) ਇਨਸਾਨੀਅਤ ਦੀ ਬਕਾਅ (ਭਵਿੱਖ) ਦਾ ਮਸਲਾ ਏ। ਭਾਵੇਂ ਉਹ ਇਨਸਾਨ ਹਿੰਦ, ਪਾਕਿਸਤਾਨ ਦਾ ਏ ਜਾਂ ਕਿ ਮਗ਼ਰਬੀ ਮੁਲਕ ਦਾ, ਭਾਵੇਂ ਉਹ ਔਰਤ ਏ ਜਾਂ ਮਰਦ-ਜੀਵਣ ਦਾ ਹੱਕ ਤੇ ਇੱਜ਼ਤ ਨਾਲ ਜੀਵਣ ਦਾ ਹੱਕ ਸਭ ਨੂੰ ਬਰਾਬਰ ਏ ਤੇ ਇਹ ਹੱਕ ਦੁਨੀਆਂ ਦੇ ਵੱਡੇ ਵੱਡੇ ਮਗਰਮੱਛਾਂ ਤੇ ਵੱਡਿਆਂ ਚੌਧਰੀਆਂ ਤੋਂ ਲੈ ਕੇ ਘਰਾਂ ਤੇ ਸਮਾਜ ਦੇ ਸਰਬਰਾਹਾਂ ਤਕ ਵੀ ਆਪਣੇ ਤੋਂ ਨਿੱਕੇ ਤੇ ਹੀਣੇ ਬੰਦੇ ਨੂੰ ਦੇਣ 'ਤੇ ਰਾਜ਼ੀ ਨਹੀਂ। ਇੰਝ ਰਵੀ ਦੇ ਨਾਟਕਾਂ ਦਾ ਖਿਲਾਰ, ਸਮਾਜ ਵਿਚ ਏਕਤਾ ਲਿਆਉਣ ਵਾਲੀ ਔਰਤ ਤੇ ਉਹਦੀ ਸ਼ਨਾਖਤ ਤੋਂ ਲੈ ਕੇ ਆਲਮੀ ਸਤਹ ਉੱਤੇ ਇਸਤਹਿਸਾਲੀ ਕੁੱਵਤਾਂ (ਲੋਟੂ ਤਾਕਤਾਂ) ਦੀ ਪਛਾਣ ਤਕ ਏ। ਉਸ ਦੇ ਨਾਟਕ ਤੀਸਰੀ ਦੁਨੀਆਂ ਦੇ ਲੋਕਾਂ ਲਈ ਵੀ ਇਕ ਸੂਚਨਾ ਨੇ ਤਾਂ ਜੇ ਉਹ ਨਾ ਸਿਰਫ਼ ਇਹਨਾਂ ਮਗਰਮੱਛਾਂ ਨੂੰ ਪਛਾਣ ਸਕਣ ਬਲਕਿ ਇਹਨਾਂ ਤੋਂ ਬਚਣ ਦੀ ਸੂਰਤ ਵੀ ਕਰਨ। 'ਮੱਕੜੀ ਨਾਟਕ' ਵਿਚ ਏਹੋ ਮਜ਼ਮੂਨ ਪੇਸ਼ ਕੀਤਾ ਗਿਆ ਏ, ਜਿੱਥੇ ਵੱਡੀਆਂ ਤਾਕਤਾਂ ਨੂੰ 'ਸੁਨਹਿਰੀ ਮੱਕੜੀ' ਦੇ ਰੂਪ ਵਿਚ ਜ਼ਾਹਰ ਕੀਤਾ ਗਿਆ ਏ। ਜਿਹੜੀ ਛੋਟੇ ਤੇ ਤੀਸਰੀ ਦੁਨੀਆਂ ਦੇ ਮੁਲਕਾਂ ਵਿਚ 'ਚਿੱਟੇ' ਤੇ 'ਕਾਲੇ' ਜਿਹੇ ਕਿਰਦਾਰ ਲੱਭਦੀ ਏ, ਜਿਹੜੇ 'ਸੁਨਹਿਰੀ' ਮੱਕੜੀ ਦੇ ਹਵਾਰੀ ਬਣ ਕੇ ਲੋਕਾਂ ਵਿਚ ਨਫ਼ਰਤ ਪੈਦਾ ਕਰਦੇ ਨੇ ਤੇ ਮਾਰਾ ਮਾਰੀ ਕਰਵਾਉਂਦੇ ਨੇ। ਜਿਵੇਂ 'ਕਾਲਾ' ਤੇ 'ਚਿੱਟਾ' ਆਖਦੇ ਨੇ:

*ਆਪਣੇ ਅੰਦਰ ਪਾਟੇ ਕਿਵੇਂ...*
*ਤੈਨੂੰ ਕਦੇ ਪਹਿਚਾਣ ਨਾ ਸਕਣ*
*ਤੇਰੇ ਪਿੱਛੇ ਪਿੱਛੇ ਤੁਰਦੇ*
*ਤੈਨੂੰ ਕਦੇ ਵੀ ਜਾਣ ਨਾ ਸਕਣ* [24]

ਪਰ ਜੇ ਕਰ ਅਵਾਮ ਕੋਸ਼ਿਸ਼ ਕਰਨ ਤਾਂ ਉਹ 'ਸੁਨਹਿਰੀ ਮੱਕੜੀ' ਤੇ ਕਾਲੇ ਤੇ ਚਿੱਟੇ ਬਾਣੇ ਪਾਏ ਹੋਏ ਲੋਕਾਂ ਨੂੰ ਪਛਾਣ ਸਕਦੇ ਨੇ। ਉਹਦਾ ਰਾਹ ਤਾਲੀਮ, ਆਪਣੇ ਲੋਕਾਂ ਤੇ ਆਪਣੀ ਧਰਤੀ ਨਾਲ ਮੋਹ ਏ। ਏਸ ਨਾਟਕ ਵਿਚ 'ਕੁੜੀ', 'ਮੁੰਡੇ', 'ਕਾਮਰੇਡ' ਤੇ 'ਫਲਸਫੀ' ਦੇ ਕਿਰਦਾਰ 'ਸੁਨਹਿਰੀ ਮੱਕੜੀ' ਦੇ ਏਸ ਜਾਲ ਵਿਚੋਂ ਨਿਕਲਣ ਦੀ ਜੱਦੋ ਜਹਿਦ ਦਾ ਸੰਦੇਸ਼ਾ ਦੇਂਦੇ ਨੇ। ਪਰ ਇਹਦੇ ਲਈ ਮੱਕੜੀ ਦੇ ਸੁਨਹਿਰੀ ਜਾਲ ਨੂੰ ਸਮਝਣਾ ਜ਼ਰੂਰੀ ਏ:

*ਸਾਡੇ ਅੰਦਰ ਵੜ ਕੇ ਮੱਕੜੀ, ਚਿੱਟੇ ਕਾਲੇ ਜਾਲ ਵਿਛਾਏ*
*ਸੋਨੇ ਰੰਗੀਆਂ ਸੋਟਾਂ ਕਰ ਕੇ, ਸੋਨੇ ਰੰਗੇ ਸੁਪਨ ਵਿਖਾਏ* [25]

ਇਹ ਜਾਲ ਪਾਕ, ਹਿੰਦ ਤੋਂ ਲੈ ਕੇ ਕੁਵੈਤ, ਇਰਾਕ, ਪੋਲੈਂਡ, ਅਫ਼ਗਾਨਿਸਤਾਨ, ਵੀਅਤਨਾਮ, ਅਫ਼ਰੀਕਾ ਤੇ ਤੀਸਰੀ ਦੁਨੀਆਂ ਦੇ ਸਾਰੇ ਈ ਮੁਲਕਾਂ ਵਿਚ ਨਜ਼ਰ ਆਉਂਦਾ ਏ। ਪਰ ਰਵੀ ਅੰਤ 'ਤੇ ਮਾਯੂਸ ਨਹੀਂ ਹੁੰਦਾ। ਉਹ ਆਖਦਾ ਏ:

*ਉਲਝ ਗਏ ਸਾਂ, ਸੁਲਝ ਰਹੇ ਹਾਂ*
*ਆਪਣੇ ਅੰਦਰੋਂ ਘੁੱਟ ਵੱਟੇ*
*ਗੰਢਾਂ ਵਾਂਗੂੰ ਖੁੱਲ੍ਹ ਰਹੇ ਹਾਂ* [26]

ਸੋਸ਼ਲਿਜ਼ਮ ਤੇ ਮਾਰਕਸਿਜ਼ਮ ਦੇ ਨਜ਼ਰਯਾਤੀ ਪਸ-ਏ-ਮਨਜ਼ਰ (ਵਿਚਾਰਧਾਰਕ ਪਿਛੋਕੜ) ਵਿਚ ਲਿਖਿਆ ਇਹ ਮਨਜ਼ੂਮ ਐਪਿਕ ਨਾਟਕ ਏ। ਉਹਦੇ ਨਾਟਕਾਂ ਵਿਚੋਂ ਸਿਰਫ਼ 'ਅੱਧੀ ਰਾਤ ਦੁਪਹਿਰ' ਵਿਚ ਸਟੇਜ ਸੈੱਟ ਤੇ ਫਿਜ਼ੀਕਲ ਪਰਾਪਸ (Props) ਵਰਤੇ ਗਏ ਨੇ। ਬਾਕੀ ਸਭ ਨਾਟਕਾਂ ਵਿਚ ਵੀਹਵੀਂ ਸਦੀ ਦੇ ਜਦੀਦ (ਨਵੀਨ) ਯੂਰਪੀ ਨਾਟਕ ਵਾਂਗੂੰ ਪ੍ਰਤੀਧੁਨਾਂ, ਆਡੀਓ, ਵੀਡੀਓ ਤਾਸਰਾਤ, ਸਪਾਟ ਲਾਈਟਸ ਵਗ਼ੈਰਾ ਦੀਆਂ ਤਕਨੀਕਾਂ ਨਾਲ ਨਾਟਕ ਨੂੰ ਪੁਰ-ਅਸਰ ਬਣਾਇਆ ਗਿਆ ਏ।



ਅਕਸਰ ਸਾਡੇ ਦੌਰ ਦੀ ਨਾਰੀ ਨੂੰ ਵੀ ਨਹੀਂ ਪਤਾ ਕਿ ਉਹਦੀ ਹਯਾਤੀ ਦਾ ਮਕਸਦ ਕੀ ਏ? ਤੇ ਚਾਹੁੰਦੀ ਕੀ ਏ? ਰਵਿੰਦਰ ਨੇ ਇਹ ਮਕਸਦ ਤੇ ਨਹੀਂ ਕੱਢਿਆ ਪਰ ਉਹਦੇ ਅਹਿਸਾਸ ਨੂੰ ਮਰਦ ਹੋ ਕੇ ਵੀ ਗੂੜ੍ਹਾ ਮਹਿਸੂਸ ਕੀਤਾ ਏ-ਤੇ ਇਹ ਅਹਿਸਾਸ ਉਹਦਾ 'ਪਛਾਣ ਨਾਟਕ' ਏ, ਜਿਹਦੇ ਵਿਚ ਨਾਰੀ ਖੁਦ ਆਪ ਆਪਣੀ ਤਲਾਸ਼ ਤੇ ਸ਼ਨਾਖਤ ਦਾ ਸਫ਼ਰ ਕਰਦੀ ਏ। ਉਹ ਏਸ ਸ਼ਨਾਖਤ ਨੂੰ ਹਾਸਿਲ ਕਰਨ ਵਿਚ ਕਾਮਯਾਬ ਹੋਂਦੀ ਏ ਜਾਂ ਨਹੀਂ, ਇਹ ਇਕ ਅਲੱਗ ਬਹਿਸ ਏ, ਪਰ ਉਹ ਮੁਕੰਮਲ ਕਿਵੇਂ ਹੋ ਸਕਦੀ ਏ? ਇਹ ਜ਼ਾਵੀਆ (ਕੋਣ) ਰਵੀ ਜ਼ਰੂਰ ਵਾਜ਼ਿਆ (ਸਪਸ਼ਟ) ਕਰਦਾ ਏ। ਉਹ 'ਮਸਖਰੇ' ਦੀ ਸ਼ਕਲ ਵਿਚ ਜ਼ਿੰਦਗੀ ਦੀ ਖੁਸ਼ੀ ਤੇ ਹੁਸਨ, 'ਕਵੀ' ਦੀ ਸ਼ਕਲ ਵਿਚ, ਮਾਣ, ਇੱਜ਼ਤ ਤੇ ਵਡਿਆਈ, 'ਕਾਮ ਦੇਵ' ਦੀ ਸੂਰਤ ਵਿਚ ਨਸਵਾਨੀ ਜਜ਼ਬਿਆਂ ਦੀ ਤਕਮੀਲ (ਪੂਰਤੀ) ਚਾਹੁੰਦੀ ਏ। ਗ਼ੌਰ ਕੀਤਾ ਜਾਵੇ ਤਾਂ ਮਸ਼ਰਕ ਹੋਏ ਜਾਂ ਮਗ਼ਰਬ, ਹਰ ਸਮਾਜ ਦੀ ਔਰਤ ਦੀ ਤਕਮੀਲ ਇਹਨਾਂ ਤਿੰਨਾਂ ਚੀਜ਼ਾਂ ਨਾਲ ਹੋਂਦੀ ਏ। ਇਕ ਬਗ਼ੈਰ ਵੀ ਉਹ ਅਧੂਰੀ ਏ। 'ਪਛਾਣ ਨਾਟਕ' ਐਸੇ ਅਹਿਸਾਸ ਦੀ ਤਮਸੀਲੀ (Allegorical) ਸ਼ਕਲ ਆਖੀ ਜਾ ਸਕਦੀ ਹੈ। ਪਰ ਇਹ ਵੀ ਸੱਚ ਏ ਕਿ ਕਦੀ ਵੀ ਉਹਨੂੰ ਤਿੰਨੇ ਚੀਜ਼ਾਂ ਕੱਠੀਆਂ ਨਹੀਂ ਮਿਲਦੀਆਂ। ਐਸ ਲਈ ਹਰ ਘਰ ਦੀ ਤੀਵੀਂ ਸਦਾ ਬੇਚੈਨ ਤੇ ਬੇਇਤਮੀਨਾਨ ਰਹਿੰਦੀ ਏ, ਜਿਹਦਾ ਅੰਤ 'ਬੀਮਾਰ ਸਦੀ' ਤੇ 'ਦਰ ਦੀਵਾਰਾਂ' ਵਾਲਾ ਹੋਂਦਾ ਏ। ਦੂਜੇ ਪਾਸੇ ਔਰਤ ਦੀ ਮੁਹੱਬਤ ਮਾਂ ਦੇ ਤੌਰ 'ਤੇ ਵੇ, ਜਿਨਸ ਦੇ ਤੌਰ 'ਤੇ ਜਾਂ ਫੇਰ ਗ਼ੈਰਜ਼ਰੂਰੀ ਦਿਲ ਪਰਚਾਵਣ ਵਾਲੀ ਹਾਸਾ ਠੱਠਾ ਕਰਨ ਵਾਲੀ ਸ਼ੈਅ ਦੇ ਤੌਰ 'ਤੇ? ਸਮਾਜ ਦਾ ਇੱਜ਼ਤ ਤੇ ਤਕਰੀਮ ਵਾਲਾ ਕਾਰ-ਆਮਦ ਪੁਰਜ਼ਾ ਕਿਉਂ ਨਹੀਂ? ਅੱਜ ਦੀ ਔਰਤ ਦੇ ਏਸ ਸਾੜ ਨੂੰ ਰਵਿੰਦਰ ਰਵੀ ਨੇ ਮਹਿਸੂਸ ਕੀਤਾ ਤੇ ਮਨਜ਼ੂਮ ਸੂਰਤ ਵਿਚ 'ਪਛਾਣ ਨਾਟਕ' ਵਿਚ ਪੇਸ਼ ਕੀਤਾ ਏ। ਦੂਜੇ ਪਾਸੇ ਇਹ ਵੀ ਹੋ ਸਕਦਾ ਏ ਕਿ ਜ਼ਿੰਦਗੀ ਦੇ ਹਾਸਿਆਂ ਤੇ ਜਜ਼ਬਿਆਂ ਉੱਤੇ ਉਹਦਾ ਪੂਰਾ ਪੂਰਾ ਅਧਿਕਾਰ ਕਿਉਂ ਨਹੀਂ? ਉਹ ਆਪੇ ਗੁੰਮ ਸੁੰਮ ਤੇ ਮੁੰਤਸ਼ਿਰ ਏ। ਉਹਨੂੰ ਖੁਦ ਸਮਝ ਨਹੀਂ ਆਉਂਦੀ ਕਿ ਉਹ ਕਿਸ ਪਾਸੇ ਜਾਵੇ:

*ਅੱਜ ਇਹ ਕੈਸਾ ਮੋੜ ਆ ਗਿਆ?*
*ਹਰ ਥਾਂ ਤੋਂ ਹੈ ਰਾਹ ਪਾਟਿਆ*
*ਪਾਟੇ ਰਾਹਾਂ ਦੇ ਜੰਗਲ 'ਚੋਂ*
*ਕਿਸ ਰਾਹ ਦੀ ਮੈਂ ਚੋਣ ਕਰਾਂ?*
*ਕਿਸ ਰਾਹ 'ਤੇ ਮੈਂ ਵਾਰਾਂ ਆਪਾ?*
*ਕਿਸ ਰਾਹ 'ਤੇ ਮੈਂ ਦੋਸ਼ ਧਰਾਂ?* [27]

ਪੜ੍ਹਨ ਵਿਚ ਜਾਪਦਾ ਏ ਜਿਵੇਂ ਇਹ ਸਿਰਫ਼ ਤਹਿਰੀਰੀ ਨਾਟਕ ਨੇ ਪਰ ਇਹਨਾਂ ਨੂੰ ਮੁਖਤਲਿਫ਼ ਹਦਾਇਤਕਾਰਾਂ ਨੇ ('ਬੀਮਾਰ ਸਦੀ'- ਪ੍ਰੀਤਮ ਸਿੰਘ ਢੀਂਡਸਾ, 'ਰੂਹ ਪੰਜਾਬ ਦੀ'-ਗੁਰਸ਼ਰਨ ਸਿੰਘ, 'ਚੌਕ ਨਾਟਕ'-ਡਾਕਟਰ ਸੁਰਜੀਤ ਸਿੰਘ ਸੇਠੀ, 'ਮੱਕੜੀ ਨਾਟਕ'-ਅਜਮੇਰ ਔਲਖ, 'ਪਛਾਣ ਨਾਟਕ'-ਡਾਕਟਰ ਮਨਜੀਤ ਪਾਲ ਕੌਰ) ਵੇਲੇ ਵੇਲੇ ਨਾਲ ਮੰਚ ਉੱਤੇ ਕਾਮਯਾਬੀ ਨਾਲ ਪੇਸ਼ ਕੀਤਾ ਏ।

ਸ਼ੇਕਸਪੀਅਰ, ਗੋਇਟੇ ਤੇ ਵਾਰਿਸ ਸ਼ਾਹ ਦਾ ਕਮਾਲ ਇਹ ਏ ਕਿ ਉਹਨਾਂ ਨੇ ਪੁਰਾਣੀਆਂ ਕਹਾਣੀਆਂ ਨੂੰ ਆਪਣੀ ਆਪਣੀ ਜ਼ੁਬਾਨ ਦੀ ਰਹਿਤਲ ਤੇ ਨਵੇਂ ਲਫ਼ਜ਼ਾਲੀ ਤੇ ਮੁਹਾਵਰਾਤੀ ਰੰਗ ਨਾਲ ਨਵਾਂ ਬਣਾ ਦਿੱਤਾ ਏ। ਰਵੀ ਦਾ ਕਮਾਲ ਇਹ ਏ ਕਿ ਉਸ ਨੇ ਆਪਣੇ ਇਰਦ ਗਿਰਦ ਲੋਕਾਂ ਵਿਚੋਂ ਓਸ ਨਵੀਂ ਕਹਾਣੀ ਨੂੰ ਨਵੇਂ ਅੰਦਾਜ਼ ਨਾਲ ਨਾਟਕ ਦੀ ਸੂਰਤ ਦਿੱਤੀ ਏ, ਜਿਸ ਦਾ ਖੁਦ ਉਹਨਾਂ ਲੋਕਾਂ ਨੂੰ ਆਪ ਵੀ ਪਤਾ ਨਹੀਂ ਸੀ ਤੇ ਰਵੀ ਦੇ ਨਾਟਕ ਵੇਖ ਕੇ ਉਹਨਾਂ ਨੂੰ ਆਪਣੇ ਘਰ ਦੇ ਖਲਾਅ ਤੇ ਖੋਖਲੇ ਪਨ ਦਾ ਸਿਰਾ ਲੱਭਣ ਲੱਗਾ ਏ। ਉਹਨਾਂ ਦੇ ਗਲੀਂ ਪਏ ਤੌਕ ਤੇ ਜ਼ੰਜੀਰਾਂ ਹਿੱਲਣ ਲੱਗ ਪਈਆਂ ਨੇ ਤੇ ਉਹਨਾਂ ਨੂੰ ਲਾਹ ਸੁੱਟਣ ਦਾ ਅਹਿਸਾਸ ਜਾਗਿਆ ਏ। ਆਪਣੇ ਨਾਟਕਾਂ ਬਾਰੇ ਉਸ ਦੇ ਸ਼ਬਦ ਨੇ:

"ਮੇਰੇ ਕਾਵਿ-ਨਾਟਕ ਥੀਏਟਰ ਦੀ ਭਾਸ਼ਾ ਵਿਚ ਅੱਜੋਕੀਆਂ ਤਕਨੀਕੀ ਸੁਵਿਧਾਵਾਂ ਵਾਲੇ

*ਸੁਵਿਕਸਤ, ਪੇਸ਼ਾਵਰ ਅਤੇ ਪ੍ਰੌਢ ਬਾਲਗਾਂ ਦੇ ਥੀਏਟਰ ਵਾਸਤੇ, ਜਣੇ ਖਣੇ ਦੀ ਨਾਟ-ਪਰੰਪਰਾ ਤੋਂ ਹਟ ਕੇ ਲਿਖੇ ਪੰਜਾਬੀ ਦੇ ਪਹਿਲੇ ਨਾਟਕ ਹਨ।"*[28]

ਉਸਦੇ ਸਾਰੇ ਨਾਟਕ ਅਲਾਮਤੀ ਅੰਦਾਜ਼ ਦੇ ਮਨਜ਼ੂਮ ਨਾਟਕ ਨੇ ਤੇ ਅਲਾਮਤਾਂ ਉਹਨੇ ਆਪਣੇ ਸਮਾਜ ਦੇ ਇਨਸਾਨਾਂ ਦੇ ਰਵੱਈਆਂ ਤੋਂ ਲਈਆਂ ਨੇ, ਕਿਉਂਕਿ ਉਹਦੀ ਕਹਾਣੀ ਕਿਸੇ ਪੀਰ ਜਾਂ ਧਰਮ ਸਿੰਘ ਦੀ ਨਹੀਂ ਬਲਕਿ ਹਰ ਸਮਾਜ ਦੇ ਹਰ ਇਨਸਾਨ ਦੀ ਕਹਾਣੀ ਏ। ਰਵੀ ਦੇ ਨਾਟਕਾਂ ਵਿਚ ਇਕ ਗੱਲ ਹੋਰ ਸ਼ਿੱਦਤ ਨਾਲ ਮਹਿਸੂਸ ਹੋਂਦੀ ਏ ਕਿ ਉਹਨੇ ਇਨਸਾਨ ਦੇ ਇਹਨਾਂ ਸਾਰੇ ਮਸਲਿਆਂ ਦਾ ਹੱਲ ਕਿਸੇ ਮਜ਼ਹਬ ਜਾਂ ਗਯਾਨ ਧਿਆਨ ਵਿਚ ਲੱਭਣ ਦਾ ਕੋਈ ਸੁਝਾਅ ਨਹੀਂ ਦਿੱਤਾ। ਸ਼ਾਇਦ ਏਸ ਲਈ ਕਿ ਮਜ਼ਹਬ ਮਗ਼ਰਬ ਦੇ ਲੋਕਾਂ ਦਾ ਮਸਲਾ ਈ ਨਹੀਂ ਰਿਹਾ।

ਉਹਦੀ ਨਜ਼ਰ ਮਹਿਜ਼ ਸਮਾਜ ਦੇ ਗੁੰਝਲਕ ਮਸਲੇ ਤੋਂ ਲੈ ਕੇ ਆਲਮੀ ਮਨਾਜ਼ਰ (ਦ੍ਰਿਸ਼) ਵਿਚ ਫੈਲੇ ਹੋਏ ਲਸਾਨੀ, ਮੁਆਸ਼ੀ ਤੇ ਜਜ਼ਬਾਤੀ ਮਸਾਇਲ 'ਤੇ ਰਹੀ ਏ, ਜਿਹਦੇ ਪਿੱਛੇ ਉਹਦਾ ਵਰ੍ਹਿਆਂ ਬੱਧੀ ਜ਼ਿਹਨੀ ਸਫ਼ਰ ਤੇ ਘੱਟੋ ਘੱਟ ਸਾਰੀ ਦੁਨੀਆਂ ਦੀ ਯਾਤਰਾ ਏ। ਉਸ ਦੇ ਮੰਚ ਨਾਟਕ ਨੂੰ ਪੜ੍ਹਕੇ ਮਹਿਸੂਸ ਹੋਂਦਾ ਏ ਕਿ ਪਾਕ-ਓ-ਹਿੰਦ ਵਿਚ ਮਨਜ਼ੂਮ ਸਟੇਜ ਨਾਟਕ ਲਿਖਣ ਦੀ ਰਵਾਇਤ ਦਾ ਨਵਾਂ ਤੇ ਚੜ੍ਹਤਲ ਦੌਰ ਆਪਣੀ ਪੁਖ਼ਤਾ ਸ਼ਕਲ ਵਿਚ ਮੌਜੂਦ ਏ ਤੇ ਅਸੀਂ ਜਿਹੜੇ ਨਾਟਕ ਨੂੰ ਮਹਿਜ਼ ਹਾਸਾ ਮਖੌਲ ਤੇ ਖੇਡਾਂ ਦੀ ਸਿਨਫ਼ ਸਮਝ ਕੇ ਨਾਟਕ ਦੇ ਮੁਸਤਕਬਿਲ (ਭਵਿੱਖ) ਤੋਂ ਮਾਯੂਸ ਹੋ ਗਏ ਸਾਂ, ਰਵੀ ਦੇ ਸੰਜੀਦਾ ਨਾਟਕ ਸਾਡੀਆਂ ਡੁੱਬਦੀਆਂ ਨਬਜ਼ਾਂ ਲਈ ਨਵਾਂ ਖ਼ੂਨ ਨੇ। ਜਦੋਂ ਤਕ ਰੰਗ, ਨਸਲ, ਜਿਸਮ ਤੇ ਰੂਹ ਦੀ ਜੰਗ ਜਾਰੀ ਰਹੇਗੀ, ਰਵੀ ਜਿਹੇ ਲਿਖਾਰੀ ਲਿਖਦੇ ਰਹਿਣਗੇ।

ਮਨਜ਼ੂਮ ਨਾਟਕ ਤਾਰੀਖੀ ਤੌਰ 'ਤੇ ਯੂਨਾਨ ਤੇ ਸ਼ੈਕਸਪੀਅਰ ਦੇ ਕਲਾਸਿਕੀ ਦੌਰ ਦੀ ਯਾਦ ਏ, ਜਦ ਕਿ ਵੀਹਵੀਂ ਸਦੀ ਨਸਰ (ਵਾਰਤਕ) ਦੀ ਸਦੀ ਏ। ਰਵੀ ਨੇ ਏਸ ਦੌਰ ਵਿਚ ਕਾਮਯਾਬ ਮਨਜ਼ੂਮ ਨਾਟਕ ਲਿਖ ਕੇ ਨਵੇਂ ਪੰਜਾਬੀ ਕਲਾਸਿਕੀ ਦੌਰ ਦਾ ਆਗ਼ਾਜ਼ ਕੀਤਾ ਏ।□□

*ਹਵਾਲੇ ਤੇ ਮਾਖ਼ਜ਼*


1. ਪ੍ਰੋਫੈਸਰ ਆਸ਼ਿਕ ਰਹੀਲ - ਮਾਹਨਾਮਾ 'ਲਹਿਰਾਂ' ਲਾਹੌਰ, ਦਸੰਬਰ, 2001
2. ਡਾਕਟਰ ਜਸਬੀਰ ਸਿੰਘ ਆਹਲੂਵਾਲੀਆ-'ਮੰਚ ਨਾਟਕ'-ਸਫ਼ਾ 23
3. 'ਬੀਮਾਰ ਸਦੀ', 'ਮੰਚ ਨਾਟਕ'-ਸਫ਼ਾ 329
4. 'ਦਰ ਦੀਵਾਰਾਂ'-ਸਫ਼ਾ 9
5. ਓਹੀ
6. 'ਮੰਚ ਨਾਟਕ' - ਸਫ਼ਾ 431
7. ਓਹੀ
8. 'ਅੱਧੀ ਰਾਤ ਦੁਪਹਿਰ'-ਸਫ਼ਾ 477
9. ਓਹੀ
10. ਓਹੀ
11. ਅਜਾਇਬ ਕਮਲ- 'ਮੰਚ ਨਾਟਕ'-ਸਫ਼ਾ 26
12. ਡਾਕਟਰ ਕੁਲਦੀਪ ਸਿੰਘ ਧੀਰ - 'ਮੰਚ ਨਾਟਕ'-ਸਫ਼ਾ 26
13 'ਰੂਹ ਪੰਜਾਬੀ ਦੀ'-ਸਫ਼ਾ 248
14. 'ਮੰਚ ਨਾਟਕ'-ਸਫ਼ਾ 219
15. ਓਹੀ
16. 'ਚੋਕ ਨਾਟਕ'-ਸਫ਼ਾ 293
17. ਓਹੀ-ਸਫ਼ਾ 322
18. ਓਹੀ
19. 'ਮੰਚ ਨਾਟਕ' ਸਫ਼ਾ 21
20. Kartar Singh Duggal-The Tribune, July 1983
21. ਪ੍ਰੋਫੈਸਰ ਬ੍ਰਹਮਜਗਦੀਸ਼ ਸਿੰਘ - ਤਿੰਨ ਨਾਟਕ-1990
22. ਮੰਚ ਨਾਟਕ-ਸਫ਼ਾ 198
23. ਓਹੀ
24. ਮੱਕੜੀ ਨਾਟਕ-ਸਫ਼ਾ 84
25. ਮੱਕੜੀ ਨਾਟਕ, ਮੰਚ ਨਾਟਕ-ਸਫ਼ਾ 95
26. ਮੰਚ ਨਾਟਕ-ਸਫ਼ਾ ਓਹੀ
27. ਪਛਾਣ ਨਾਟਕ-ਸਫ਼ਾ 151
28. ਮੰਚ ਨਾਟਕ-ਸਫ਼ਾ 178



**[ਰੀਸਰਚ ਸਕਾਲਰ, ਪੰਜਾਬ ਯੂਨੀਵਰਸਿਟੀ, ਲਾਹੌਰ, ਪਾਕਿਸਾਤਾਨ]**




# ਪਾਸ਼ ਹੋਣ ਦਾ ਮਤਲਬ

## ਜਸਵੀਰ ਸਮਰ

*ਨਹੀਂ ਮੰਨ ਸਕਦਾ ਮੈਂ/ਕਿ ਠੰਢ ਨਾਲ ਇਨ੍ਹਾਂ ਦਾ ਕੁਝ ਨਹੀਂ ਵਿਗੜੇਗਾ*
*ਕਿ ਅੱਗ ਇਨ੍ਹਾਂ ਨੂੰ ਤਪਾ ਕੇ/ਝੁਲਸਾ ਨਹੀਂ ਸਕਦੀ*
*ਕਿ ਹਵਾ ਇਨ੍ਹਾਂ ਦੀਆਂ ਟਾਹਣੀਆਂ ਵਿਚ/ਝੂਲਦੀ ਰਹੇਗੀ ਮਹਿਜ਼*

*ਬਰਸਾਤ ਚ/ਭਿੱਜ ਗਈ ਹੈ ਇਨ੍ਹਾਂ ਦੀ ਕਾਇਆ*
*ਇਨ੍ਹਾਂ ਦਾ ਖੜ੍ਹੇ ਰਹਿਣਾ/ਔਖਾ ਲਗ ਰਿਹਾ ਹੈ*
*ਤਰਖਾਣਾਂ ਨੂੰ ਚਾਹੀਦੈ/ਕਿ ਇਨ੍ਹਾਂ ਲਈ ਘੜਨ/ਕਮੀਜ਼*
*ਇਨ੍ਹਾਂ ਲਈ ਤਿਆਰ ਕਰਨ/ਜੁੱਤੀ*
*ਉਂਝ ਵੀ ਇਹ/ਟੋਪੀ ਦੀ ਮੰਗ/ਅਕਸਰ ਨਹੀਂ ਕਰਦੇ*
*ਮੈਂ ਸਿਰਫ਼ ਕਵੀ ਨਹੀਂ ਹਾਂ/ਸਮਝ ਰਿਹਾਂ/ਮੌਸਮ ਤਾਂ ਠੀਕ-ਠਾਕ ਨਹੀਂ ਹੈ।*

(ਹਿੰਦੀ ਕਵੀ ਬੋਧੀਸਤਵ ਦੀ ਕਵਿਤਾ 'ਸਿਰਫ਼ ਕਵੀ ਨਹੀਂ')

ਪਾਸ਼ ਬੁਨਿਆਦੀ ਰੂਪ ਵਿਚ ਭਾਵੇਂ ਕਵੀ ਸੀ ਪਰ ਉਹ ਸਿਰਫ਼ ਕਵੀ ਨਹੀਂ ਸੀ। ਮੌਸਮ ਦੇ ਮਿਜਾਜ਼ ਨੂੰ ਉਹ ਬਹੁਤ ਤੀਬਰਤਾ ਨਾਲ ਮਹਿਸੂਸ ਕਰਦਾ ਸੀ। ਇਹੀ ਕਾਰਨ ਸੀ ਕਿ ਅਮਰੀਕਾ ਕਿਆਮ ਦੌਰਾਨ ਜਦ ਉਸ ਨੇ ਜਨੂੰਨੀਆਂ ਦਾ ਜ਼ੋਰ ਦੇਖਿਆ ਤਾਂ ਉਹ ਸਿੱਧਾ ਮੈਦਾਨ ਵਿਚ ਨਿੱਤਰ ਪਿਆ। ਉੱਥੇ ਉਹਦੀ ਅਗਵਾਈ ਵਿਚ 'ਐਂਟੀ '47 ਫਰੰਟ' ਦਾ ਜਿਹੜਾ ਪਹਿਲਾ ਅੰਕ (ਅਕਤੂਬਰ ੮6) ਨਿਕਲਿਆ, ਉਹ ਪਹਿਲੇ ਅੰਕਾਂ ਨਾਲੋਂ ਇੰਨਾ ਨਿਵੇਕਲਾ ਅਤੇ ਵੱਢ-ਮਾਰਵਾਂ ਸੀ ਕਿ ਸਭ ਦਾ ਧਿਆਨ ਬਦੋ-ਬਦੀ ਖਿੱਚਿਆ ਗਿਆ। ਇਸ ਹੱਥ-ਲਿਖਤ ਪਰਚੇ ਵਿਚ ਉਹਨੇ ਬਾਦਲੀਲ ਸਾਬਤ ਕਰ ਦਿੱਤਾ ਕਿ ਖਾਲਸਤਾਨੀਆਂ ਦਾ ਸਿੱਖੀ ਨਾਲ ਕੋਈ ਸਰੋਕਾਰ ਨਹੀਂ ਹੈ। ਅਸਲ ਵਿਚ ਇਹ ਤਾਂ ਮਲਿਕ ਭਾਗੋਆਂ ਵਾਲੀ ਕਤਾਰ ਵਿਚ ਖੜ੍ਹੇ ਹਨ!

ਸੱਠਵਿਆਂ ਦੇ ਅਖ਼ੀਰ ਵਿਚ ਉੱਠੀ ਇਨਕਲਾਬ ਦੀ ਤਾਂਘ ਤੇ ਕਾਂਗ ਦੌਰਾਨ ਸੰਤ ਸੰਧੂ ਨੇ ਪਾਸ਼ ਦੀ ਪਹਿਲੀ ਕਿਤਾਬ 'ਲੋਹ ਕਥਾ' ਦੇ ਮੁੱਖਬੰਦ ਵਿਚ ਪਾਸ਼ ਨੂੰ ਪੰਜਾਬੀ ਸ਼ਾਇਰੀ ਦਾ ਧੰਨਭਾਗ ਕਿਹਾ ਸੀ। ਅਗਲੀਆਂ ਕਿਤਾਬਾਂ-'ਉਡਦੇ ਬਾਜ਼ਾਂ ਮਗਰ' ਤੇ 'ਸਾਡੇ ਸਮਿਆਂ ਵਿਚ' ਰਾਹੀਂ ਪਾਸ਼ ਨੇ ਇਨ੍ਹਾਂ ਸ਼ਬਦਾਂ ਦੀ ਲੱਜ ਪਾਲ ਕੇ ਦਿਖਾਈ। ਇਨ੍ਹਾਂ ਕਿਤਾਬਾਂ ਤੋਂ ਬਾਅਦ ਵਾਲੀਆਂ ਕਵਿਤਾਵਾਂ ਵਿਚ ਤਾਂ ਉਹ ਹੋਰ ਵੀ ਬੁਲੰਦ ਹੋਇਆ। 'ਬੇਦਖ਼ਲੀ ਲਈ ਬਿਨੈ ਪੱਤਰ' ਅਤੇ 'ਧਰਮ ਦੀਕਸ਼ਾ ਲਈ ਬਿਨੈ ਪੱਤਰ' ਵਿਚ ਉਹਦੀ ਕਵਿਤਾ ਅਤੇ ਉਹਦੇ ਸਿਦਕ ਦਾ ਜਲੌਅ ਦੇਖਣ ਹੀ ਵਾਲਾ ਹੈ। ਪਿੱਛੋਂ ਲਿਖੀ ਕਵਿਤਾ 'ਸਭ ਤੋਂ ਖ਼ਤਰਨਾਕ' ਨਾਲ ਉਹ ਲਾਜਵਾਲ ਹੋ ਨਿਬੜਿਆ। ਜਨੂੰਨੀ ਖਾਲਸਤਾਨੀਆਂ ਦੀਆਂ ਗੋਲੀਆਂ ਨੇ ਭਾਵੇਂ ਇਸ ਸ਼ਾਇਰ ਦੀ ਸਰੀਰਕ ਹੋਂਦ ਖ਼ਤਮ ਕਰ ਦਿੱਤੀ ਪਰ ਜਿਵੇਂ ਪਾਸ਼ ਦੇ ਹੀ ਸਮਕਾਲੀ ਸ਼ਾਇਰ ਲਾਲ ਸਿੰਘ ਦਿਲ ਨੇ ਲਿਖਿਆ ਸੀ-

*ਸ਼ਬਦ ਤਾਂ ਕਹੇ ਜਾ ਚੁੱਕੇ ਹਨ*
*ਅਸਾਥੋਂ ਵੀ ਬਹੁਤ ਪਹਿਲਾਂ/ਤੇ ਅਸਾਥੋਂ ਵੀ ਬਹੁਤ ਪਿੱਛੋਂ ਦੇ*
*ਅਸਾਡੀ ਹਰ ਜ਼ੁਬਾਨ/ਜੇ ਹੋ ਸਕੇ ਤਾਂ ਕੱਟ ਲੈਣਾ*
*ਪਰ ਸ਼ਬਦ ਤਾਂ ਕਹੇ ਜਾ ਚੁੱਕੇ ਹਨ*

ਪਾਸ਼ ਦੇ ਸ਼ਬਦਾਂ ਨੇ ਪਹਿਲਾਂ ਨਾਲੋਂ ਵੀ ਵੱਧ ਜ਼ਰਬ ਖਾਧੀ ਅਤੇ ਜਨੂੰਨੀ ਕਾਤਲਾਂ ਦਾ ਇਹ ਭੁਲੇਖਾ, ਭੁਲੇਖਾ ਹੀ ਰਹਿ ਗਿਆ ਕਿ ਪਾਸ਼ ਨੂੰ ਖ਼ਤਮ ਕਰਕੇ ਉਹਦੀ ਸ਼ਾਇਰੀ ਤੇ ਵਿਚਾਰਾਂ ਨੂੰ ਖ਼ਾਮੋਸ਼ ਕੀਤਾ ਜਾ ਸਕਦਾ ਹੈ। ...ਸ਼ਬਦ ਤਾਂ ਕਹੇ ਜਾ ਚੁੱਕੇ ਸਨ!

ਪਾਸ਼ ਦਰਅਸਲ ਜਿਸ ਕਾਰਵਾਂ ਦਾ ਹਿੱਸਾ ਸੀ, ਉਹ ਆਪਣੀਆਂ ਤਮਾਮ ਖ਼ਾਮੀਆਂ-ਕਮਜ਼ੋਰੀਆਂ

ਦੇ ਬਾਵਜੂਦ ਜਿਸ ਧਾਰਾ ਨੂੰ ਪਰਨਾਇਆ ਹੋਇਆ ਹੈ, ਉਸ ਦੀ ਜ਼ਮੀਨ ਇੰਨੀ ਪੱਕੀ, ਨਿਰਮਲ ਅਤੇ ਨਿੱਤ ਮੌਲਣ ਵਾਲੀ ਹੈ ਕਿ ਇਹ ਵਕਤ ਦੀ ਹਰ ਸੱਟ ਪੂਰੇ ਸਿਦਕ ਨਾਲ ਝੱਲਦੀ ਰਹੀ ਹੈ। ਇਤਫ਼ਾਕ ਇਹ ਕਿ ਪਾਸ਼ ਦੀ ਸ਼ਹਾਦਤ ਉਸ ਦਿਨ ਹੋਈ ਜਿਸ ਦਿਨ ਅੰਗਰੇਜ਼ ਹਾਕਮਾਂ ਨੇ ਪੰਜਾਬ ਦੇ ਹੀਰੇ ਭਗਤ ਸਿੰਘ ਅਤੇ ਉਸ ਦੇ ਦੋ ਸਾਥੀਆਂ-ਸੁਖਦੇਵ ਤੇ ਰਾਜਗੁਰੂ- ਨੂੰ ਫ਼ਾਂਸੀ ਚੜ੍ਹਾ ਦਿੱਤਾ ਸੀ। ਪਾਸ਼ ਅਤੇ ਭਗਤ ਸਿੰਘ ਸਾਧਾਰਨ ਸ਼ਖ਼ਸੀਅਤਾਂ ਨਹੀਂ ਸਨ। ਭਗਤ ਸਿੰਘ ਨੇ ਆਪਣੇ ਜ਼ਮਾਨੇ ਦੇ ਸਿਆਸੀ ਪਿੜ ਵਿਚ ਚੋਖਾ ਵੱਢ ਮਾਰਿਆ। ਉਹਨੇ ਅਤੇ ਉਹਦੇ ਸਾਥੀਆਂ ਨੇ ਆਜ਼ਾਦੀ ਦੇ ਸੰਘਰਸ਼ ਵਿਚ ਡਾਵਾਂਡੋਲ, ਲੜਖੜਾ ਰਹੀ ਮੁੱਖਧਾਰਾ ਸਿਆਸਤ ਦਾ ਤੋੜ ਯਾਨੀ ਬਦਲ ਦੇਣ ਦਾ ਯਤਨ ਕੀਤਾ। ਪਾਸ਼ ਨੇ ਆਪਣੇ ਦੌਰ ਵਿਚ ਪੰਜਾਬੀ ਸਾਹਿਤ, ਖਾਸਕਰ ਕਵਿਤਾ ਨੂੰ ਨਵੇਂ ਮੁਹਾਣ ਵੱਲ ਤੋਰਿਆ। ਨਕਸਲਵਾਦੀ ਹੱਲੇ ਤਹਿਤ ਲਿਖੀ ਇਸ ਕਵਿਤਾ ਨੇ ਇਤਿਹਾਸਕ ਪੱਖੋਂ ਤਿੰਨ ਵੱਢ-ਮਾਰਵੇਂ ਕਾਰਜ ਕੀਤੇ। ਇਕ, ਖੜੋਤ ਦੀ ਸ਼ਿਕਾਰ ਪ੍ਰਗਤੀਵਾਦੀ ਕਵਿਤਾ ਨੂੰ ਹਲੂਣਿਆ, ਇਹਦੇ ਉੱਤੇ ਤਾਜ਼ਗੀ ਤਰੌਂਕੀ। ਦੋ, ਪ੍ਰਯੋਗਵਾਦੀ ਕਵਿਤਾ ਨੂੰ ਥਾਂ ਸਿਰ ਕੀਤਾ, ਸਿਰਫ਼ ਤੇ ਸਿਰਫ਼ ਕਿਤਾਬਾਂ ਦਾ ਸ਼ਿੰਗਾਰ ਬਣਾ ਕੇ ਛੱਡਿਆ। ਅਤੇ ਤਿੰਨ, ਕਵਿਤਾ ਨੂੰ ਨਵਾਂ ਤੇ ਨਿਵੇਕਲਾ ਮੁਹਾਵਰਾ ਦਿੱਤਾ ਜਿਸ ਨੇ ਕੂੜ ਸਥਾਪਤੀ ਨਾਲ ਸਿੱਧਾ ਆਢਾ ਲਾਇਆ। ਉਸ ਚਿਣਗਾਂ ਛੱਡਦੇ ਦੌਰ ਵਿਚ ਛਾਏ ਕਵੀਆਂ ਵਿਚੋਂ ਵੀ ਪਾਸ਼ ਨਿਵੇਕਲਾ ਸੀ। ਪੰਜਾਬੀ ਕਵਿਤਾ ਵਿਚ ਪਾਸ਼ ਵਾਲੀ ਕਵਿਤਾ ਦੀ ਇਸ ਨਿਵੇਕਲੀ ਸੁਰ ਦੀ ਆਵਾਜ਼ ਅੱਜ ਵੀ ਸੁਣਾਈ ਦਿੰਦੀ ਹੈ।

ਹੁਣ ਪਾਸ਼ ਬਾਰੇ ਰਾਜਿੰਦਰ ਰਾਹੀ ਦੀ ਲਿਖੀ ਕਿਤਾਬ 'ਜਿੱਥੇ ਪਾਸ਼ ਰਹਿੰਦਾ ਹੈ'(ਲੋਕ ਗੀਤ ਪ੍ਰਕਾਸ਼ਨ,ਚੰਡੀਗੜ੍ਹ) ਵਿਚ ਪਾਸ਼ ਦੀ ਕਵਿਤਾ ਦੀ ਥਾਂ ਹੋਰ ਗੱਲਾਂ ਨੂੰ ਆਧਾਰ ਬਣਾ ਕੇ ਪਾਸ਼ ਅਤੇ ਉਸ ਦੀ ਸਿਆਸਤ ਨਾਲ ਜੁੜੇ ਸਰੋਕਾਰਾਂ ਨੂੰ ਬਹੁਤ ਟੇਢੇ ਢੰਗ ਨਾਲ ਰੱਦ ਕਰਨ ਦੇ ਯਤਨ ਕੀਤੇ ਗਏ ਹਨ। ਇਸ ਕਿਤਾਬ ਵਿਚ ਆਏ ਤਕਰੀਬਨ ਸਾਰੇ ਪਾਤਰਾਂ (ਸੁਰਿੰਦਰ ਧੰਜਲ, ਬਖ਼ਸ਼ਿੰਦਰ, ਪਰਮਜੀਤ ਦੇਹਲ, ਦੀਪ ਕਲੇਰ, ਜਸਵੰਤ ਖਟਕੜ, ਪਾਸ਼ ਦੀ ਮਾਸੀ, ਮਾਸੀ ਦੇ ਪੁੱਤ ਸੁੱਚਾ ਸਿੰਘ, ਡਾ. ਬਾਲੀ, ਗੁਰਬੀਰ ਸਿੰਘ ਉਰਫ਼ ਅਜਮੇਰ ਸਿੰਘ) ਨੂੰ ਮੈਂ ਉਚੇਚਾ ਮਿਲਿਆ ਹਾਂ। ਸਾਰਿਆਂ ਦਾ ਇਹੀ ਕਹਿਣਾ ਸੀ ਕਿ ਉਨ੍ਹਾਂ ਦੇ ਮੂੰਹ ਐਵੇਂ ਹੀ ਗੱਲਾਂ ਪਾ ਦਿੱਤੀਆਂ ਗਈਆਂ।

ਇਥੋਂ ਤਕ ਕਿ ਗੁਰਬੀਰ ਸਿੰਘ, ਜਿਸ ਦੇ ਆਈਡੀਏ ਦੀ ਤਰਜਮਾਨੀ ਲਈ ਇਹ ਕਿਤਾਬ ਰਚੀ ਗਈ, ਦਾ ਵੀ ਕਹਿਣਾ ਹੈ ਕਿ ਉਸ ਵੱਲੋਂ ਕੀਤੀਆਂ ਗੱਲਾਂ ਨੂੰ ਵੀ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ। ਉਸ ਮੁਤਾਬਕ ਧੰਜਲ ਬਾਰੇ ਕੀਤੀਆਂ ਅੱਖੜ ਗੱਲਾਂ ਉਸ ਦੀਆਂ ਆਪਣੀਆਂ ਨਹੀਂ। ਉਸ (ਗੁਰਬੀਰ) ਵੱਲੋਂ ਪੁੱਛਣ 'ਤੇ ਰਾਹੀ ਨੇ ਸਿਰਫ਼ ਇੰਨਾ ਹੀ ਕਿਹਾ ਕਿ ਉਸ ਨੂੰ ਧੰਜਲ ਉੱਤੇ ਗੁੱਸਾ ਬਹੁਤ ਸੀ। ...ਤੇ ਧੰਜਲ ਮੁਤਾਬਕ ਰਾਹੀ ਦਾ ਗੁੱਸਾ ਸਿਰਫ਼ ਇੰਨਾ ਸੀ ਕਿ ਇਕ ਤਾਂ ਉਹ ਰਾਹੀ ਦੀ ਇੱਛਾ ਅਨੁਸਾਰ ਉਸ ਨੂੰ ਕਨੇਡਾ ਨਹੀਂ ਮੰਗਵਾ ਸਕਿਆ। ਦੂਜਾ, ਸੰਤ ਰਾਮ ਉਦਾਸੀ ਦੇ ਪਿੰਡ ਸਮਾਗਮ ਦੌਰਾਨ ਉਹਨੇ (ਧੰਜਲ) ਅਤੇ ਦਰਸ਼ਨ ਖਟਕੜ ਨੇ ਰਾਹੀ ਨੂੰ ਸਟੇਜ ਤੋਂ ਹੀ ਇਸ ਨੁਕਤੇ ਤੋਂ ਲੰਮੇ ਹੱਥੀਂ ਲਿਆ ਸੀ ਕਿ ਉਸ ਨੇ ਉਦਾਸੀ ਨੂੰ ਬੇਵਜ੍ਹਾ ਖਾਲਸਤਾਨੀ ਸਾਬਤ ਕਰਨ ਦਾ ਯਤਨ ਕੀਤਾ ਸੀ! ਉਦਾਸੀ ਦਾ ਪਿੰਡ ਰਾਏਸਰ ਰਾਹੀ ਦਾ ਸਹੁਰਾ ਪਿੰਡ ਹੈ ਤੇ ਰਾਹੀ ਆਪਣੀ ਨੁਕਤਾਚੀਨੀ ਨੂੰ ਕੁਝ ਵਧੇਰੇ ਹੀ ਦਿਲ 'ਤੇ ਲਾ ਗਿਆ ਸੀ। ਇਹ ਰੋਸਾ ਵਧਦਾ ਵਧਦਾ ਆਖ਼ਰਕਾਰ 'ਜਿੱਥੇ ਪਾਸ਼ ਰਹਿੰਦਾ ਹੈ' ਵਾਲਾ ਕੋਝਾ ਰੂਪ ਅਖ਼ਤਿਆਰ ਕਰ ਗਿਆ। ਉਦੋਂ ਤਕ ਉਹਦੀ ਸੰਗਤ ਅਜਮੇਰ ਸਿੰਘ ਨਾਲ ਹੋ ਚੁੱਕੀ ਸੀ ਅਤੇ ਅਜਮੇਰ ਸਿੰਘ ਦੇ ਆਪਣੇ ਸਰੋਕਾਰ ਵੀ ਪਹਿਲਾਂ ਵਾਲੇ ਨਹੀਂ ਸਨ।

ਪਰਮਜੀਤ ਦੇਹਲ, ਦੀਪ ਕਲੇਰ ਤੇ ਜਸਵੰਤ ਖਟਕੜ ਨੇ ਤਾਂ ਬਾਕਾਇਦਾ ਪੈਂਫਲਿਟ ਛਾਪ ਕੇ ਰਾਹੀ ਵੱਲੋਂ ਕਿਤਾਬ ਵਿਚ ਕੀਤੀਆਂ ਮਨ-ਆਈਆਂ ਦਾ ਇਕ-ਇਕ ਨੁਕਤੇ ਤੋਂ ਖ਼ੁਲਾਸਾ ਕੀਤਾ। ਇਸ ਪੈਂਫਲਿਟ ਨਾਲ ਇਕ ਤਰ੍ਹਾਂ ਨਾਲ ਕਿਤਾਬ ਦੇ ਤਾਣੇ-ਬਾਣੇ ਉੱਤੇ ਹੀ ਸਵਾਲੀਆ ਨਿਸ਼ਾਨ ਲਗਦਾ ਹੈ। ਇਸ ਪੈਂਫਲਿਟ ਵਿਚ ਚੁੱਕੇ ਸਵਾਲਾਂ ਦਾ ਰਾਹੀ ਕੋਲ ਕੋਈ ਜਵਾਬ ਨਹੀਂ ਬਲਕਿ ਹੁਣ ਉਸ ਨੇ ਅਗਾਂਹ ਇਹ ਪੈਂਤੜਾ ਮੱਲ ਲਿਆ ਕਿ ਗਲਪ ਵਿਚ ਲੇਖਕ ਨੂੰ ਮਰਜ਼ੀ ਕਰਨ ਦੀ ਖੁੱਲ੍ਹ ਹੁੰਦੀ ਹੈ। ਰਾਹੀ



ਦੇ ਸਰਪ੍ਰਸਤ ਪਰਚੇ 'ਅੰਮਿਤਸਰ ਟਾਈਮਜ਼' (ਅਮਰੀਕਾ), ਜਿਸ ਨੇ ਰਾਹੀ ਦੀ ਕਿਤਾਬ ਨੂੰ ਪ੍ਰਚਾਰਿਆ-ਪ੍ਰਸਾਰਿਆ, ਨੇ ਇਨ੍ਹਾਂ ਤਿੰਨਾਂ ਦਾ ਇਹ ਪੱਖ ਛਾਪਣ ਦਾ ਵਾਅਦਾ ਕੀਤਾ ਪਰ ਮਗਰੋਂ ਇਹ ਕਹਿ ਕੇ ਛਾਪਣ ਤੋਂ ਇਨਕਾਰ ਕਰ ਦਿੱਤਾ ਕਿ ਤੁਸੀਂ ਇਹ ਪੈਂਫਲਿਟ ਪਹਿਲਾਂ ਹੀ ਛਾਪ ਕੇ ਵੰਡ ਚੁੱਕੇ ਹੋ। ਹਾਲਾਂਕਿ ਇਸ ਪਰਚੇ ਨੇ ਪਹਿਲਾਂ ਛਪੀ ਕਿਤਾਬ 'ਜਿੱਥੇ ਪਾਸ਼ ਰਹਿੰਦਾ ਹੈ' ਵਿਚੋਂ ਇਕ ਕਾਂਡ ਛਾਪਿਆ, ਫਿਰ 'ਪੰਜਾਬੀ ਟ੍ਰਿਬਿਊਨ' ਵਿਚ ਛਪਿਆ ਇਸ ਕਿਤਾਬ ਦਾ ਰੀਵੀਊ ਛਾਪਿਆ। ਇੱਥੇ ਹੀ ਬੱਸ ਨਹੀਂ, ਪੱਤਰਕਾਰ ਕਰਮਜੀਤ ਸਿੰਘ ਵੱਲੋਂ ਰਾਹੀ ਨਾਲ ਕੀਤੀ ਉਚੇਚੀ ਇੰਟਰਵਿਊ ਵੀ ਛਾਪੀ ਜਿਹੜੀ ਪਹਿਲਾਂ ਅਜਮੇਰ ਸਿੰਘ ਦੇ ਵਿਚਾਰਧਾਰਕ ਸਾਥੀਆਂ ਦੇ ਮਾਸਿਕ ਪਰਚੇ 'ਦੇਸ ਪੰਜਾਬ' (ਜਲੰਧਰ) ਨੇ ਛਾਪੀ ਸੀ।

ਉਂਝ ਇਸ ਇੰਟਰਵਿਊ ਦਾ ਵੀ ਆਪਣਾ ਕਿੱਸਾ ਹੈ। ਇਸ ਇੰਟਰਵਿਊ ਦੇ ਸਾਰੇ ਸਵਾਲ-ਜਵਾਬ ਸਿਰਫ਼ ਇਕ ਨੁਕਤੇ ਉੱਤੇ ਖੜ੍ਹੇ ਹਨ ਕਿ ਪਾਸ਼ ਸਿੱਖ ਕਿਉਂ ਨਹੀਂ ਸੀ?, ਅਤੇ ਸਿੱਖ ਦੀ ਵੀ ਇਨ੍ਹਾਂ ਦੀ ਆਪਣੀ ਪਰਿਭਾਸ਼ਾ ਹੈ ਜਿਹੜੀ ਪਾਸ਼ ਦੇ ਉਨ੍ਹਾਂ ਖਿਆਲਾਂ ਤੋਂ ਉੱਕਾ ਹੀ ਵੱਖਰੀ ਹੈ ਜਿਹੜੇ ਉਸ ਨੇ 'ਐਂਟੀ '47 ਫਰੰਟ' ਦੇ ਪਰਚੇ ਵਿਚ ਪ੍ਰਗਟ ਕੀਤੇ। ਇਸ ਇੰਟਰਵਿਊ ਦਾ ਮਕਸਦ ਵੀ ਨਵੇਂ ਤੱਥਾਂ-ਨੁਕਤਿਆਂ ਦੀ ਭਾਲ ਵਿਚ ਮਿੱਟੀ ਫਰੋਲਣਾ ਨਹੀਂ ਬਲਕਿ ਰਾਹੀ ਦੀ ਕਿਤਾਬ ਵਾਂਗ ਸਿੱਧਾ ਪਾਸ਼ ਨੂੰ ਮੂਲੋਂ ਹੀ ਰੱਦ ਕਰਨਾ ਹੈ। ਇੰਟਰਵਿਊ ਦਾ ਰੰਗ ਦੱਸਦਾ ਹੈ ਕਿ ਇਹ ਵੀ ਕਿਤਾਬ ਵਾਂਗ ਸੋਚ-ਵਿਚਾਰ ਕੇ ਲਿਖੀ ਗਈ ਹੈ। ਇਸ ਇੰਟਰਵਿਊ ਬਾਰੇ ਇਕ ਹੋਰ ਅਹਿਮ ਤੱਥ ਇਉਂ ਹੈ:ਬਕੌਲ ਕਰਮਜੀਤ ਸਿੰਘ ਉਸਨੇ ਸਵਾਲ ਲਿਖ ਕੇ ਰਾਹੀ ਨੂੰ ਦੇ ਦਿੱਤੇ ਅਤੇ ਰਾਹੀ ਨੇ ਲਿਖ ਕੇ ਹੀ ਜਵਾਬ ਦਿੱਤੇ। ਬਕੌਲ ਰਾਜਿੰਦਰ ਰਾਹੀ ਸਵਾਲ-ਜਵਾਬ ਆਹਮੋ-ਸਾਹਮਣੇ ਬੈਠ ਕੇ ਕੀਤੇ ਗਏ।

ਇਨ੍ਹਾਂ ਗੱਲਾਂ ਨਾਲ ਭਾਵੇਂ ਬਹੁਤਾ ਫ਼ਰਕ ਤਾਂ ਨਹੀਂ ਪੈਂਦਾ ਪਰ ਇਸ ਤੋਂ ਇਹ ਕਨਸੋਅ ਜ਼ਰੂਰ ਮਿਲ ਜਾਂਦੀ ਹੈ ਕਿ ਇਸ ਸਾਰੀ ਯੋਜਨਾਬੰਦੀ ਪਿੱਛੇ ਕੁਝ ਨਾ ਕੁਝ ਤਾਂ ਜ਼ਰੂਰ ਚੱਲ ਰਿਹਾ ਸੀ ਜਿਸ ਦਾ ਇਕੋ-ਇਕ ਨਿਸ਼ਾਨਾ ਪਾਸ਼ ਨੂੰ 'ਸਿੱਖੀ ਦਾ ਗੁਨਾਹਗਾਰ' ਸਾਬਤ ਕਰਨਾ ਸੀ। ਉਂਝ ਉਨ੍ਹਾਂ ਦੀ ਇਹ ਯੋਜਨਾਬੰਦੀ ਅਮਰਜੀਤ ਚੰਦਨ ਦੇ ਪ੍ਰਸ਼ੰਸਾਮਈ ਰੀਵੀਊ ਨਾਲ ਵੀ ਸਿਰੇ ਨਹੀਂ ਲੱਗੀ ਅਤੇ ਆਖ਼ਰਕਾਰ ਖਿੱਲਰ-ਪੁੱਲਰ ਗਈ। ਇਸ ਦਾ ਇਕੋ-ਇਕ ਕਾਰਨ ਇਹੀ ਸੀ ਕਿ ਇਨ੍ਹਾਂ ਕੱਚੀਆਂ ਗੱਲਾਂ ਦਾ ਸੱਚ ਅੱਜ ਨਹੀਂ ਤਾਂ ਕੱਲ੍ਹ ਸਾਹਮਣੇ ਆਉਣਾ ਹੀ ਸੀ। ਇਕ ਗੱਲ ਹੋਰ ਵੀ ਹੈ ਜਿਸ ਤੋਂ ਇਸ 'ਪ੍ਰਾਜੈਕਟ' ਦੇ ਅਸਲ ਮਕਸਦ ਵੱਲ ਇਸ਼ਾਰਾ ਮਿਲਦਾ ਹੈ... ... ...ਕਰਮਜੀਤ ਸਿੰਘ ਦੇ ਆਪ ਹੀ ਦੱਸਣ ਮੁਤਾਬਕ ਇੰਟਰਵਿਊ ਦੇ ਦੋ ਸਵਾਲ ਤਾਂ ਉਹਨੇ ਕੀਤੇ ਹੀ ਨਹੀਂ ਸਨ!...ਜਵਾਬ ਦੇਣ ਵਾਲੇ ਵੱਲੋਂ ਆਪੇ ਜੋੜੇ ਇਹ ਦੋਵੇਂ ਸਵਾਲ ਅਤੇ ਇਨ੍ਹਾਂ ਦੇ ਜਵਾਬ ਥੋੜ੍ਹਾ ਧਿਆਨ ਮੰਗਦੇ ਹਨ। ਇਹ ਸਵਾਲ ਅਤੇ ਜਵਾਬ ਦੱਸਦੇ ਹਨ ਕਿ ਮਸਲਾ ਸਾਧਾਰਨ ਪੱਧਰ ਦਾ ਨਹੀਂ, ਬਲਕਿ ਬੜੀ ਲੰਮੀ ਸੋਚ ਦਾ ਕੋਈ ਤਾਣਾ-ਬਾਣਾ ਹੈ। ਸਵਾਲ ਹਨ:

*? ਪਰ ਨਾਗੀਰੈਡੀ ਨਕਸਲੀਆਂ ਨੇ ਆਪਣੇ ਦੋ ਪਰਚਿਆਂ ਦੇ ਨਾਂ 'ਜ਼ਫ਼ਰਨਾਮਾ' ਤੇ 'ਜੈਕਾਰਾ' ਰੱਖੇ ਹੋਏ ਸਨ।*

*? ਗੁਰਬੀਰ ਨੇ ਇਸ ਨਾਵਲ ਵਿਚ ਕਿਹਾ ਹੈ ਕਿ 'ਜੱਟ ਤੇ ਤਖਾਣ ਦੀ ਦੋਸਤੀ ਨਹੀਂ ਹੋ ਸਕਦੀ', ਕੀ ਇਹ ਵਿਚਾਰ ਜਾਤਪ੍ਰਸਤੀ ਨਹੀਂ ਫੈਲਾਉਂਦੇ?*

ਇਨ੍ਹਾਂ ਸਵਾਲਾਂ-ਜਵਾਬਾਂ ਦਾ ਸਿੱਧਾ ਸੰਬੰਧ ਅਜਮੇਰ ਸਿੰਘ ਅਤੇ ਉਸ ਦੀ ਸਿਆਸਤ ਨਾਲ ਹੈ। ਦੋਹਾਂ ਵਿਚ ਹੀ ਉਹ ਆਪਣੇ ਵੱਲੋਂ ਸਫ਼ਾਈ ਪੇਸ਼ ਕਰ ਰਿਹਾ ਹੈ। ਇਹ ਨੁਕਤੇ ਐਨ ਸਪਸ਼ਟ ਕਰਦੇ ਹਨ ਕਿ ਇਹ ਸਾਰਾ ਕੁਝ ਕਿਸੇ ਖਾਸ ਮਕਸਦ ਤਹਿਤ ਅਤੇ ਪੂਰੀ ਯੋਜਨਬੰਦੀ ਨਾਲ ਕੀਤਾ ਗਿਆ।...

ਹੁਣ ਸਵਾਲ ਤਾਂ ਇਹ ਹੈ ਕਿ ਅਜਮੇਰ ਸਿੰਘ ਉਰਫ਼ ਗੁਬਿੰਦਰ ਸਿੰਘ ਉਰਫ਼ ਸੁਰਿੰਦਰ ਸਿੰਘ, ਪਾਸ਼ ਅਤੇ ਨਕਸਲੀ ਲਹਿਰ ਖ਼ਿਲਾਫ਼ 'ਸਿਧਾਂਤਕ ਲੜਾਈ' ਲੁਕ ਕੇ ਰਾਜਿੰਦਰ ਰਾਹੀ ਵਰਗੇ ਸਾਧਾਰਨ ਬੰਦਿਆਂ ਰਾਹੀਂ ਕਿਉਂ ਲੜ ਰਿਹਾ ਹੈ? ਮੁਲਾਕਾਤ ਦੌਰਾਨ ਰਾਜਿੰਦਰ ਰਾਹੀ ਪੁੱਛੇ ਸਵਾਲਾਂ ਦੇ ਜਵਾਬ ਤਕ ਨਾ ਦੇ ਸਕਿਆ ਬਲਕਿ ਉਸ ਨੂੰ ਤਾਂ ਇਨ੍ਹਾਂ ਸਵਾਲਾਂ-ਜਵਾਬਾਂ ਦੀ ਮਾਰ ਦਾ ਵੀ ਇਲਮ ਨਹੀਂ ਸੀ। ਉਸ ਦੀ ਇਕ ਹੀ ਰਟ ਸੀ-ਪਾਸ਼ ਸਥਾਪਤੀ ਦੇ ਹੱਕ ਵਿਚ ਭੁਗਤਿਆ, ਬੱਸ। ਇਸ ਲਈ ਇਸ ਗੱਲ ਦਾ

ਕੋਈ ਮਤਲਬ ਹੈ ਕਿ ਰਾਹੀ ਦੀ ਕਿਤਾਬ ਵਿਚ ਸਿਰਫ਼ ਅਜਮੇਰ ਸਿੰਘ ਦਾ ਨਾਂ ਹੀ ਫ਼ਰਜ਼ੀ ਹੈ। ਪਹਿਲਾਂ ਰਾਜਿੰਦਰ ਰਾਹੀ ਮੰਨਿਆਂ ਹੀ ਨਹੀਂ ਕਿ ਗੁਰਬੀਰ ਸਿੰਘ ਨਾਂ ਦਾ ਇਹ ਪਾਤਰ ਅਸਲ ਵਿਚ ਅਜਮੇਰ ਸਿੰਘ ਹੀ ਹੈ। ਉਸ ਨੂੰ ਪਤਾ ਹੀ ਨਹੀਂ ਸੀ ਕਿ ਇਹ ਮੁੱਦਾ ਅਤੇ ਇਹ ਗੱਲ ਤਾਂ ਬਹੁਤ ਅਗਾਂਹ ਤਕ ਜਾਣੀ ਹੈ। ਬਾਅਦ ਵਿਚ ਜਦੋਂ ਜ਼ੋਰ ਪਿਆ ਤਾਂ ਉਹ ਮੰਨ ਵੀ ਗਿਆ ਕਿ ਗੁਰਬੀਰ ਦਰਅਸਲ ਅਜਮੇਰ ਸਿੰਘ ਹੀ ਹੈ।...ਫਿਰ ਕਿਤੇ ਇਹ ਗੱਲ ਤਾਂ ਨਹੀਂ ਕਿ ਨਕਸਲੀ ਹੁੰਦਿਆਂ ਅਜਮੇਰ ਸਿੰਘ ਅਤੇ ਉਹਦੀ ਅਗਵਾਈ ਵਾਲੀ ਜਥੇਬੰਦੀ ਨੇ ਖਾਲਸਤਾਨ ਬਾਰੇ ਕੁਝ ਅਜਿਹੇ ਪੈਂਤੜੇ ਮੱਲੇ ਸਨ ਜੋ ਉਸ ਦੇ ਹੁਣ ਵਾਲੇ ਖਾਲਸਤਾਨੀ ਪੈਂਤੜਿਆਂ ਨਾਲ ਉੱਕਾ ਹੀ ਮੇਲ ਨਹੀਂ ਖਾਂਦੇ ਬਲਕਿ ਕਈ ਕਿਸਮ ਦੇ ਗੰਭੀਰ ਸਵਾਲ ਖੜ੍ਹੇ ਕਰਦੇ ਹਨ। ਉਦੋਂ ਉਹਦੀ ਜਥੇਬੰਦੀ ਨਾਲ ਸੰਬੰਧਤ 'ਕਮਿਊਨਿਸਟ ਯੂਥ ਲੀਗ', ਜਿਸ ਨੇ ਆ ਰਹੇ ਇਨਕਲਾਬ ਵਿਚ ਮੁਹਰੈਲ ਭੂਮਿਕਾ ਨਿਭਾਉਣੀ ਸੀ, ਵੱਲੋਂ ਛਾਪੇ ਪੈਂਫਲਿਟ ਵਿਚ ਖਾਲਸਤਾਨੀਆਂ ਬਾਬਤ ਦਰਜ ਖਿਆਲ ਇਸ ਤਰ੍ਹਾਂ ਹਨ:

*"ਖਾਲਸਤਾਨ ਦੇ ਚਾਹਵਾਨ ਸਿੱਖ ਜਨੂੰਨੀਆਂ ਦਾ, ਪਿਛਲੇ ਸਮੁੱਚੇ ਅਰਸੇ ਦੌਰਾਨ ਕਿਸੇ ਵੀ ਕੌਮੀ ਜਾਂ ਜਮਾਤੀ ਪ੍ਰੋਗਰਾਮ ਦੀ ਅਣਹੋਂਦ ਵਿਚ ਰੋਲ ਪੂਰੀ ਤਰ੍ਹਾਂ ਤੇ ਸਿਰੇ ਦਾ ਫ਼ਿਰਕੂ ਰਿਹਾ ਹੈ। ਤੇ ਅਸਲ 'ਚ ਆਪਣੀ ਸਾਰੀ ਲੜਾਈ ਇਨ੍ਹਾਂ ਨੇ ਫ਼ਿਰਕੂ ਪੈਂਤੜੇ ਤੋਂ ਦਿੱਤੀ ਹੋਣ ਕਰਕੇ ਇਹ ਹਾਕਮ ਜਮਾਤਾਂ ਦੇ ਲੁਟੇਰੇ ਰਾਜ ਨੂੰ ਕਾਇਮ ਰੱਖਣ ਦਾ ਸੰਦ ਹੀ ਬਣੇ ਹਨ।...ਸੋ ਅੱਜ ਨਵਜਮਹੂਰੀ ਇਨਕਲਾਬ ਲਈ ਜ਼ਰੂਰੀ ਤੇ ਅੱਤ ਜ਼ਰੂਰੀ ਹੈ ਕਿ ਪੰਜਾਬ ਦੀ ਇਸ ਸਮਾਜੀ ਸਿਆਸੀ ਸਮੱਸਿਆ ਨੂੰ ਇੰਨ ਬਿੰਨ ਇਸੇ ਤਰ੍ਹਾਂ ਉਭਾਰਦਿਆਂ ਪੰਜਾਬੀਆਂ (ਨਾ ਕਿ 'ਕੱਲੇ ਸਿੱਖਾਂ-ਸਿੱਖ ਕੋਈ ਕੌਮ ਨਹੀਂ) ਦੀਆਂ ਸਮੂਹਕ ਤੇ ਜਾਇਜ਼ ਮੰਗਾਂ ਦੀ ਡਟਵੀਂ ਹਿਮਾਇਤ ਕੀਤੀ ਜਾਵੇ।"*

ਇਸ 'ਜਨੂੰਨ', 'ਫ਼ਿਰਕੂ ਪੈਂਤੜੇ' ਅਤੇ 'ਹਾਕਮ ਜਮਾਤਾਂ ਦੇ ਲੁਟੇਰੇ ਰਾਜ ਨੂੰ ਕਾਇਮ ਰੱਖਣ ਦਾ ਸੰਦ' ਬਣੇ ਵਰਤਾਰੇ ਨੂੰ ਹੁਣ ਅਜਮੇਰ ਸਿੰਘ 'ਅਦੁੱਤੀ ਵਰਤਾਰਾ' ਕਹਿ ਰਿਹਾ ਹੈ। ਅਜਮੇਰ ਸਿੰਘ ਦੀ ਇਸ ਸਮਝ (?) ਅਤੇ ਮਜਬੂਰੀ (?) ਬਾਰੇ ਪਾਠਕ ਹੁਣ ਆਪੇ ਫ਼ੈਸਲਾ ਕਰ ਸਕਦੇ ਹਨ!

ਨਵੇਂ ਬਣੇ ਸਿੱਖ ਚਿੰਤਕ ਅਜਮੇਰ ਸਿੰਘ ਨੂੰ ਹੁਣ ਦਿਸਦੇ ਇਸ 'ਅਦੁੱਤੀ ਵਰਤਾਰੇ' ਦੀ ਹਲਕੀ ਜਿਹੀ ਝਲਕ ਇਉਂ ਹੈ:11 ਅਪਰੈਲ 1984 ਨੂੰ 'ਚੰਗਿਆੜੀ' ਦੇ ਸੰਪਾਦਕ ਸੁਖਰਾਜ ਖੱਦਰ ਨੂੰ ਘਰੇ ਗੋਲੀਆਂ ਮਾਰ ਦਿੱਤੀਆਂ। ਅਗਲੇ ਦਿਨ ਸੁਖਰਾਜ ਦੀ ਹਸਪਤਾਲ ਵਿਚ ਮੌਤ। ਅਜਿਹੀਆਂ ਹੋਰ ਵੀ ਘਟਨਾਵਾਂ ਹਨ ਜਿਨ੍ਹਾਂ ਦੇ ਆਧਾਰ ਉੱਤੇ ਹੀ ਪਾਸ਼ ਨੇ ਇਨ੍ਹਾਂ ਜਨੂੰਨੀਆਂ ਨੂੰ 'ਸਾਧ ਦੇ ਬੁਸ਼ਕਾਰੇ ਹੋਏ ਟੋਲੇ' ਲਿਖਿਆ ਸੀ।...ਪਾਸ਼ ਦੇ ਸ਼ਬਦਾਂ ਵਿਚ ਕਿੰਨੀ ਸਚਾਈ ਸੀ!

ਇਨ੍ਹਾਂ ਜਨੂੰਨੀਆਂ ਦੀ ਸਟੇਟ ਖ਼ਿਲਾਫ਼ ਲੜਾਈ ਦੀ ਮਿਸਾਲ ਇਉਂ ਹੈ:ਆਪਣੇ ਇਲਾਕੇ ਵਿਚ ਨਿਰੋਲ ਲੋਕਾਂ ਦੇ ਹੱਕ ਵਿਚ ਖੜ੍ਹਨ ਵਾਲੇ ਨੌਜਵਾਨ ਬਲਦੇਵ ਸਿੰਘ ਮਾਨ (33 ਸਾਲ) ਦਾ 26 ਸਤੰਬਰ 1986 ਨੂੰ ਕਤਲ।...ਉਸ ਦੀ ਯਾਦ ਵਿਚ ਗੇਟ ਦੀ ਉਸਾਰੀ ਕਰਵਾ ਰਹੇ ਬਲਵੰਤ ਸਿੰਘ (55 ਸਾਲ) ਦਾ 2 ਫ਼ਰਵਰੀ 1987 ਨੂੰ ਕਤਲ। ਮਾਰਚ 18, 1990 ਨੂੰ ਹਰਦੇਵ ਬੱਬੂ ਦਾ ਕਤਲ। ਪਿੰਡ ਸ਼ਹਿਬਾਜ਼ ਪੁਰ ਦੇ ਹਰਦੇਵ ਬੱਬੂ ਵਾਲੀ ਇਹ ਘਟਨਾ ਰਤਾ ਕੁ ਵੱਧ ਵੇਰਵੇ ਮੰਗਦੀ ਹੈ। ਖਾਲਸਤਾਨੀ, ਕਾਮਰੇਡਾਂ ਦੇ ਪਰਿਵਾਰਾਂ ਵਾਲੇ ਵਿਦਿਆਰਥੀਆਂ ਨੂੰ ਪੇਪਰ ਨਹੀਂ ਸੀ ਦੇਣ ਦਿੰਦੇ। ਹਰਦੇਵ ਬੱਬੂ ਇਕ ਦਿਨ ਆਪਣੇ ਭਰਾ ਦਾ ਪੇਪਰ ਦਿਵਾਉਣ ਲੈ ਕੇ ਜਾ ਰਿਹਾ ਰਿਹਾ ਸੀ ਕਿ ਖਾਲਸਤਾਨੀਆਂ ਨੇ ਹਮਲਾ ਕਰ ਦਿੱਤਾ। ਬੱਬੂ ਦੇ ਤੁਰੰਤ ਜਵਾਬੀ ਹਮਲੇ ਵਿਚ ਖਾਲਸਤਾਨੀਆਂ ਦਾ ਲੀਡਰ ਕੁਲਦੀਪ ਸਿੰਘ ਕੀਪਾ ਮਾਰਿਆ ਗਿਆ। ਪਿੱਛੋਂ ਹੋਏ ਹਰ ਹਮਲੇ ਨੂੰ ਕਾਮਰੇਡ ਨੇ ਪਛਾੜ ਸੁੱਟਿਆ। ਫਿਰ ਖਾਲਸਤਾਨੀਆ ਨੇ ਇਲਾਕੇ ਦੇ ਇਕ ਥਾਣੇਦਾਰ ਦੀ ਕੁੜੀ ਨੂੰ ਦਿੱਲੀ ਦੀ ਪੱਤਰਕਾਰ ਬਣਾ ਕੇ ਕਾਮਰੇਡ ਕੋਲ ਭੇਜਿਆ ਕਿ ਇਸ ਇਲਾਕੇ ਵਿਚ ਖਾਲਸਤਾਨੀਆਂ ਨਾਲ ਲੋਹਾ ਲੈ ਰਹੇ ਕਾਮਰੇਡਾਂ ਨੂੰ ਮਿਲਣਾ ਹੈ। ਕਾਮਰੇਡ ਨੇ ਇਸ ਕੁੜੀ ਨੂੰ ਕਈ ਕਾਮਰੇਡਾਂ ਨਾਲ ਮਿਲਾਇਆ। ਇਕ ਦਿਨ ਯੋਜਨਾ ਮੁਤਾਬਕ ਕੁੜੀ ਨੇ ਕਾਮਰੇਡ ਨੂੰ ਖਾਲਸਤਾਨੀਆਂ ਦੇ ਹਵਾਲੇ ਕਰ ਦਿੱਤਾ। ਖਾਲਸਤਾਨੀ ਕਾਮਰੇਡ ਦਾ ਸਿਰ ਪਿੰਡ ਟੰਗ ਕੇ ਗਏ ਸਨ ਅਤੇ



'ਅਦੁੱਤੀ ਵਰਤਾਰੇ' ਦੀਆਂ ਇਹ ਕਾਰਵਾਈਆਂ
ਉਸ ਦੀ ਦੇਹ ਗੋਲੀਆਂ ਨਾਲ ਵਿੰਨ੍ਹੀ ਪਈ ਸੀ। ਇਹ ਸਟੇਟ ਖ਼ਿਲਾਫ਼ ਕਿਸ ਤਰ੍ਹਾਂ
ਖਾਲਸਤਾਨੀਆਂ ਦੇ ਜ਼ੋਰ ਵਾਲੇ ਇਲਾਕੇ ਹਰਸ਼ਾ ਛੀਨਾ ਦੀਆਂ ਹਨ। ਇਹ ਡਰਾਉਣ ਵਾਲੀ ਗੱਲ
ਦੀ ਲੜਾਈ ਸੀ? ਇਕੋ-ਇਕ ਮਕਸਦ ਲੋਕਾਂ ਨੂੰ ਡਰਾਉਣਾ ਹੀ ਸੀ।
ਅਜਮੇਰ ਸਿੰਘ ਆਪ ਲਿਖ ਕੇ ਮੰਨ ਚੁੱਕਾ ਹੈ।
ਪਹਿਲਾਂ ਉਨ੍ਹਾਂ ਧਿਰਾਂ ਦੀ ਨਿਸ਼ਾਨਦੇਹੀ

ਸਟੇਟ ਨਾਲ ਲੜਾਈ ਛੇੜਨ ਵਾਲੀ ਧਿਰ ਸਭ ਤੋਂ ਹਮਾਇਤ ਹਾਸਲ ਕਰ ਸਕਦੀ ਹੈ।
ਕਰਦੀ ਹੈ ਕਿ ਉਹ ਹੋਰ ਕਿਹੜੇ-ਕਿਹੜੇ ਪਾਸਿਆਂ ਅਤੇ ਧਿਰਾਂ ਤੋਂ ਭਿੰਡਰਾਂਵਾਲਾ ਆਪ ਤਾਂ ਇੰਦਰਾ
ਖਾਲਸਤਾਨੀਆਂ ਨੂੰ ਨਿੱਤ ਮੱਤਾਂ ਦਿੰਦੇ ਜਸਵੰਤ ਸਿੰਘ ਕੰਵਲ ਮੁਤਾਬਕ ਸਾਰਿਆਂ ਦੇ ਨਾਂ-ਕੁਨਾਂ ਧਰਦਾ ਸੀ
ਗਾਂਧੀ ਨਾਲ ਸਟੇਜਾਂ ਸਾਂਝੀਆਂ ਕਰਦਾ ਰਿਹਾ। ਭਾਸ਼ਣਾਂ ਵਿਚ ਉਹ ਉਹਨੇ ਫਿਰ ਕਿਹੜੇ
ਪਰ ਇੰਦਰਾ ਗਾਂਧੀ ਉਹਦੇ ਲਈ 'ਇੰਦਰਾ ਭੈਣ' ਅਤੇ 'ਬੀਬੀ ਇੰਦਰਾ' ਹੀ ਸੀ। ਆਪਣੇ ਪਰਚੇ
ਸਟੇਟ ਖ਼ਿਲਾਫ਼ ਲੜਨਾ ਸੀ? ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਲੀਡਰ ਅਮਰੀਕ ਸਿੰਘ ਉਨ੍ਹਾਂ ਦੇ ਸੰਘਰਸ਼ ਦੇ
'ਸ਼ਮਸ਼ੀਰ ਦਸਤ' ਵਿਚ ਲਿਖਦਾ ਹੁੰਦਾ ਸੀ ਕਿ ਕਮਿਊਨਿਸਟ ਅਤੇ ਨਾਸਤਕ ਉੱਤੇ ਖਾਲਸਤਾਨੀਆਂ
ਰਾਹ ਦਾ ਮੁੱਖ ਰੋੜਾ ਹਨ। ਅਜਮੇਰ ਸਿੰਘ ਕਮਿਊਨਿਸਟਾਂ, ਖਾਸ ਕਰ ਨਕਸਲੀਆਂ ...ਉਪਰ
ਅਤੇ ਸਟੇਟ ਵਿਚਕਾਰ ਚੱਲ ਰਹੀ ਲੜਾਈ (?) ਨੂੰ ਆਪਣੇ ਗਲ਼ ਪਾਉਣ ਦੀ ਗੱਲ ਕਰਦਾ ਹੈ। ਇਹ ਉਹੀ ਧੜਾ ਹੈ ਜਿਸ
ਕਤਲ ਕੀਤੇ ਕਮਿਊਨਿਸਟਾਂ ਦਾ ਸੰਬੰਧ ਚੰਦਰ ਪੂਲਾਰੈਡੀ ਧੜੇ ਨਾਲ ਸੀ। ਪਰ ਖਾਲਸਤਾਨੀਆਂ ਨੇ
ਨੇ ਖਾਲਸਤਾਨੀਆਂ ਨਾਲ ਸਭ ਤੋਂ ਤਿੱਖਾ ਵਿਚਾਰਧਾਰਕ ਘੋਲ ਚਲਾਇਆ ਨਕਸਲੀਆਂ ਦਾ ਲਿਬਰੇਸ਼ਨ
ਸੰਜੀਦਾ ਸੰਵਾਦ ਚਲਾਉਣ ਦੀ ਥਾਂ ਗੋਲ਼ੀਆਂ-ਬੰਦੂਕਾਂ ਨਾਲ ਗੱਲ ਕੀਤੀ। ਸਗੋਂ ਇਸ ਧੜੇ
ਧੜਾ ਤਾਂ ਖਾਲਸਤਾਨੀਆਂ ਨਾਲ ਕਿਸੇ ਵੀ ਤਰ੍ਹਾਂ ਦੇ ਟਕਰਾਅ ਵਿਚ ਨਹੀਂ ਸੀ ਪਿਆ। ਉੱਤੇ ਪੁਲੀਸ ਜਬਰ ਦਾ
ਦੇ ਚੋਟੀ ਦੇ ਲੀਡਰ ਹਾਕਮ ਸਿੰਘ ਸਮਾਓਂ ਨੇ ਤਾਂ ਖਾਲਸਤਾਨੀ ਪੱਖੀਆਂ ਲੀਡਰ ਅਤੇ ਨਕਸਲੀ
ਜ਼ਬਰਦਸਤ ਵਿਰੋਧ ਵੀ ਕੀਤਾ। ਪਰ ਖਾਲਸਤਾਨੀਆਂ ਨੇ ਇਸ ਧੜੇ ਦੇ ਚੋਟੀ ਦੇ ਕਮਿਊਨਿਸਟਾਂ ਨੂੰ ਰਾਹ ਦੇ
ਦੌਰ ਦੇ ਮੋਢੀ ਕਾਰਕੁਨ ਅਮਰ ਸਿੰਘ ਅੱਚਰਵਾਲ ਨੂੰ ਵੀ ਮਾਰ ਸੁੱਟਿਆ। ਉਸ ਦੇ ਧੜੇ ਨੂੰ ਹੁਣ ਸਾਬਕਾ
ਰੋੜੇ ਸਮਝਣ ਵਾਲੇ ਇਹਨਾਂ ਜਨੂੰਨੀਆਂ ਯਾਨੀ ਦਲਜੀਤ ਸਿੰਘ ਬਿੱਟੂ ਤੇ ਜੋ ਸਟੇਟ ਦੇ ਖਿਲਾਫ ਮੁਹਿੰਮ ਚਲਾਉਣ
ਨਕਸਲੀ ਅਜਮੇਰ ਸਿੰਘ ਵਿਚਾਰਧਾਰਕ ਅਗਵਾਈ ਦੇ ਰਿਹਾ ਹੈ, ਵਿਚ ਗਾਲ਼ ਕੇ ਅਜਮੇਰ ਸਿੰਘ ਹੁਣ
ਦੀ ਗੱਲ ਕਰ ਰਹੇ ਹਨ। ਸਾਰੀ ਉਮਰ ਕਮਿਊਨਿਸਟਾਂ ਦੇ ਵਿਹੜੇ
ਬੱਸ ਇੰਨੇ ਕੁ ਜੋਗਾ ਹੀ ਰਹਿ ਗਿਆ ਹੈ।
ਹੋਈ ਤਾਂ ਉਸ

ਪਾਸ਼ ਦੇ ਮਿੱਤਰ ਸ਼ਮਸ਼ੇਰ ਸੰਧੂ ਨੂੰ ਇੰਟਰਵਿਊ ਦੇ ਬਣਾਉਟੀਪੁਣੇ ਬਾਰੇ ਖ਼ਬਰ ਘੱਟੋ-ਘੱਟ ਕਰਮਜੀਤ ਤੋਂ
ਕਿਹਾ,"ਇਹ ਤਾਂ ਯਾਰ ਕੋਈ ਗੱਲ ਨਾ ਹੋਈ। ਸਾਰੇ ਰਲ ਕੇ ਖੇਡ ਰਹੇ ਹਨ। ਵਾਲੇ ਸਾਰੇ ਦੇ ਸਾਰੇ
ਇਹ ਆਸ ਨਹੀਂ ਸੀ।" ਬਾਅਦ ਵਿਚ ਤਾਂ ਸਪਸ਼ਟ ਹੀ ਹੋ ਗਿਆ ਕਿ ਇੰਟਰਵਿਊ ਰਾਹੀ ਇਸ
ਸਵਾਲਾਂ ਦੇ ਜਵਾਬ ਰਾਜਿੰਦਰ ਰਾਹੀ ਨੇ ਨਹੀਂ ਸਗੋਂ ਖੁਦ ਅਜਮੇਰ ਸਿੰਘ ਨੇ ਲਿਖੇ ਹਨ। ਪ੍ਰਭਾਵਤ ਬਹੁਤ ਹੈ।
ਬਾਬਤ ਸਿਰਫ਼ ਇੰਨਾ ਕਹਿ ਕੇ ਪੱਲਾ ਝਾੜ ਗਿਆ ਕਿ ਉਹ ਅਜਮੇਰ ਸਿੰਘ ਤੋਂ ਅਤੇ ਦੀਪ ਕਲੇਰ ਨੂੰ
ਇਕ ਹੋਰ ਗੱਲ ਇਹ ਕਿ ਰਾਹੀ ਨੇ ਆਪਣੀ ਕਿਤਾਬ ਦੇ ਪਰੂਫ਼ ਪਰਮਜੀਤ ਦੇਹਲ ਪਾਸ਼ ਨਾਲ ਜੋੜੀ ਸ੍ਰੀ
ਪੜ੍ਹਾਏ ਸਨ। ਇਨ੍ਹਾਂ ਪਰੂਫ਼ਾਂ ਵਿਚ ਜਸਵੰਤ ਖਟਕੜ ਮੂੰਹੋਂ ਕਢਾਈਆਂ ਗਾਲ਼ਾਂ, ਹੈ ਹੀ ਨਹੀਂ ਸੀ।
ਅਕਾਲ ਤਖ਼ਤ ਵਾਲੀ ਗੱਲ ਅਤੇ ਗੁਰਬੀਰ ਸਿੰਘ (ਅਜਮੇਰ ਸਿੰਘ) ਵਾਲਾ ਹਿੱਸਾ ਨਿਕਲੇ ਅਜਮੇਰ ਸਿੰਘ

ਸੱਤਰਵਿਆਂ ਵਿਚ ਹੋਰ ਇਨਕਲਾਬੀਆਂ ਵਾਂਗ ਇਨਕਲਾਬ ਲਿਆਉਣ ਅਤੇ ਉਸ ਦੀ ਸਿਆਸਤ
ਨੂੰ ਅੱਜਕੱਲ ਪੰਜਾਬ ਦੇ ਹਰ ਮਸਲੇ ਦਾ ਹੱਲ ਜਰਨੈਲ ਸਿੰਘ ਭਿੰਡਰਾਂਵਾਲਾ ਉਸਦਾ ਖ਼ੁਲਾਸਾ ਹੈ ਕਿ
ਵਿਚ ਦਿਸਦਾ ਹੈ। ਇੰਟਰਵਿਊ ਵਿਚ ਵੀ ਉਸ ਦਾ ਜ਼ੋਰ ਸਿੱਖੀ ਉੱਤੇ ਹੀ ਹੈ। ਇੰਟਰਵਿਊ ਵਿਚ
ਉਹ ਨਕਸਲੀ ਹੁੰਦਿਆਂ ਵੀ ਸੰਘਰਸ਼ ਦਾ ਆਧਾਰ ਸਿੱਖੀ ਨੂੰ ਮਿਥਦਾ ਰਿਹਾ ਹੈ। ਵੀ ਸਿੱਖੀ ਵੱਲ
ਉਹ ਨਕਸਲੀਆਂ ਦੇ ਨਾਗੀ ਰੈਡੀ ਧੜੇ ਵਿਚ 1982 ਵਿਚ ਪਈ ਫੁੱਟ ਦਾ ਆਧਾਰ ਜਿਹੜੀ ਅਜਮੇਰ ਸਿੰਘ
ਪਹੁੰਚ ਨੂੰ ਹੀ ਦੱਸਦਾ ਹੈ ਜੋ ਦਰੁਸਤ ਨਹੀਂ। ਉਸ ਤੋਂ ਅਗਲੀ ਫੁੱਟ-ਦਰ-ਫੁੱਟ ਅਜਮੇਰ ਸਿੰਘ ਦੀ ਜੱਥੇਬੰਦੀ
ਵਾਲੇ ਧੜੇ ਵਿਚ ਪਈ, ਵਿਚੋਂ ਕਿਸੇ ਦਾ ਆਧਾਰ ਵੀ ਸਿੱਖੀ ਨਹੀਂ ਸੀ।

ਦੇ ਦਸਤਾਵੇਜ਼ਾਂ ਵਿਚ ਸਪਸ਼ਟ ਲਿਖਿਆ ਹੋਇਆ ਹੈ ਕਿ ਸਿੱਖ ਕੋਈ ਕੌਮ ਨਹੀਂ। ਕੌਮ ਵਾਲੇ ਨੁਕਤੇ ਤੋਂ ਗੱਲ ਸਿਰਫ਼ ਪੰਜਾਬੀ ਕੌਮ ਦੀ ਹੀ ਹੋ ਸਕਦੀ ਹੈ।

ਨਾਗੀ ਰੈਡੀ ਧੜੇ ਵਿਚ 1982 ਦੀ ਫੁੱਟ ਤੋਂ ਬਾਅਦ ਉਸਨੇ ਪੰਜਾਬ ਸਟੂਡੈਂਟਸ ਯੂਨੀਅਨ ਅਤੇ ਭਾਰਤ ਨੌਜਵਾਨ ਸਭਾ ਭੰਗ ਕਰਕੇ ਕਮਿਊਨਿਸਟ ਯੂਥ ਲੀਗ ਬਣਾਈ ਸੀ। ਖ਼ਿਆਲ ਇਹ ਪੇਸ਼ ਕੀਤਾ ਸੀ ਕਿ ਹੁਣ ਆਰਥਿਕਵਾਦੀ ਘੋਲਾਂ ਦੀ ਥਾਂ ਸਿੱਧਾ ਇਨਕਲਾਬ ਦੀ ਲੜਾਈ ਵਿੱਢੀ ਜਾਵੇ। ਫਿਰ ਬਾਅਦ ਵਿਚ ਜਦੋਂ ਕੌਮੀਅਤਾਂ ਦੀ ਲੜਾਈ ਨੂੰ ਭਾਰਤ ਦੀ ਮੁੱਖ ਵਿਰੋਧਤਾਈ ਮਿਥਿਆ ਤਾਂ ਉਹਦੇ ਕੋਲੋਂ ਕਮਿਊਨਿਜ਼ਮ ਦੀ ਤੰਦ ਹੌਲੀ- ਹੌਲੀ ਛੁੱਟਦੀ-ਛੁੱਟਦੀ ਛੁੱਟ ਗਈ। ਕੌਮੀਅਤਾਂ ਦਾ ਪ੍ਰਸੰਗ ਤਾਂ ਕਮਿਊਨਿਜ਼ਮ ਨਾਲ ਜੁੜ ਕੇ ਬਣਨਾ ਸੀ। ਉਹਨੇ ਪਹਿਲਾਂ-ਪਹਿਲ ਟੇਕ ਵੀ ਇਹੀ ਰੱਖੀ ਸੀ ਪਰ ਜਿਸ ਤਰ੍ਹਾਂ ਇਕ ਸ਼ਾਇਰ ਨੇ ਫ਼ਰਮਾਇਆ ਹੈ: *'ਪਹੁੰਚੀ ਵਹੀਂ ਪੇ ਖ਼ਾਕ ਜਹਾਂ ਕਾ ਖ਼ਮੀਰ ਥਾ'* ਉਹ ਆਖ਼ਰਕਾਰ ਸੰਤ ਭਿੰਡਰਾਂਵਾਲੇ ਦੇ ਚਰਨਾਂ ਵਿਚ ਜਾ ਬਿਰਾਜਿਆ।

ਗੌਲਣ ਵਾਲੀ ਗੱਲ ਇਹ ਵੀ ਹੈ ਕਿ ਅਜਮੇਰ ਸਿੰਘ ਉਰਫ਼ ਗੁਬਿੰਦਰ ਸਿੰਘ ਨੂੰ ਨਵਾਂ ਇਸ਼ਟ ਰਾਤੋ-ਰਾਤ ਥਿਆਇਆ। ਨਹੀਂ ਤਾਂ 1986 ਤਕ ਉਹ ਭਿੰਡਰਾਂਵਾਲੇ ਦੇ ਪੈਰੋਕਾਰਾਂ ਲਈ ਖਾਲਸਤਾਨੀ ਦਹਿਸ਼ਤਗਰਦ ਸ਼ਬਦ ਆਪ ਵਰਤਦਾ ਸੀ। ਫਿਰ ਕਹਿਣਾ ਸ਼ੁਰੂ ਕੀਤਾ ਕਿ ਖਾਲਸਤਾਨੀਆਂ ਦੀਆਂ ਕਾਰਵਾਈਆਂ ਕੌਮੀਅਤ ਦੀ ਅਸਲ ਲੜਾਈ ਦਾ ਵਿਗੜਿਆ ਰੂਪ ਹੈ। ...ਬਾਅਦ ਵਿਚ ਆ ਕੇ ਜਦੋਂ ਖਾਲਸਤਾਨ ਦੀ ਹਿਮਾਇਤ ਕੀਤੀ, ਉਦੋਂ ਤਕ ਖਾਲਸਤਾਨੀਆਂ ਦੀਆਂ ਆਪਣੀਆਂ ਕਰਤੂਤਾਂ ਕਾਰਨ ਇਹ ਨਿਘਾਰ ਵੱਲ ਲਹਿ ਚੁੱਕੀ ਸੀ। ਸਾਲ 1992 ਤਕ ਤਾਂ ਉਹਦੀ ਟੇਕ ਵੀ ਜਮਾਤੀ ਸੰਘਰਸ਼ ਉੱਤੇ ਹੀ ਸੀ ਪਰ ਸੋਵੀਅਤ ਯੂਨੀਅਨ ਢਹਿ-ਢੇਰੀ ਹੋਣ ਤੋਂ ਬਾਅਦ ਉਸਨੇ ਕੌਮਾਂਤਰੀਵਾਦ ਤੋਂ ਸਿੱਧਾ ਧਰਮ ਆਧਾਰਤ ਸਿਆਸਤ ਨਾਲ ਨਾਤਾ ਜੋੜ ਲਿਆ।

ਭਿੰਡਰਾਂਵਾਲੇ ਦੀ ਸੌੜੀ ਸਿਆਸਤ ਦੀ ਚਰਚਾ ਤੋਰਨ ਦੀ ਤਾਂ ਹੁਣ ਕੋਈ ਗੰਜਾਇਸ਼ ਨਹੀਂ। ਇਸ ਉੱਤੇ ਉਡਦੀ ਨਜ਼ਰੇ ਝਾਤ ਡਾ. ਪਰੇਮ ਸਿੰਘ ਦੇ 'ਪੰਜਾਬੀ ਟ੍ਰਿਬਿਊਨ' ਵਿਚ ਛਪੇ ਲੇਖ 'ਭਿੰਡਰਾਂਵਾਲੇ ਨਾਲ ਇਕ ਮੁਲਾਕਾਤ' ਤੋਂ ਮਿਲ ਜਾਵੇਗੀ। ਇਸ ਵਿਚ ਜ਼ਿਕਰ ਹੈ ਕਿ ਉਹ (ਭਿੰਡਰਾਂਵਾਲਾ) ਗ਼ੈਰ-ਅੰਮ੍ਰਿਤਧਾਰੀ ਨਾਲ ਹੱਥ ਮਿਲਾਉਣ ਤੋਂ ਵੀ ਇਨਕਾਰੀ ਸੀ। ਆਮ ਸਿੱਖਾਂ ਬਾਰੇ ਉਸ ਦੀ ਪਹੁੰਚ ਇਸ ਸਤਰ ਤੋਂ ਵੀ ਸਪਸ਼ਟ ਹੋ ਜਾਂਦੀ ਹੈ:"ਮੈਂ ਦਿੱਲੀ ਦੇ ਸਿੱਖਾਂ ਨੂੰ ਕੀ ਕਰਾਂ, ਉਹ ਮੇਰੇ ਲਈ ਕੀ ਕਰਦੇ ਹਨ?" ਭਿੰਡਰਾਂਵਾਲੇ ਦੇ ਇਸ ਜਵਾਬ ਦਾ ਬਾਕਾਇਦਾ ਪ੍ਰਸੰਗ ਹੈ। ਦਲਬੀਰ ਸਿੰਘ ਪੱਤਰਕਾਰ ਜਿਹੜਾ ਡਾ. ਪਰੇਮ ਸਿੰਘ ਨੂੰ ਭਿੰਡਰਾਂਵਾਲੇ ਨਾਲ ਮਿਲਾਉਣ ਲਈ ਲੈ ਕੇ ਗਿਆ ਸੀ, ਦੇ ਪੁੱਛਣ 'ਤੇ, ਡਾ. ਪਰੇਮ ਸਿੰਘ ਨੇ ਭਿੰਡਰਾਂਵਾਲਾ ਨਾਲ ਹੋਈ ਮੁਲਾਕਾਤ ਬਾਰੇ ਇਹ ਵਿਚਾਰ ਦੱਸੇ ਸਨ ਕਿ "ਸਿੱਖ ਗੁਲਾਮ ਨਹੀਂ ਹਨ, ਪਰ ਸੰਤ ਭਿੰਡਰਾਂਵਾਲੇ ਨੇ ਬਣਾ ਕੇ ਛੱਡਣੇ ਹਨ।" ਹੁਣ ਇਹ ਮਿੱਟੀ ਫਰੋਲਣ ਦੀ ਵੀ ਲੋੜ ਨਹੀਂ ਕਿ ਭਿੰਡਰਾਂਵਾਲਾ ਨੂੰ ਕਾਂਗਰਸੀਆਂ ਨੇ ਹੀ ਅਕਾਲੀਆਂ ਦਾ ਮੋਰਚਾ ਫ਼ੇਲ੍ਹ ਕਰਨ ਲਈ ਵਰਤਿਆ। ਸਾਲ 1980 ਦੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਭਿੰਡਰਾਂਵਾਲੇ ਨੇ ਕਾਂਗਰਸ ਦੀ ਹੱਲਾਸ਼ੇਰੀ ਨਾਲ ਹੀ ਲੜੀਆਂ ਸਨ।

ਅਜਮੇਰ ਸਿੰਘ ਨੇ ਪਹਿਲਾਂ ਖਾਲਸਤਾਨੀਆਂ ਦੀਆਂ ਕਾਰਵਾਈਆਂ ਦਾ ਇਉਂ ਮੁਲੰਕਣ ਕੀਤਾ ਹੈ: *"ਜੋ ਕੁਝ ਹੋਇਆ ਹੈ, ਉਹ ਨਾ ਤਾਂ ਕਿਸੇ ਤੋਂ ਗੁੱਝਾ ਹੈ ਤੇ ਨਾ ਕਿਸੇ ਵਿਆਖਿਆ ਦਾ ਮੁਥਾਜ ਹੈ। ਖ਼ੁਦ ਖਾੜਕੂਆਂ ਵੱਲੋਂ ਕੀਤੇ ਸੈਂਕੜੇ ਹੀ ਬੇਦੋਸ਼ੇ ਤੇ ਅਨਭੋਲ ਲੋਕਾਂ ਦੇ ਵਹਿਸ਼ੀਆਨਾ ਕਤਲ, ਬਿਨਾਂ ਜਾਂਚ ਪੜਤਾਲ ਤੋਂ ਜਣੇ-ਖਣੇ ਨੂੰ 'ਮੁਖਬਰ' ਕਰਾਰ ਦੇ ਕੇ ਮਾਰ ਸੁੱਟਣ ਦੀਆਂ ਕਾਰਵਾਈਆਂ, ਆਮ ਲੋਕਾਂ ਤੇ ਹਰ ਕਿਸਮ ਦੇ ਸਿਆਸੀ ਵਿਰੋਧੀਆਂ ਉੱਤੇ ਬੰਦੂਕਾਂ ਦੀ ਦਬਸ਼ ਪਾਉਣ ਦੀ ਹੈਂਕੜਬਾਜ਼ ਬਿਰਤੀ, ਧਮਕੀਆਂ ਦੇ ਕੇ ਧਨ ਵਸੂਲਣ ਦੀਆਂ ਬੇਲਗਾਮ ਕਾਰਵਾਈਆਂ, ਦਰਬਾਰ ਸਾਹਿਬ ਅੰਦਰ ਕਿੰਨੇ ਹੀ ਅਨਭੋਲ ਲੋਕਾਂ ਨੂੰ ਵਹਿਸ਼ੀ ਢੰਗ ਨਾਲ ਤਸੀਹੇ ਦੇ ਕੇ ਮਾਰ-ਖਪਾ ਦੇਣ ਵਾਲੀਆਂ ਘਿਨਾਉਣੀਆਂ ਵਾਰਦਾਤਾਂ...ਅਤੇ ਅਜਿਹਾ ਹੀ ਬਹੁਤ ਕੁਝ ਹੋਰ!"*

ਪਾਸ਼ ਦਾ ਖਾਲਸਤਾਨੀਆਂ ਨਾਲ ਵਿਰੋਧ ਵੀ ਇਨ੍ਹਾਂ ਨੁਕਤਿਆਂ ਕਰਕੇ ਸੀ। ਉਸ ਦਾ ਸਪਸ਼ਟ ਕਹਿਣਾ ਸੀ ਕਿ ਲੋਕਾਂ ਦੇ ਗਲਾਂ 'ਚ 'ਗੂਠੇ ਦੇਣ ਵਾਲੇ ਸਿੱਖੀ ਦੇ ਪੈਰੋਕਾਰ ਨਹੀਂ ਹੋ ਸਕਦੇ। ਆਮ ਲੋਕਾਂ,



ਇੱਥੋਂ ਤਕ ਕਿ ਆਪਣੇ ਨਾਲ ਲੜ ਰਹੇ ਸਾਥੀਆਂ ਨਾਲ ਵੀ ਇਨ੍ਹਾਂ ਦਾ ਕੋਈ ਸਰੋਕਾਰ ਨਹੀਂ ਸੀ। ਕਮਿਊਨਿਸਟਾਂ ਦਾ ਖਾਲਸਤਾਨੀਆਂ ਨਾਲ ਮੁੱਖ ਵਿਰੋਧ ਇਹੀ ਸੀ ਕਿ ਉਹ ਬਿਨਾਂ ਕਿਸੇ ਏਜੰਡੇ ਦੇ ਹੋਛੀਆਂ ਕਾਰਵਾਈਆਂ ਕਰਕੇ ਸਟੇਟ ਦੇ ਹੱਕ ਵਿਚ ਭੁਗਤ ਰਹੇ ਸਨ। ਅਜਿਹੀਆਂ ਕਾਰਵਾਈਆਂ ਜਿਸ ਉਚਾਈ 'ਤੇ ਮਰਜ਼ੀ ਚਲੀਆਂ ਜਾਣ, ਇਨ੍ਹਾਂ ਦੇ ਅੰਤ ਦੀ ਡੋਰੀ ਆਖ਼ਰਕਾਰ ਸਟੇਟ ਦੇ ਹੱਥ ਹੁੰਦੀ ਹੈ। ਖਾਲਸਤਾਨੀਆਂ ਨਾਲ ਵੀ ਅਜਿਹਾ ਹੀ ਹੋਇਆ। ਜਦੋਂ ਹੀ ਸਟੇਟ ਨੇ ਚਾਹਿਆ, ਘਿਓ ਵਿਚੋਂ ਵਾਲ ਵਾਂਗ ਕੱਢ ਲਿਆ। ਪਰ ਸਾਰੇ ਪੰਜਾਬੀਆਂ ਨੂੰ ਇਸ ਦੀ ਬਹੁਤ ਵੱਡੀ ਕੀਮਤ ਤਾਰਨੀ ਪਈ। ਸਟੇਟ ਨੇ ਖਾਲਸਤਾਨੀਆਂ ਨੂੰ ਲੋਕ ਲਹਿਰਾਂ ਖ਼ਿਲਾਫ਼ ਸਭ ਤੋਂ ਵੱਧ ਵਰਤਿਆ। ਖਾਲਸਤਾਨੀਆਂ ਦੀ ਚੜ੍ਹਤ ਦੌਰਾਨ ਮਜ਼ਬੂਤ ਵਿਦਿਆਰਥੀ ਲਹਿਰ ਕਮਜ਼ੋਰ ਹੁੰਦੀ ਹੁੰਦੀ ਐਨ ਹਾਸ਼ੀਏ 'ਤੇ ਪਹੁੰਚ ਗਈ। ਇਹੀ ਹਾਲ ਮੁਲਾਜ਼ਮ ਅਤੇ ਲੜ ਰਹੀਆਂ ਹੋਰ ਧਿਰਾਂ ਦਾ ਹੋਇਆ। ਜਿਉਂ ਹੀ ਸਟੇਟ ਨੇ ਖਾਲਸਤਾਨੀਆਂ ਨੂੰ ਡੱਬੀ ਵਿਚ ਬੰਦ ਕੀਤਾ, ਮਨਮੋਹਨ ਸਿੰਘ ਦੀਆਂ ਆਰਥਿਕ ਨੀਤੀਆਂ ਆ ਗਈਆਂ। ਫਿਰ ਤਾਂ ਸਟੇਟ ਦੀਆਂ ਪੌਂ ਬਾਰਾਂ ਸਨ। ਜ਼ਾਹਿਰ ਹੈ ਕਿ ਸਟੇਟ ਦਾ 'ਔਖਾ ਸਮਾਂ' ਖਾਲਸਤਾਨੀਆਂ ਨੇ ਲੰਘਾ ਦਿੱਤਾ। ਇਹ ਹੈ ਸਟੇਟ ਲਈ ਖਾਲਸਤਾਨੀਆਂ ਦੀ ਇਤਿਹਾਸਕ ਭੂਮਿਕਾ!

ਇਹੀ ਗੱਲਾਂ ਸਨ ਜਿਨ੍ਹਾਂ ਨੂੰ ਆਧਾਰ ਬਣਾ ਕੇ ਪਾਸ਼ ਨੇ ਖਾਲਸਤਾਨੀਆਂ ਨੂੰ ਆਪਣੀਆਂ ਲਿਖਤਾਂ ਰਾਹੀਂ ਲੰਮੇ ਹੱਥੀਂ ਲਿਆ ਅਤੇ ਦੱਸਿਆ ਕਿ ਖਾਲਸਤਾਨੀਆਂ ਦਾ ਸਿੱਖੀ ਨਾਲ ਕੋਈ ਸਰੋਕਾਰ ਨਹੀਂ ਸੀ/ਹੈ। ਇਨ੍ਹਾਂ ਨੂੰ ਪੰਜਾਬੀਅਤ ਦੇ ਦੁਸ਼ਮਣ ਆਖਿਆ। ਫਿਰ ਰਾਹੀ ਦੀ ਕਿਤਾਬ ਵਿਚ ਤਾਂ ਪਾਸ਼ ਨੂੰ ਇਸੇ ਰੂਪ ਵਿਚ ਪੇਸ਼ ਕੀਤਾ ਜਾਣਾ ਸੀ!

ਕਿਸੇ ਵੇਲੇ ਨਕਸਲੀ ਸਾਹਿਤਕ 'ਸਿਪਾਹ-ਸਲਾਰ' ਰਹੇ ਅਤੇ ਹੁਣ ਆਲੋਚਕ ਬਣੇ ਅਮਰਜੀਤ ਚੰਦਨ, ਜਿਸ ਬਾਰੇ ਪਾਸ਼ ਨੇ ਆਪਣੀ ਇਕ ਚਿੱਠੀ ਵਿਚ 'ਇਕਹਿਰੀ ਮਾਨਸਿਕ ਬਣਤਰ ਵਾਲਾ' ਬੰਦਾ ਆਖਿਆ ਸੀ, ਨੇ ਇਸ ਕਿਤਾਬ ਦੀ ਪ੍ਰਸੰਸਾ ਕਰਕੇ ਪਾਸ਼ ਦੀ ਟਿੱਪਣੀ ਉੱਤੇ ਮੋਹਰ ਹੀ ਲਾ ਦਿੱਤੀ ਹੈ। ਚੰਦਨ ਨੂੰ ਛੱਡ ਕੇ ਕਿਸੇ ਨੇ ਵੀ ਇਸ ਕਿਤਾਬ ਦੀ ਪ੍ਰਸ਼ੰਸਾ ਨਹੀਂ ਕੀਤੀ। ਪ੍ਰਸ਼ੰਸਾ ਤਾਂ ਕੀ, ਕੋਈ ਚਰਚਾ ਕਰਕੇ ਵੀ ਰਾਜ਼ੀ ਨਹੀਂ। ਇਸ ਦਾ ਇਕ ਹੀ ਕਾਰਨ ਹੈ ਕਿ ਇਸ ਕਿਤਾਬ ਦਾ ਇਕੋ-ਇਕ ਮਕਸਦ ਪਾਸ਼ ਅਤੇ ਸਾਥੀਆਂ ਦੀ ਲਕੀਰ ਛੋਟੀ ਕਰਕੇ ਖਾਲਸਤਾਨੀਆਂ ਨੂੰ ਨਾਇਕ ਬਣਾ ਕੇ ਪੇਸ਼ ਕਰਨ ਸੀ। ...ਤੇ ਚੰਦਨ ਪਾਸ਼ ਵਿਚੋਂ ਹੋਰ ਪਾਸ਼ ਲੱਭਦਾ-ਲੱਭਦਾ ਅੰਤ ਨੂੰ ਉਨ੍ਹਾਂ ਖਾਲਸਤਾਨੀਆਂ ਦੇ ਮੇਚ ਆ ਗਿਆ ਹੈ ਜਿਨ੍ਹਾਂ ਬਾਰੇ ਉਸ ਨੇ ਕਦੀ 'ਲੋਕ ਥੁੱਕਣਗੇ ਨਾਮ ਭਿੰਡਰਾਂਵਾਲਾ' ਲਿਖਿਆ ਸੀ। ਹੁਣ ਮਾਰ-ਧਾੜ ਦੇ ਤਿੱਖੇ ਆਲੋਚਕ ਬਣੇ ਇਸ ਸੱਜਣ ਨੂੰ ਕਿਤਾਬ ਵਿਚ ਪਾਸ਼ ਦੇ ਕਤਲ ਨੂੰ ਜਾਇਜ਼ ਠਹਿਰਾਉਣ ਦੀ ਗੱਲ ਵੀ ਨਹੀਂ ਚੁਭੀ। ਕਿਤਾਬ ਦੇ ਇਕ-ਇਕ ਪਾਤਰ ਦਾ ਗਿਲਾ ਸਾਬਤ ਕਰਦਾ ਹੈ ਕਿ ਇਸ ਕਿਤਾਬ ਵਿਚ ਕਿੰਨੀਆਂ ਮਨ-ਆਈਆਂ ਕੀਤੀਆਂ ਗਈਆਂ ਹਨ। ਇਨ੍ਹਾਂ ਮਨ-ਆਈਆਂ ਦਾ ਮਨਸ਼ਾ ਸਫ਼ਾ 22 ਉੱਤੇ ਲਿਖੀ ਸਤਰ "ਹਾਂ, ਹਾਂ ਜਦ ਕਦੇ ਇਤਿਹਾਸ ਹੰਘਾਲਿਆ ਜਾਵੇਗਾ ਤਾਂ ਬਹੁਤ ਕੁਝ ਨਿੱਤਰੇਗਾ" ਤੋਂ ਹੀ ਸਪਸ਼ਟ ਸੀ। ਇਹ ਕਿਤਾਬ ਅਸਲ ਵਿਚ ਇਹ "ਬਹੁਤ ਕੁਝ ਨਿਤਾਰਨ" ਦੀ ਹੀ ਕੋਸ਼ਿਸ਼ ਸੀ ਪਰ ਪੰਜਾਬੀ ਪਿਆਰਿਆਂ ਨੇ ਜਿਸ ਤਰ੍ਹਾਂ ਇਸ ਕਿਤਾਬ 'ਤੇ ਸਵਾਲਾਂ ਦੀ ਚਾਂਦਮਾਰੀ ਕਰਕੇ ਇਸ ਨੂੰ ਰੱਦ ਕੀਤਾ ਹੈ, ਰਾਜਿੰਦਰ ਰਾਹੀ ਅਤੇ ਸੰਗੀਆਂ ਦੀ ਇਹ ਕੋਸ਼ਿਸ਼ ਮਹਿਜ਼ ਕੋਸ਼ਿਸ਼ ਹੀ ਰਹਿ ਗਈ ਹੈ, ਨਾਕਾਮ ਕੋਸ਼ਿਸ਼।

ਇਹ ਯਤਨ ਸਾਹਿਤ ਦੇ ਖੇਤਰ ਵਿਚ ਗ਼ੈਰ-ਦਿਆਨਤਦਾਰੀ ਦੀ ਬੜੀ ਕੋਝੀ ਮਿਸਾਲ ਹੈ। ਇਸ ਕਿਤਾਬ ਦੀ ਇਸ ਪੱਖ ਤੋਂ ਵੀ ਚੀਰ-ਫ਼ਾੜ ਹੋਣੀ ਚਾਹੀਦੀ ਹੈ। ਅਜਮੇਰ ਸਿੰਘ ਜੋ ਪਾਸ਼ ਦੇ ਮਾਮਲੇ ਵਿਚ ਅਜੇ ਤਕ ਕਿਸੇ ਦੇ ਮੋਢੇ ਉੱਤੇ ਬੰਦੂਕ ਰੱਖ ਕੇ ਗੋਲੀਆਂ ਦਾਗ਼ ਰਿਹਾ ਹੈ, ਦੀਆਂ ਮਨ-ਆਈਆਂ ਉੱਤੇ ਚਾਂਦਮਾਰੀ ਹੋਣੀ ਅਜੇ ਬਾਕੀ ਹੈ। ਉਹ ਰਾਜਿੰਦਰ ਰਾਹੀ ਵਾਲੀ ਕਿਤਾਬ ਵਿਚ ਤਾਂ ਕਮਿਊਨਿਸਟਾਂ ਉੱਤੇ ਕਲਟ ਉਸਾਰਨ ਦੇ ਦੋਸ਼ ਲਾਉਂਦਾ ਹੈ ਪਰ ਆਪ ਭਿੰਡਰਾਂਵਾਲੇ ਦਾ ਗੁੱਡਾ ਬੰਨ੍ਹਦਾ-ਬੰਨ੍ਹਦਾ ਉਸ ਉੱਤੇ ਇੰਨਾ ਸਿਧਾਂਤਕ ਭਾਰ ਪਾ ਦਿੰਦਾ ਹੈ ਕਿ ਭਿੰਡਰਾਂਵਾਲੇ ਦੀ ਕਾਰਕਰਦਗੀ ਅਤੇ ਕਾਰਜ ਵੀ ਇਹ ਭਾਰ ਝੱਲਣ ਤੋਂ ਇਨਕਾਰੀ ਹਨ। □□

**(ਰੋਜ਼ਾਨਾ 'ਪੰਜਾਬੀ ਟ੍ਰਿਬਿਊਨ', ਸੈਕਟਰ 29 ਸੀ. ਚੰਡੀਗੜ੍ਹ)**

# ਤ੍ਰਾਸਦ ਪਾਤਰਾਂ ਦੀ ਦਾਸਤਾਂ : ਕਿੱਸਾ ਪੂਰਨ ਭਗਤ-ਕਾਦਰਯਾਰ

ਗੁਰਪ੍ਰੀਤ ਕੌਰ ਗਿੱਲ

ਇਸ ਸਾਹਿਤਕ ਧਾਰਨਾ ਬਾਰੇ ਸਮੀਖਿਅਕ ਭਲੀ ਭਾਂਤ ਸਪਸ਼ਟ ਹਨ ਕਿ ਸਾਹਿਤ-ਸਿਰਜਣਾ ਦਾ ਕੇਂਦਰੀ ਆਧਾਰ ਤਣਾਉ ਦਾ ਅਹਿਸਾਸ ਅਤੇ ਤਣਾਉ ਦੀ ਪੇਸ਼ਕਾਰੀ ਹੈ। ਮਨੁੱਖੀ ਯਥਾਰਥ ਦੀ ਵੱਡੀ ਸੱਚਾਈ ਇਹ ਹੈ ਕਿ ਇਸ ਦਾ ਹਰ ਵੇਰਵਾ ਤਣਾਉ ਭਰਪੂਰ ਹੈ। ਜ਼ਿੰਦਗੀ ਆਪਣੇ ਆਪ ਵਿਚ ਤਣਾਉ ਦਾ ਹੀ ਦੂਜਾ ਰੂਪ ਹੈ ਅਤੇ ਜਦੋਂ ਤਣਾਉ ਪ੍ਰਚੰਡ ਰੂਪ ਧਾਰਨ ਕਰਦਾ ਹੈ ਤਾਂ ਤ੍ਰਾਸਦੀ ਯਕੀਨੀ ਹੈ। ਇਸ ਧਾਰਨਾ ਦਾ ਜੀਵੰਤ ਪ੍ਰਮਾਣ ਪੰਜਾਬੀ ਕਿੱਸਾ ਕਾਵਿ ਦਾ ਸਮੁੱਚਾ ਸੰਸਾਰ ਹੈ।

'ਪੂਰਨ ਭਗਤ' ਦੀ ਕਥਾ ਨੂੰ ਪਹਿਲੀ ਵਾਰ ਕਾਦਰਯਾਰ ਨੇ ਉਨੀਵੀਂ ਸਦੀ ਦੇ ਪਹਿਲੇ ਅੱਧ ਵਿਚ ਲਿਖਿਆ। ਇਹ ਕਥਾ ਪੰਜਾਬ ਦੀ ਸਿਮਰਤੀ ਵਿਚ ਇਕ ਲੰਮੇ ਅਰਸੇ ਤੋਂ ਟਿਕੀ ਹੋਈ ਸੀ ਪਰ ਇਹ ਕਿੱਸਾ ਕਾਵਿ ਪਰੰਪਰਾ ਦਾ ਅੰਗ ਬੜੀ ਦੇਰ ਬਾਅਦ ਬਣੀ। ਕਾਦਰਯਾਰ ਨੇ 'ਪੂਰਨ ਭਗਤ' ਦੇ ਕਿੱਸੇ ਨੂੰ ਕਿੱਸਾ ਕਾਵਿ ਦੇ ਰੂਪਾਕਾਰ ਵਿਚ ਰਚਕੇ ਪੰਜਾਬੀਆਂ ਦੇ ਇਸ ਨਾਇਕ ਨੂੰ ਹਮੇਸ਼ਾ ਲਈ ਭਵਿੱਖ ਨਾਲ ਜੋੜ ਦਿੱਤਾ ਹੈ।

ਇਹ ਉਹ ਕਿੱਸਾ ਹੈ ਜਿਸਦੇ ਆਰ-ਪਾਰ ਭਗਤੀ ਭਾਵਨਾ ਦਾ ਥੀਮ ਫੈਲਿਆ ਹੋਇਆ ਹੈ। ਇਸਦਾ ਵਿਸਥਾਰ ਉਸ ਅਧਿਆਤਮਵਾਦੀ ਚਿੰਤਨ ਨਾਲ ਜੁੜਿਆ ਹੋਇਆ ਹੈ ਜਿਸਦਾ ਕੇਂਦਰੀ ਪ੍ਰਯੋਜਨ ਸੰਸਾਰਕਤਾ ਤੋਂ ਉੱਪਰ ਉੱਠ ਕੇ ਪਾਰਗਾਮੀ ਸਥਿਤੀ ਪ੍ਰਾਪਤ ਕਰਨਾ ਹੈ। ਇਸ ਕਿੱਸੇ ਵਿਚ ਉਸ ਨਾਇਕ ਦੀ ਜ਼ਿੰਦਗੀ ਦਾ ਰਹੱਸ ਉੱਭਰਦਾ ਹੈ ਜੋ ਸੰਸਾਰਕਤਾ ਤੋਂ ਉਪਰਾਮ ਹੋ ਕੇ ਭਗਤੀ ਦੇ ਮਾਰਗ ਨਾਲ ਜੁੜਦਾ ਹੈ। ਪੂਰਨ ਜਨਮ-ਜਾਤ ਤੋਂ ਭਗਤ ਨਹੀਂ ਸੀ ਬਲਕਿ ਉਸ ਦੀ ਯਾਤਰਾ ਸੰਸਾਰਕਤਾ ਨੂੰ ਅੰਦਰੋਂ ਪਛਾਣ ਕੇ ਉਸ ਤੋਂ ਉਪਰਾਮ ਹੋਣ ਵਾਲੀ ਹੈ। ਇਹ ਉਹ ਤ੍ਰਾਸਦ ਨਾਇਕ ਹੈ ਜੋ ਅਣਚਾਹੀਆਂ ਸਥਿਤੀਆਂ ਨੂੰ ਸਵੀਕਾਰ ਕਰਨ ਤੋਂ ਨਾਬਰ ਹੋ ਜਾਂਦਾ ਹੈ। ਇਸਦੀ ਜਾਣ-ਪਛਾਣ ਮਾਨਵੀ ਜੀਵਨ ਦੇ ਮਨਫੀ ਕਿਰਦਾਰਾਂ ਨਾਲ ਇਸ ਤਰ੍ਹਾਂ ਹੁੰਦੀ ਹੈ ਕਿ ਉਸ ਲਈ ਰਿਸ਼ਤਿਆਂ ਦਾ ਸਾਰਾ ਸੰਸਾਰ ਨਿਰਾਰਥਕ ਬਣਕੇ ਰਹਿ ਜਾਂਦਾ ਹੈ।

ਕਿੱਸਾ 'ਪੂਰਨ ਭਗਤ' ਦੇ ਨਾਇਕ ਪੂਰਨ ਨੇ ਸੰਸਾਰਕਤਾ ਦੇ ਸਮਵਿੱਥ ਭਗਤੀ ਮਾਰਗ ਰਾਹੀਂ ਆਪਣਾ ਭਵਿੱਖ ਪ੍ਰਾਪਤ ਕੀਤਾ ਹੈ। ਭਗਤੀ ਭਾਵਨਾ ਨਾਲ ਜੁੜੇ ਇਸ ਕਿੱਸੇ ਵਿਚ ਤਣਾਉ ਭਰਪੂਰ ਵੇਰਵਾ ਇਹ ਹੈ ਕਿ ਇਕ ਪਾਸੇ ਉਸ ਲਈ ਸੰਸਾਰਕਤਾ ਚੁਣੌਤੀ ਹੈ ਅਤੇ ਦੂਜੇ ਪਾਸੇ ਭਗਤੀ ਮਾਰਗ ਦੀਆਂ ਪਰੀਖਿਆਵਾਂ ਹਨ ਜਿਹਨਾਂ ਵਿਚੋਂ ਨਿਕਲਣਾ ਹਾਰੀ ਸਾਰੀ ਦਾ ਕੰਮ ਨਹੀਂ। ਇਸ ਕਿੱਸੇ ਦੀ ਸਾਰਕਥਤਾ ਦੂਹਰੀ ਹੈ। ਇਸ ਦਾ ਪਹਿਲਾ ਵਿਸਥਾਰ ਜ਼ਿੰਦਗੀ ਦੀ ਉਸ ਵਿਵਹਾਰਕਤਾ ਨਾਲ ਜੁੜਿਆ ਹੈ ਜਿਸਦੇ ਅੰਤਰਗਤ ਸੰਸਾਰਕ ਪਦਾਰਥਾਂ ਦੀ ਖਿੱਚ ਦਾ ਤਿੱਖਾ ਤਣਾਉ ਹੈ, ਰਿਸ਼ਤਿਆਂ ਦੀ ਤਿੜਕਣ ਹੈ, ਇਕ ਦੂਜੇ ਨਾਲ ਵਿਵਾਦ ਹੈ। ਅਤੇ ਕਿੱਸੇ ਦਾ ਦੂਜਾ ਭਾਗ ਉਸ ਬਿਰਤਾਂਤ ਉਪਰ ਕੇਂਦਰਤ ਹੈ ਜੋ ਨਾਇਕ ਦੇ ਜ਼ਿੰਦਗੀ ਤੋਂ ਉਪਰਾਮ ਹੋ ਕੇ ਭਗਤੀ ਮਾਰਗ ਨੂੰ ਅਪਨਾਉਣ ਦਾ ਹੈ।

ਕਿੱਸਾ 'ਪੂਰਨ ਭਗਤ' ਦਾ ਮੁਲੰਕਣ ਕਰਦੇ ਹੋਏ ਇਸ ਤੱਥ ਦੀ ਪ੍ਰਤੀਤੀ ਹੁੰਦੀ ਹੈ ਕਿ ਇਹ ਕਿੱਸਾ ਹਰ ਪਰਤ ਉਪਰ ਤਣਾਉ ਅਤੇ ਤ੍ਰਾਸਦ ਸਥਿਤੀਆਂ ਨਾਲ ਭਰਪੂਰ ਹੈ। ਜਿਹਨਾਂ ਵਿਚੋਂ ਲੰਘਦਾ ਹੋਇਆ ਪੂਰਨ, ਭਗਤ ਪੂਰਨ ਬਣਦਾ ਹੈ। ਕਿੱਸੇ ਦੇ ਆਰੰਭ ਵਿਚ ਹੀ ਇਸ ਤ੍ਰਾਸਦ ਹੋਣੀ ਦਾ ਸੰਕੇਤ ਮਿਲ ਜਾਂਦਾ ਹੈ ਕਿ ਇਕ ਮਾਸੂਮ ਬਾਲ ਨੂੰ ਇਕ ਹਨੇਰੇ (ਮਾਂ ਦੇ ਗਰਭ) ਤੋਂ ਬਾਅਦ ਦੂਜੇ ਹਨੇਰੇ (ਭੋਰੇ) ਵਿਚ ਸੁੱਟ ਦਿੱਤਾ ਜਾਂਦਾ ਹੈ।

ਪੂਰਨ ਦੇ ਜਨਮ ਨਾਲ ਹੀ ਤਣਾਓ ਦਾ ਬੀਜ ਪੈਦਾ ਹੋ ਜਾਂਦਾ ਹੈ। ਕਮਾਲ ਦਾ ਤੱਥ ਇਹ ਹੈ



ਕਿ ਪੁੱਤਰ ਦੀ ਦਾਤ ਲਈ ਜਿਹੜਾ ਪਿਉ ਸੁੱਖਾਂ ਸੁੱਖਦਾ ਰਿਹਾ ਸੀ, ਉਸੇ ਪਿਉ ਨੇ ਜੰਮਣ ਸਾਰ ਹੀ ਪੂਰਨ ਨੂੰ ਦਰਦ ਹੰਢਾਉਣ ਲਈ ਭੋਰੇ ਪਾ ਦਿੱਤਾ। ਭੋਰਾ ਆਪਣੇ ਆਪ ਵਿਚ ਕੈਦ ਦਾ ਪ੍ਰਤੀਕ ਹੈ, ਉਸ ਹਨੇਰੇ ਦਾ ਪ੍ਰਤੀਕ ਹੈ ਜਿਸ ਵਿਚ ਭਵਿੱਖ ਨਹੀਂ। ਇਹ ਉਹ ਬਿੰਦੂ ਹੈ ਜਿੱਥੇ ਪਿਉ ਪੁੱਤਰ ਦੇ ਰਿਸ਼ਤੇ ਵਿਚ ਤਣਾਓ ਆ ਗਿਆ ਹੈ। ਇਸ ਤਣਾਓ ਵਿਚੋਂ ਜਿਹੜਾ ਦਰਦ ਉਪਜਦਾ ਹੈ ਉਹ ਦਰਦ ਪਿਉ ਨਾਲ ਰਿਸ਼ਤਾ ਤਿੜਕ ਜਾਣ ਦਾ ਵੀ ਹੈ ਅਤੇ ਮਾਂ ਤੋਂ ਵਿਛੁੰਨੇ ਹੋਣ ਦਾ ਵੀ। ਬਹਿਰ ਹਾਲ ਪੂਰਨ ਬਾਰਾਂ ਵਰ੍ਹੇ ਜਿਹੜੀ ਕੈਦ ਭੋਗਦਾ ਹੈ, ਉਸ ਕੈਦ ਵਿਚ ਜੀਵਨ ਦੀ ਕੋਈ ਚਿਣਗ ਨਹੀਂ। ਜ਼ਾਹਰਾ ਤੌਰ 'ਤੇ ਭੋਰੇ ਵਿਚ ਸੁਖ ਸਮਾਨ ਤਾਂ ਮੌਜੂਦ ਸਨ ਪਰ ਮਮਤਾ ਗ਼ੈਰ ਹਾਜ਼ਰ ਹੈ। ਮਾਂ-ਵਿਹੂਣਾ ਬਣਕੇ ਬਾਰਾਂ ਵਰ੍ਹੇ ਜਿਉਣਾ ਨਿਰਸੰਦੇਹ ਇਕ ਤ੍ਰਾਸਦ ਹੋਣੀ ਹੈ। ਕੈਦ ਤੋਂ ਮੁਕਤ ਹੋ ਕੇ ਵੀ ਪੂਰਨ ਮੁਕਤ ਨਹੀਂ ਹੁੰਦਾ ਕਿਉਂਕਿ ਭੋਰੇ ਤੋਂ ਬਾਹਰ ਆਉਂਦਿਆਂ ਹੀ ਉਸਨੂੰ ਇਕ ਅਣਹੋਣੀ ਨਾਲ ਜੂਝਣਾ ਪੈ ਜਾਂਦਾ ਹੈ। ਭੋਰੇ ਤੋਂ ਬਾਹਰ ਆਉਂਦਿਆਂ ਉਸਨੂੰ ਇਹ ਹੁਕਮ ਮਿਲਦਾ ਹੈ ਕਿ ਮਹਿਲਾਂ ਵਿਚ ਜਾ ਕੇ ਆਪਣੀਆਂ ਮਾਵਾਂ ਦੇ ਦਰਸ਼ਨ ਕਰੇ। ਇਹਨਾਂ ਦੋਵਾਂ ਮਾਵਾਂ ਵਿਚੋਂ ਇਕ ਮਾਂ ਉਹ ਹੈ ਜਿਸਨੇ ਉਸਨੂੰ ਆਪਣੀ ਕੁੱਖੋਂ ਜਨਮ ਦਿੱਤਾ ਹੈ ਅਤੇ ਦੂਜੀ ਉਹ ਹੈ ਜਿਸ ਬਾਰੇ ਕਿੱਸਾਕਾਰ ਲਿਖਦਾ ਹੈ, 'ਉਸ ਦੀ ਜਾਤ ਚਮਿਆਰੀ ਤੇ ਨਾਮ ਲੂਣਾਂ, ਘਰ ਆਂਦੀ ਸੀ ਈਨ ਮਨਾਇ ਕੇ ਜੀ।'

ਇਹ ਪੂਰਨ ਦਾ ਆਪਣਾ ਫੈਸਲਾ ਹੈ ਕਿ ਪਹਿਲਾਂ ਉਹ ਆਪਣੀ ਧਰਮ ਦੀ ਮਾਂ ਦੇ ਦਰਸ਼ਨ ਕਰੇਗਾ। ਇੰਝ ਉਹ ਆਪਣੀ ਮਾਂ ਇੱਛਰਾਂ ਤੋਂ ਪਹਿਲਾਂ ਲੂਣਾਂ ਨੂੰ ਮੱਥਾ ਟੇਕਣ ਲਈ ਜਾਂਦਾ ਹੈ। ਪੂਰਨ ਜਿਸ ਦੇ ਦਰਸ਼ਨ ਕਰਨ ਵੱਲ ਜਾ ਰਿਹਾ ਹੈ, ਉਹਦੇ ਦਰਸ਼ਨਾਂ ਵਿਚ ਵੀ ਇਕ ਆਫਤ ਟਿਕੀ ਹੋਈ ਹੈ। "ਅੰਦਰ ਜਾਏ ਵੜਿਆ ਪੁੱਤਰ ਖਾਤਰਾਂ ਨੂੰ" ਇਹ ਬੋਲ ਆਉਣ ਵਾਲੀ ਹੋਣੀ ਵੱਲ ਗੁੱਝਾ ਸੰਕੇਤ ਕਰਦੇ ਹਨ। ਇਥੇ ਸ਼ਬਦ 'ਖਾਤਰਾਂ' ਅੰਦਰ ਵਿਅੰਗ ਬੜਾ ਲੁਕਵਾਂ ਹੈ। ਕਿੱਸਾਕਾਰ ਨੇ ਉਸ ਹੋਣੀ ਵੱਲ ਅਗਾਊਂ ਹੀ ਸੰਕੇਤ ਕਰ ਦਿੱਤਾ ਹੈ ਜਿਸ ਹੋਣੀ ਨੇ ਪੂਰਨ ਨੂੰ ਮੌਤ ਤਕ ਲੈ ਜਾਣਾ ਹੈ।

ਪੂਰਨ ਦੇ ਮਹਿਲੀਂ ਪ੍ਰਵੇਸ਼ ਤੋਂ ਪਹਿਲਾਂ ਕਿੱਸਾਕਾਰ ਨੇ ਲੂਣਾਂ ਦਾ ਜੋ ਚਰਿੱਤਰ ਉਸਾਰਿਆ ਹੈ ਉਹ ਇਕ ਅਜਿਹੀ ਔਰਤ ਦਾ ਹੈ ਜੋ ਅੰਦਰਲੇ ਦਰਦ ਕਾਰਣ ਹਾਲੋਂ ਬੇਹਾਲ ਹੈ। ਰਾਜ ਸਲਵਾਨ ਨੇ ਲੂਣਾਂ ਦੀ ਸੁੰਦਰਤਾ ਤੋਂ ਮੋਹਿਤ ਹੋ ਕੇ ਉਸਨੂੰ ਆਪਣੇ ਮਹਿਲੀਂ ਵਸਾ ਲਿਆ ਹੈ। ਲੂਣਾਂ ਮਹਿਲਾਂ ਵਿਚ ਰਾਜ ਭੋਗਦੀ ਹੋਈ ਵੀ ਬੇਚੈਨ ਹੈ। ਅਜਿਹੀ ਔਰਤ ਪੂਰਨ ਦਾ ਪਹਿਲੀ ਨਜ਼ਰ ਦੀਦਾਰ ਕਰਦੀ ਹੈ ਤਾਂ ਉਸਦੀ ਸੁੱਧ ਬੁੱਧ ਵਿਸਰ ਜਾਂਦੀ ਹੈ। ਪੂਰਨ ਮਹਿਲਾਂ ਵਿਚ ਮਾਂ ਨੂੰ ਮਿਲਣ ਜਾ ਰਿਹਾ ਹੈ ਅਤੇ ਮਾਂ ਲੂਣਾਂ ਉਹਦੇ ਹੁਸਨ ਅੱਗੇ ਤਿਲਕ ਜਾਂਦੀ ਹੈ। ਇਹ ਸਥਿਤੀ ਅਜਿਹੀ ਤਣਾਉ ਭਰਪੂਰ ਹੈ ਕਿ ਇਸ ਵਿਚ ਦੋਹਾਂ ਧਿਰਾਂ ਨੇ ਇਕ ਦੂਜੇ ਨਾਲ ਟਕਰਾਅ ਕੇ ਇਕ ਦੂਜੇ ਨੂੰ ਜਿੱਤਣਾ ਹੈ। ਪੂਰਨ ਜਦੋਂ ਲੂਣਾਂ ਨੂੰ ਮੱਥਾ ਟੇਕਣ ਲਈ ਅੱਗੇ ਵਧਦਾ ਹੈ ਤਾਂ ਲੂਣਾਂ ਮਾਂ ਬਣਨ ਤੋਂ ਇਨਕਾਰੀ ਹੋ ਜਾਂਦੀ ਹੈ। ਉਹ ਪੂਰਨ ਨੂੰ ਆਪਣੇ ਹਾਣ ਦਾ ਮੰਨਦੀ ਹੋਈ ਇਹ ਤਰਕ ਉਸਾਰਦੀ ਹੈ 'ਕੁੱਖੇ ਰੱਖ ਨਾ ਜੰਮਿਓ ਜਾਇਆ ਵੇ, ਮਾਤਾ ਆਖਨਾ ਹੈਂ ਕਿਹੜੇ ਸਾਕ ਮੈਨੂੰ।'

ਪੂਰਨ ਮਾਂ ਕੋਲੋਂ ਅਸ਼ੀਰਵਾਦ ਲੈਣ ਗਿਆ ਸੀ ਪਰੰਤੂ ਅਸ਼ੀਰਵਾਦ ਦੀ ਥਾਂ ਲੂਣਾਂ ਦੀ ਅਨੈਤਿਕ ਫਰਮਾਇਸ਼ ਨੇ ਉਸਨੂੰ ਤੋੜਕੇ ਰੱਖ ਦਿੱਤਾ ਹੈ। ਲੂਣਾਂ ਉਸਦੇ ਪਿਉ ਦੀ ਪਤਨੀ ਹੈ ਅਤੇ ਰਿਸ਼ਤਿਆਂ ਦੇ ਅੰਤਰਗਤ ਉਸਦਾ ਦਰਜਾ ਮਾਂ ਵਾਲਾ ਹੈ। ਇਹ ਗੱਲ ਮਰਯਾਦਾ ਦਾ ਵਾਸਤਾ ਪਾ ਕੇ ਪੂਰਨ ਉਸਨੂੰ ਸਮਝਾਉਣ ਦੀ ਕੋਸ਼ਸ਼ ਵੀ ਕਰਦਾ ਹੈ: 'ਜਿਹਦੀ ਇਸਤਰੀ ਉਹੀ ਹੈ ਬਾਪ ਮੇਰਾ, ਤਿਸ ਦੀ ਤੁਖਮ ਥੀਂ ਜੰਮਿਆ ਜਾਨ ਮਾਏ।'

ਪੂਰਨ ਦਾ ਸੱਚ ਇਹ ਹੈ ਕਿ ਉਹ ਮਾਂ ਨਾਲ ਕਿਸੇ ਵੀ ਤਰ੍ਹਾਂ ਅਨੈਤਿਕ ਰਿਸ਼ਤਾ ਸਥਾਪਤ ਕਰਨਾ ਪਾਪ ਸਮਝਦਾ ਹੈ ਜਦ ਕਿ ਲੂਣਾਂ ਇਸਨੂੰ ਅਨੈਤਿਕ ਨਾ ਮੰਨਦੀ ਹੋਈ ਆਪਣੇ ਹਾਣ ਦਾ ਮੇਲ

ਮੰਨਦੀ ਹੈ। ਸਥਿਤੀ ਅੰਦਰਲਾ ਤਣਾਉ ਇਹ ਹੈ ਕਿ ਦੋ ਸੱਚ ਇਕ ਦੂਸਰੇ ਨਾਲ ਟਕਰਾ ਰਹੇ ਹਨ। ਲੂਣਾਂ ਦਾ ਸੱਚ ਦੇਹ ਦੀ ਤ੍ਰਿਪਤੀ ਦਾ ਸੱਚ ਹੈ। ਸੰਸਾਰਕਤਾ ਦਾ ਸੱਚ ਹੈ। ਉਹਦੇ ਅੰਦਰਲੇ ਪ੍ਰਕਿਰਤਕ ਵੇਗ ਦਾ ਵਿਰੇਚਨ ਨਾ ਹੋਣ ਕਾਰਨ ਉਹ ਮਾਂ ਪੁੱਤਰ ਦੇ ਰਿਸ਼ਤੇ ਦੀ ਉਲੰਘਣਾ ਕਰਨ ਤੀਕ ਚਲੀ ਜਾਂਦੀ ਹੈ। ਮੱਧਕਾਲੀ ਚੇਤਨਾ ਵਿਚ ਕਿਉਂਕਿ ਔਰਤ ਨੂੰ ਹਮੇਸ਼ਾ ਨਿੰਦਿਆ ਗਿਆ ਹੈ, ਇਸ ਕਾਰਨ ਕਾਦਰਯਾਰ ਨੇ ਲੂਣਾਂ ਦੀ ਅੰਦਰਲੀ ਤੜਪ ਅਤੇ ਤਣਾਉ ਨੂੰ ਅਰਥ ਨਾ ਦੇ ਕੇ ਕਿੱਸੇ ਦੀ ਉਸਾਰੀ ਵਿਚ ਲੂਣਾਂ ਦਾ ਬਿੰਬ ਇਕ ਪਾਪਣ ਔਰਤ ਵਜੋਂ ਪੇਸ਼ ਕੀਤਾ ਹੈ: 'ਕਾਦਰਯਾਰ ਤਰੀਮਤ ਹੈਂਸਿਆਰੀ, ਲੱਗੀ ਵੇਖ ਵਗਾਵਣੇ ਨਦੀ ਪੁੱਠੀ।' ਇਹਨਾਂ ਸਤਰਾਂ ਵਿਚ ਕਿੱਸਾਕਾਰ ਨੇ ਲੂਣਾਂ ਦੇ ਤਣਾਉ ਨੂੰ ਅਤੇ ਉਸਦੀ ਦੇਹ ਦੇ ਸੱਚ ਨੂੰ ਕੋਈ ਅਹਿਮੀਅਤ ਨਾ ਦੇਂਦਿਆਂ ਸਾਰਾ ਮਸਲਾ ਨੈਤਿਕਤਾ ਅਤੇ ਅਨੈਤਿਕਤਾ ਦਾ ਬਣਾ ਦਿੱਤਾ ਹੈ। ਜੇਕਰ ਸਮੁੱਚੇ ਪ੍ਰਸੰਗ ਦਾ ਵਿਸ਼ਲੇਸ਼ਣ ਕਰੀਏ ਤਾਂ ਲੂਣਾਂ ਆਪਣੇ ਆਪ ਵਿਚ ਇਕ ਅਜਿਹਾ ਸਰਾਪਿਆ ਪਾਤਰ ਹੈ ਜੋ ਆਪਣੇ ਧੁਰ ਅੰਦਰੋਂ ਤਿੜਕਿਆ ਪਿਆ ਹੈ।

ਡਾ: ਅਤਰ ਸਿੰਘ ਅਨੁਸਾਰ "ਪੂਰਨ ਭਗਤ ਤੇ ਰਾਜੇ ਭਰਥਰੀ ਦੋਹਾਂ ਕਿੱਸਿਆਂ ਵਿਚ ਦੁਖਾਂਤ ਦਾ ਮੁੱਖ ਕਾਰਨ ਇਸਤਰੀ ਪੁਰਖ ਦੇ ਆਪਸੀ ਜੈਵਿਕ ਸੰਬੰਧਾਂ ਦੀ ਅਤ੍ਰਿਪਤੀ ਤੋਂ ਪੈਦਾ ਹੋਈ ਗੜਬੜ ਹੀ ਹੈ।" ਸਮੁੱਚੇ ਪੰਜਾਬੀ ਕਿੱਸਾ ਸੰਸਾਰ ਵਿਚਲਾ ਵਿਅੰਗ ਇਹ ਹੈ ਕਿ ਔਰਤਾਂ ਆਪਣੀ ਭੂਮਿਕਾ ਵਿਚ ਬੜੀਆਂ ਕਿਰਿਆਸ਼ੀਲ ਰਹੀਆਂ ਹਨ ਪਰ ਉਹਨਾਂ ਦੀ ਸਥਿਤੀ ਅਤੇ ਉਹਨਾਂ ਦੇ ਦਰਦ ਨੂੰ ਕਿੱਸਕਾਰਾਂ ਨੇ ਅਗਰਭੂਮੀ ਉਪਰ ਅਰਥ ਨਹੀਂ ਦਿੱਤੇ। ਇਹੀ ਭਾਣਾ ਲੂਣਾਂ ਦੇ ਪ੍ਰਸੰਗ ਵਿਚ ਵਾਪਰਿਆ ਹੈ। ਰਾਜ ਮਹਿਲਾਂ ਵਿਚ ਰਹਿ ਰਹੀ ਲੂਣਾਂ ਬੇਚੈਨ ਹੈ, ਉਸਦਾ ਅੰਦਰਲਾ ਸੰਤਾਪ ਬਾਹਰੀ ਲੈਤਿਕਤਾ ਦੇ ਦਬਾਉ ਹੇਠਾਂ ਦੱਬਿਆ ਰਹਿੰਦਾ ਹੈ। ਉਹ ਅਜਿਹੀ ਪਾਤਰ ਹੈ ਜੋ ਨਾ ਤਾਂ ਉਭਾਸਰ ਸਕਦੀ ਹੈ ਅਤੇ ਨਾ ਹੀ ਉਸਦੇ ਭਾਵਾਂ ਦਾ ਵਿਰੇਚਨ ਮਹਿਲਾਂ ਵਿਚ ਮੁਮਕਨ ਹੈ। ਇਸ ਤਣਾਉ ਦੇ ਮਾਹੌਲ ਵਿਚ ਜਿਉਂ ਰਹੀ ਲੂਣਾਂ ਨੂੰ ਆਪਣੀ ਮੁਕਤੀ ਪੂਰਨ ਦੇ ਰੂਪ ਵਿਚੋਂ ਸੰਭਵ ਲਗਦੀ ਹੈ। ਪੂਰਨ ਦੁਆਰਾ ਇਨਕਾਰ ਕੀਤੇ ਜਾਣ ਉੱਤੇ ਇਹ ਸੰਤਾਪ ਪ੍ਰਚੰਡ ਰੂਪ ਧਾਰਨ ਕਰ ਲੈਂਦਾ ਹੈ। ਲੂਣਾਂ ਵਿਸ ਘੋਲਦੀ ਹੋਈ ਅੰਦਰਲੇ ਦਰਦ ਨਾਲ ਪੀੜਤ ਇਕ ਅਜਿਹਾ ਘਾਤਕ ਰੂਪ ਧਾਰਦੀ ਹੈ, ਜਿਸਦੀ ਅਗਨੀ ਵਿਚ ਪੂਰਨ ਸੜ ਜਾਂਦਾ ਹੈ: 'ਪੁੱਤਰ ਬਣਨ ਲੱਗੋਂ ਮੇਰਾ ਪੂਰਨ ਵੇ, ਦੇਖ ਕਹੀ ਮੈਂ ਦਿੱਤੀਆ ਮਾਉਂ ਲੋਗੀ।'

ਲੂਣਾਂ ਨੇ ਆਪਣੇ ਬੋਲਾਂ ਨੂੰ ਸਾਕਾਰ ਕਰ ਵਿਖਾਇਆ ਅਤੇ ਪਿਉ ਦੇ ਹੱਥੋਂ ਪੁੱਤਰ ਨੂੰ ਮਰਵਾ ਦਿੱਤਾ। ਰਾਜਾ ਸਲਵਾਨ, ਲੂਣਾਂ ਦੀ ਤੋਹਮਤ ਤੋਂ ਬਾਅਦ ਬੇਵੱਸ ਹੈ। ਉਸ ਲਈ ਇਹ ਬੜੀ ਸੰਕਟਮਈ ਘੜੀ ਹੈ ਕਿ ਉਹ ਪੂਰਨ ਨਾਲ ਕੀ ਸਲੂਕ ਕਰੇ? ਸਲਵਾਨ ਅੰਦਰੋਂ ਸਾਰੀ ਸਥਿਤੀ ਭਾਂਪਦਾ ਹੋਇਆ ਤਣਾਉ ਵਿਚ ਹੈ ਕਿ ਲੂਣਾਂ ਦੋਸ਼ੀ ਹੋ ਕੇ ਵੀ ਨਿਰਦੋਸ਼ ਹੋਣ ਦਾ ਸਵਾਂਗ ਰਚ ਰਹੀ ਹੈ। ਇਸ ਸਾਰੇ ਵਰਤਾਰੇ ਵਿਚ ਉਸਨੂੰ ਆਪਣੀ ਕਮਜ਼ੋਰੀ ਦਾ ਵੀ ਅੰਦਰੋਂ ਅੰਦਰ ਅਹਿਸਾਸ ਹੈ। ਪਰ ਕਿਉਂਕਿ ਉਹ ਰਾਜਾ ਹੈ ਇਸ ਲਈ ਉਹ ਆਪਣੀ ਸ਼ਕਤੀ ਦਾ ਪ੍ਰਯੋਗ ਕਰਦਾ ਹੋਇਆ ਜੱਲਾਦਾਂ ਨੂੰ ਪੂਰਨ ਦੀ ਮੌਤ ਦਾ ਫੈਸਲਾ ਸੁਣਾ ਦਿੰਦਾ ਹੈ। ਡਾ: ਅਮਰਜੀਤ ਸਿੰਘ ਕਾਂਗ ਨੇ ਰਾਜੇ ਸਲਵਾਨ ਦੀ ਅਜਿਹੀ ਤਣਾਉ ਭਰੀ ਮਾਨਸਿਕ ਸਥਿਤੀ ਨੂੰ ਇੰਝ ਦਰਸਾਇਆ ਹੈ: "ਉਸ ਲਈ ਹਾਣ ਦਾ ਪੁੱਤਰ ਭਵਿੱਖ ਦਾ ਡਰ ਵੀ ਬਣ ਜਾਂਦਾ ਹੈ...ਰਾਜਾ ਪੂਰਨ ਨੂੰ ਸਜ਼ਾ ਦੇ ਕੇ ਦੁਨੀਆਂ ਦੀਆਂ ਨਜ਼ਰਾਂ ਵਿਚ ਆਪਣੇ ਆਪ ਨੂੰ ਧਰਮੀ ਸਿੱਧ ਕਰਨਾ ਚਾਹੁੰਦਾ ਹੈ, ਕਿਉਂਕਿ ਜੇਕਰ ਪੂਰਨ ਸੱਚਾ ਤੇ ਲੂਣਾਂ ਝੂਠੀ ਸਿੱਧ ਹੋ ਜਾਵੇ ਤਾਂ ਇਹ ਸਥਿਤੀ ਰਾਜੇ ਸਲਵਾਨ ਲਈ ਬੜੀ ਹੀ ਨਮੋਸ਼ੀ ਦੀ ਹੈ ਕਿ ਉਹਦੇ ਜੀਉਂਦਿਆਂ ਉਸਦੀ ਰਾਣੀ ਕਾਮ ਦੀ ਭੁੱਖ ਵਿਚ ਤੜਪ ਰਹੀ ਹੈ।"

ਇਸ ਸਾਰੇ ਵਰਤਾਰੇ ਵਿਚ ਪੂਰਨ ਦੀ ਮਾਂ ਇੱਛਰਾਂ ਇਕ ਅਜਿਹਾ ਤ੍ਰਾਸਦ ਪਾਤਰ ਹੈ ਜਿਸ ਲਈ ਹਰ ਘੜੀ ਦਰਦ ਵਧਦਾ ਹੈ। ਜਿਸ ਪੁੱਤਰ ਦੀ ਉਡੀਕ ਲਈ ਉਹ ਬਾਰਾਂ ਵਰ੍ਹੇ ਤੜਪਦੀ ਰਹੀ ਸੀ,



ਉਸੇ ਪੁੱਤਰ ਦੀ ਮੌਤ ਦਾ ਹੁਕਮਨਾਮਾ ਉਸ ਲਈ ਮੌਤ ਵਾਂਗ ਹੈ। ਉਹ ਰਾਜਾ ਸਲਵਾਨ ਅੱਗੇ ਇਕ ਤਰਲਾ ਬਣਦੀ ਹੋਈ, ਆਪਣੇ ਮਮਤਾ ਦੇ ਕੀਰਨੇ ਪਾਉਂਦੀ ਹੈ। ਕਾਦਰਯਾਰ ਦੀ ਵਡਿਆਈ ਇਹ ਹੈ ਕਿ ਉਸਨੇ ਸਾਰੇ ਪਤਰਾਂ ਦਾ ਦਰਦ ਉਹਨਾਂ ਦੀਆਂ ਆਪਣੀਆਂ-ਆਪਣੀਆਂ ਸਥਿਤੀਆਂ ਵਿਚ ਇੰਝ ਉਭਾਰਿਆ ਹੈ ਕਿ ਇਹ ਸਾਰੇ ਪਾਤਰ ਤ੍ਰਾਸਦੀ ਭੋਗਦੇ ਪ੍ਰਤੀਤ ਹੁੰਦੇ ਹਨ।

ਕਿੱਸੇ ਦਾ ਇਹ ਪੜਾਅ ਉਸ ਕਥਾ ਦੀ ਸਮਾਪਤੀ ਤਕ ਹੈ ਜਿੱਥੇ ਪੂਰਨ ਆਪਣੇ ਫੈਸਲੇ ਕਾਰਣ ਤ੍ਰਾਸਦੀ ਭੋਗਦਾ ਹੈ। ਇਹ ਉਹ ਘੜੀ ਹੈ ਜਿੱਥੇ ਪੂਰਨ ਆਪਣੀ ਪਰੀਖਿਆ ਵਿਚੋਂ ਇੰਝ ਉਭਰਦਾ ਹੈ ਕਿ ਉਹ ਮੌਤ ਰਾਹੀਂ ਜਿੱਤ ਪ੍ਰਾਪਤ ਕਰਦਾ ਹੈ। ਤ੍ਰਾਸਦ ਨਾਇਕ ਦੀ ਵਡਿਆਈ ਅਤੇ ਪਛਾਣ ਹੀ ਇਹ ਹੁੰਦੀ ਹੈ ਕਿ ਉਹ ਆਪਣੀ ਹੋਣੀ ਨੂੰ ਖਿੜੇ ਮੱਥੇ ਸਵੀਕਾਰ ਕਰਦਾ ਹੈ। ਇਸ ਪੜਾਅ ਤੋਂ ਬਾਅਦ ਕਥਾ ਪੂਰਨ ਤੋਂ 'ਪੂਰਨ ਭਗਤ' ਦੀ ਯਾਤਰਾ ਵੱਲ ਫੈਲਦੀ ਹੈ ਅਤੇ ਇਸ ਯਾਤਰਾ ਵਿਚ ਵੀ ਤਣਾਉ ਕਥਾ ਦੇ ਆਰ ਪਾਰ ਫੈਲਿਆ ਹੋਇਆ ਹੈ। ਇਹ ਤਣਾਉ ਪੂਰਨ ਦਾ ਜੋਗ ਪ੍ਰਾਪਤ ਕਰਨ ਅਤੇ ਉਸਦੀ ਪਰੀਖਿਆ ਵਿਚੋਂ ਨਿਕਲਣ ਦੇ ਪਰਯਾਸ ਨਾਲ ਜੁੜਿਆ ਹੋਇਆ ਹੈ। ਜੱਲਾਦਾਂ ਦੁਆਰਾ ਪੂਰਨ ਦੇ ਹੱਥ ਪੈਰ ਕੱਟਕੇ ਖੂਹ ਵਿਚ ਸੁੱਟ ਦਿੱਤੇ ਜਾਣ 'ਤੇ ਪੂਰਨ ਬਾਰਾਂ ਵਰ੍ਹੇ ਖੂਹ ਵਿਚ ਪਿਆ ਰਹਿੰਦਾ ਹੈ। ਗੁਰੂ ਗੋਰਖਨਾਥ ਦੇ ਉਧਰ ਆਉਣ ਨਾਲ ਉਸਨੂ ਨਵਾਂ ਜੀਵਨ ਦਾਨ ਮਿਲਦਾ ਹੈ। ਪੂਰਨ ਕੋਲੋਂ ਉਹਦੇ ਦੁੱਖ ਦੀ ਵਿਥਿਆ ਸੁਣਕੇ ਗੁਰੂ ਗੋਰਖ ਨਾਥ ਉਸਨੂੰ ਨੌ-ਬ-ਨੌ ਕਰ ਦਿੰਦਾ ਹੈ ਅਤੇ ਮੁੜ ਆਪਣੇ ਘਰ ਜਾਣ ਦੀ ਪ੍ਰੇਰਨਾ ਦਿੰਦਾ ਹੈ। ਇਹ ਉਹ ਬਿੰਦੂ ਹੈ ਜਿੱਥੇ ਪੂਰਨ ਨੇ ਇਹ ਫੈਸਲਾ ਲੈਣਾ ਹੈ ਕਿ ਉਹ ਮੁੜ ਸੰਸਾਰ ਵਿਚ ਪ੍ਰਵੇਸ਼ ਕਰੇ ਜਾਂ ਸੰਸਾਰ ਦਾ ਤਿਆਗ ਕਰੇ। ਪੂਰਨ, ਗੁਰੂ ਗੋਰਖ ਨਾਥ ਨੂੰ ਅਜਿਹਾ ਜੋਗ ਦੇਣ ਲਈ ਬੇਨਤੀ ਕਰਦਾ ਹੈ ਜੋ ਉਸਨੂੰ ਉਹਦੇ ਦੁੱਖਾਂ ਤੋਂ ਪਾਰ ਲੈ ਜਾਵੇ।

ਗੁਰੂ ਗੋਰਖ ਨਾਥ ਦਾ ਸ਼ੰਕਾ ਇਹ ਹੈ ਕਿ ਪੂਰਨ ਭਰ ਜੋਬਨ ਵਿਚ ਇਸ ਜੋਗ ਮਤ ਦੀ ਪਰੀਖਿਆ ਵਿਚੋਂ ਕਿਵੇਂ ਪਾਰ ਉਤਰੇਗਾ ਜਦ ਕਿ ਦੂਜੇ ਪਾਸੇ ਪੂਰਨ ਦੀ ਮਾਨਸਿਕ ਉਪਰਾਮਤਾ ਇੰਨੀ ਡੂੰਘੀ ਹੈ ਕਿ ਉਹ ਸੰਸਾਰਕਤਾ ਤੋਂ ਪਾਰ ਪਹੁੰਚਣ ਲਈ ਹਰ ਕਠਿਨ ਪਰੀਖਿਆ ਦਾ ਸਾਹਮਣਾ ਕਰਨ ਲਈ ਆਪਣੇ ਆਪ ਨੂੰ ਤਿਆਰ ਕਰ ਚੁੱਕਾ ਹੈ। ਗੁਰੂ ਗੋਰਖ ਨਾਥ ਪੂਰਨ ਦੀ ਜ਼ਿੱਦ ਅੱਗੇ ਝੁਕਦਾ ਤਾਂ ਹੈ ਪਰੰਤੂ ਨਾਲ ਹੀ ਉਹ ਪੂਰਨ ਨੂੰ ਉਸ ਪਰੀਖਿਆ ਵਿਚ ਪਾ ਦਿੰਦਾ ਹੈ ਜਿੱਥੇ ਸੰਸਾਰਕਤਾ ਅਤੇ ਜੋਗ ਵਿਚਕਾਰ ਤਿੱਖਾ ਟਕਰਾਉ ਹੈ। ਗੁਰੂ ਗੋਰਖ ਨਾਥ ਪੂਰਨ ਨੂੰ ਸ਼ਹਿਰੋਂ ਉਦਰਪੂਰਨਾ ਲਈ ਭਿੱਖਿਆ ਲੈ ਕੇ ਆਉਣ ਦਾ ਆਦੇਸ਼ ਦਿੰਦਾ ਹੈ। ਭਿੱਖਿਆ ਲੈਣ ਗਿਆ ਪੂਰਨ ਜਦੋਂ ਰਾਣੀ ਸੁੰਦਰਾਂ ਦੇ ਮਹਿਲੀਂ ਜਾਂਦਾ ਹੈ ਤਾਂ ਉਸਦੀ ਪਰੀਖਿਆ ਦਾ ਆਰੰਭ ਬਿੰਦੂ ਪ੍ਰਗਟ ਹੁੰਦਾ ਹੈ। ਸੁੰਦਰਾਂ ਦੇ ਰੂਪ ਵਿਚ ਪੂਰਨ ਸਿੱਧਾ ਸੰਸਾਰਕਤਾ ਦੇ ਟਕਰਾਉ ਵਿਚ ਆਉਂਦਾ ਹੈ। ਪੂਰਨ ਲਈ ਇਹ ਚੁਣੌਤੀ ਸਿਰਫ਼ ਭਿੱਖਿਆ ਲੈਣ ਦੀ ਨਹੀਂ ਸਗੋਂ ਸੰਸਾਰਕਤਾ ਤੋਂ ਉੱਪਰ ਪਾਰਗਾਮੀ ਅਵਸਥਾ ਪ੍ਰਾਪਤ ਕਰਨ ਦੀ ਹੈ। ਰਾਣੀ ਸੁੰਦਰਾਂ ਧਨ, ਦੌਲਤ, ਜੋਬਨ ਦਾ ਪ੍ਰਤੀਕ ਹੈ ਅਤੇ ਪੂਰਨ ਲਈ ਉਹ ਇਕ ਭਰਮ ਜਾਲ ਹੈ। ਪੂਰਨ ਨੂੰ ਜੋਗੀ ਰੂਪ ਵਿਚ ਦੇਖਕੇ ਸੁੰਦਰਾਂ ਪੂਰਨ ਨੂੰ ਅਪਨਾਉਣ ਲਈ ਤਨੋਂ ਮਨੋਂ ਤਿਆਰ ਹੋ ਜਾਂਦੀ ਹੈ; 'ਕਾਦਰਯਾਰ ਰਾਣੀ ਖੜ੍ਹੀ ਅਰਜ਼ ਕਰਦੀ, ਘੜੀ ਰਹੋ ਤਾਂ ਜੀਉਕਾ ਪਾਵਨੀ ਹਾਂ।'

ਰਾਣੀ ਦੇ ਇਹਨਾਂ ਬੋਲਾਂ ਵਿਚ ਪੂਰਨ ਨੂੰ ਪਾਉਣ ਦੀ ਇੱਛਾ, ਪੂਰਨ ਲਈ ਇਕ ਵੱਡਾ ਤਣਾਉ ਹੈ। ਪੂਰਨ ਇਸ ਸਾਰੇ ਸੰਕਟ ਨੂੰ ਸਮਝਦਾ ਹੋਇਆ ਸੁੰਦਰਾਂ ਨੂੰ ਆਪਣੀ ਸਥਿਤੀ ਤੋਂ ਵਾਕਫ਼ ਕਰਵਾਉਂਦਾ ਹੈ ਕਿ ਜੇ ਇਸੇ ਸੰਸਾਰਕਤਾ ਨੂੰ ਹੀ ਸਵੀਕਾਰ ਕਰਨਾ ਹੁੰਦਾ ਤਾਂ ਲੂਣਾਂ ਦਾ ਕਿਹਾ ਕਿਉਂ ਮੋੜਦਾ? ਪੂਰਨ ਆਪਣੀ ਇਸ ਉਪਰਾਮਤਾ ਨੂੰ ਢਾਲ ਬਣਾ ਕੇ ਸੁੰਦਰਾਂ ਦੇ ਤਰਲਿਆਂ ਵਿਚ ਥਿੜਕਦਾ ਨਹੀਂ। ਉਹ ਬਿਨਾਂ ਭਿੱਖਿਆ ਲਏ ਵਾਪਸ ਆਪਣੇ ਗੁਰੂ ਪਾਸ ਪਰਤ ਆਉਂਦਾ ਹੈ। ਸੁੰਦਰਾਂ ਗੁਰੂ ਗੋਰਖ ਨਾਥ ਦੇ ਪੈਰ ਛੂੰਹਦੀ ਹੋਈ ਉਸਨੂੰ ਪ੍ਰਸੰਨ ਕਰਕੇ ਪੂਰਨ ਨੂੰ ਵਰ ਦੇ ਰੂਪ ਵਿਚ ਮੰਗਦੀ ਹੈ। ਗੋਰਖਨਾਥ ਵੱਲੋਂ

ਸੁੰਦਰਾਂ ਦੇ ਨਾਲ ਜਾਣ ਦਾ ਆਦੇਸ਼ ਸੁਣਕੇ ਪੂਰਨ ਨਵੇਂ ਤਣਾਉ ਅਤੇ ਸੰਕਟ ਵਿਚ ਪੈ ਜਾਂਦਾ ਹੈ। ਗੁਰੂ ਗੋਰਖਨਾਥ ਵੱਲੋਂ ਪਾਈ ਇਹ ਪਰੀਖਿਆ ਬੜੀ ਸੋਚੀ ਸਮਝੀ ਅਤੇ ਗੁੰਝਲਦਾਰ ਹੈ। ਪੂਰਨ ਆਪਣੀ ਦ੍ਰਿੜ ਮਾਨਸਿਕਤਾ ਸਦਕਾ ਬੇਖਬਰ ਸੁੰਦਰਾਂ ਨੂੰ ਮਹਿਲੀਂ ਛੱਡ ਕੇ ਗੁਰੂ ਪਾਸ ਪਰਤ ਆਉਂਦਾ ਹੈ; 'ਸੀਨ ਸੁੰਦਰਾਂ ਦੇ ਸਵਾਸ ਮੁਕਤ ਹੋਏ, ਪੂਰਨ ਨੱਸ ਕੇ ਗੁਰੂ ਦੇ ਪਾਸ ਪੁੰਨਾ।'

ਸੁੰਦਰਾਂ ਦੇ ਡੂੰਘੇ ਤਰਲੇ ਦੇ ਬਾਵਜੂਦ ਪੂਰਨ ਦਾ ਆਪਦੀ ਸਾਬਤੀ ਸਮੇਤ ਵਾਪਸ ਗੁਰੂ ਪਾਸ ਪਰਤ ਆਉਣਾ, ਭਗਤੀ ਦੀ ਸੰਸਾਰਕਤਾ ਉਪਰ ਜਿੱਤ ਹੈ। ਸੁੰਦਰਾਂ ਦੇ ਰੂਪ ਵਿਚ ਜਿਹੜੀ ਪਰੀਖਿਆ ਗੁਰੂ ਗੋਰਖ ਨਾਥ ਨੇ ਸਾਕਾਰ ਦੇਖੀ ਉਸ ਵਿਚ ਉਸਨੂੰ ਪੂਰਨ ਭਗਤ, ਪੂਰਨ ਬਣਦਾ ਪ੍ਰਤੀਤ ਹੋ ਰਿਹਾ ਹੈ। ਲੇਕਿਨ ਗੁਰੂ ਗੋਰਖਨਾਥ ਅਜੇ ਵੀ ਸੰਤੁਸ਼ਟ ਨਹੀਂ। ਉਹ ਪੂਰਨ ਨੂੰ ਇਕ ਹੋਰ ਪਰੀਖਿਆ ਵਿਚ ਪਾ ਦਿੰਦਾ ਹੈ ਜਿੱਥੇ ਪੂਰਨ ਨੂੰ ਤਿੱਖਾ ਤਣਾਉ ਭੋਗਣਾ ਪੈਂਦਾ ਹੈ। ਇਹ ਤਣਾਉ ਗੁਰੂ ਦੇ ਉਸ ਆਦੇਸ਼ ਵਿਚ ਹੈ ਕਿ ਪੂਰਨ ਮੁੜ ਸਿਆਲਕੋਟ ਆਪਣੇ ਮਾਪਿਆਂ ਦੀ ਜੂਹ ਵਿਚ ਪਰਤੇ। ਗੁਰੂ ਦੀ ਇਹ ਪਰੀਖਿਆ ਪਹਿਲੀ ਪਰੀਖਿਆ ਨਾਲੋਂ ਵਧੇਰੇ ਕਠਿਨ ਹੈ ਕਿਉਂਕਿ ਹੁਣ ਪੂਰਨ ਜਜ਼ਬਿਆਂ ਦੇ ਦੇਸ਼ ਜਾ ਰਿਹਾ ਹੈ। ਇਹ ਉਹ ਦੇਸ਼ ਹੈ ਜਿੱਥੇ ਦੁੱਖਾਂ ਭਰੀ ਅੰਨ੍ਹੀ ਮਾਂ ਨੇ ਮਿਲਣਾ ਹੈ ਅਤੇ ਉਹ ਜੂਹ ਹੈ ਜਿੱਥੇ ਹਰ ਦ੍ਰਿਸ਼ ਉਸਦੀ ਯਾਦ ਅਤੇ ਪੀੜਾ ਨਾਲ ਭਰਪੂਰ ਹੈ।

ਪੂਰਨ ਸਿਆਲਕੋਟ ਵਿਚ ਬਤੌਰ ਇਕ ਪੁੱਤਰ ਪ੍ਰਵੇਸ਼ ਨਹੀਂ ਕਰ ਰਿਹਾ ਬਲਕਿ ਇਕ ਜੋਗੀ ਦੇ ਰੂਪ ਵਿਚ ਹੈ। ਪੂਰਨ ਜੋਗੀ ਦੀ ਆਮਦ ਨਾਲ ਪ੍ਰਕਿਰਤੀ ਦਾ ਪ੍ਰਤੀਕਰਮ ਵੇਖਣ ਯੋਗ ਹੈ। ਉਜੜੇ ਬਾਗ ਹਰੇ ਹੋ ਜਾਂਦੇ ਹਨ, ਬੁਝੇ ਦੀਵੇ ਜਗ ਪੈਂਦੇ ਹਨ। ਨਿਰਸੰਦੇਹ, ਕਿੱਸਾਕਾਰ ਇਸ ਸਾਰੇ ਕਰਮ ਵਿਚੋਂ ਪੂਰਨ ਦੀ ਉਸ ਅੰਦਰਲੀ ਆਤਮਕ ਸ਼ਕਤੀ ਦਾ ਸੰਕੇਤ ਦਿੰਦਾ ਹੈ ਜਿਸਦੇ ਬਲਬੂਤੇ ਉਸਨੇ ਆਉਣ ਵਾਲੇ ਤਣਾਉ ਵਿਚੋਂ ਪਾਰ ਲੰਘਣਾ ਹੈ।

ਰਾਜੇ ਨੂੰ ਜਦੋਂ ਪੂਰਨ ਜੋਗੀ ਦੀ ਸ਼ਕਤੀ ਦਾ ਪਤਾ ਲਗਦਾ ਹੈ ਤਾਂ ਉਹ ਆਪਣੀ ਰਾਣੀ ਲੂਣਾਂ ਨੂੰ ਲੈ ਕੇ ਪੂਰਨ ਜੋਗੀ ਦੇ ਚਰਨਾ 'ਤੇ ਆ ਕੇ ਸੀਸ ਨਿਵਾਉਂਦਾ ਹੋਇਆ ਪੁੱਤਰ-ਪ੍ਰਾਪਤੀ ਦੀ ਫਰਿਆਦ ਕਰਦਾ ਹੈ। ਸਥਿਤੀ ਅੰਦਰਲਾ ਤਣਾਉ ਇਹ ਹੈ ਕਿ ਜਿਸ ਰਾਜੇ ਨੇ ਆਪਣੇ ਪੁੱਤਰ ਨੂੰ ਆਪ ਮਰਵਾਇਆ ਸੀ, ਉਹ ਉਸੇ ਪੁੱਤਰ ਅੱਗੇ ਪੁੱਤਰ ਦੀ ਦਾਤ ਮੰਗ ਰਿਹਾ ਹੈ। ਇਸ ਵਿਰੋਧੀ ਅਵਸਥਾ ਵਿਚ ਪੁੱਤਰ ਲਈ ਰਾਜੇ ਦੀ ਵਿਲਕਣੀ ਉਸਨੂੰ ਸਰਾਪਿਆ ਮਨੁੱਖ ਬਣਾਉਂਦੀ ਹੈ। ਰਾਜ ਸਲਵਾਨ ਡੂੰਘੇ ਦਰਦ ਵਿਚ ਹੈ, ਰਾਜੇ ਨਾਲ ਖਲੋਤੀ ਲੂਣਾਂ ਸ਼ਰਮਿੰਦੀ ਅਤੇ ਅੰਦਰੋਂ ਬੁਝੀ ਹੋਈ ਹੈ। ਇਹ ਸਾਰੇ ਪਾਤਰ ਆਪਣੀ ਆਪਣੀ ਸਥਿਤੀ ਵਿਚ ਤਣਾਉ ਭਰਪੂਰ ਹਨ। ਜੋਗੀ ਦੇ ਰੂਪ ਵਿਚ ਪੂਰਨ ਦਾ ਇਹ ਆਦੇਸ਼ ਹੈ ਕਿ ਅਸਲ ਸਥਿਤੀ ਖੋਲ੍ਹ ਕੇ ਦੱਸੋ ਤਾਂ ਜੁ ਅੱਗੋਂ ਵਰ ਦੀ ਸੰਭਾਵਨਾ ਹੋ ਸਕੇ। ਰਾਜਾ ਸਲਵਾਨ, ਜੋਗੀ ਦੇ ਇਸ ਆਦੇਸ਼ ਅੱਗੇ ਥਿੜਕ ਜਾਂਦਾ ਹੈ ਅਤੇ ਪੁੱਤਰ ਉੱਤੇ ਕੀਤੇ ਕੁਕਰਮ ਦੀ ਕਹਾਣੀ ਸੁਣਾਉਂਦਾ ਹੈ। ਰਾਜੇ ਸਲਵਾਨ ਲਈ ਅੱਜ ਵੀ ਉਸਦਾ ਪੁੱਤਰ ਪਾਪੀ ਅਤੇ ਦੋਸ਼ੀ ਹੈ। ਪੂਰਨ ਅੱਜ ਇਸ ਝੂਠੀ ਤੋਹਮਤ ਨੂੰ ਜੱਗ ਜ਼ਾਹਰ ਕਰ ਸਕਦਾ ਹੈ ਅਤੇ ਇਹ ਲੂਣਾਂ ਦੇ ਬੋਲਾਂ ਰਾਹੀਂ ਹੀ ਸੰਭਵ ਹੋ ਸਕਦਾ ਹੈ। ਲੂਣਾਂ ਨੇ ਭਾਵੇਂ ਪੂਰਨ ਨੂੰ ਮਰਵਾ ਕੇ ਆਪਣੀ ਹਉਂ ਨੂੰ ਤਾਂ ਪੁਗਾ ਲਿਆ ਸੀ ਪਰੰਤੂ ਉਸਦੇ ਅੰਤਹਕਰਣ ਨੂੰ ਇਸ ਕਹਿਰ ਨੇ ਬੇਆਰਾਮ ਕਰੀ ਰੱਖਿਆ ਸੀ। ਲੂਣਾਂ ਲਈ ਹੁਣ ਅੰਦਰਲਾ ਦਰਦ ਸੰਕਟ ਬਣਿਆ ਹੈ। ਇਕ ਪਾਸੇ ਪੁੱਤਰ ਦੀ ਦਾਤ ਦਾ ਸੰਕੇਤ ਅਤੇ ਦੂਜੇ ਪਾਸੇ ਅੰਦਰਲਾ ਤਣਾਉ ਸਿਖਰ ਉਪਰ ਹੈ। ਉਸ ਲਈ ਹੁਣ ਟਿਕੇ ਰਹਿਣਾ ਮੁਮਕਿਨ ਹੀ ਨਹੀਂ। ਉਹ ਜੋਗੀ ਦੇ ਪੈਰਾਂ ਉੱਪਰ ਡਿੱਗ ਕੇ ਇਹ ਬੋਲ ਉਚਾਰਦੀ ਹੈ; 'ਗੱਲਾਂ ਕੀਤੀਆਂ ਮੈ ਆਪ ਹੁਦਰੀਆਂ ਨੀ, ਤੁਹਮਤ ਲਾਇ ਕੇ ਲਾਲ ਕੁਹਾਇਆ ਈ।'

ਲੂਣਾਂ ਦਾ ਇਹ ਇਕਬਾਲ ਸਮੁੱਚੀ ਖਲਕਤ ਅਤੇ ਰਾਜੇ ਪ੍ਰਤੀ ਇਕ ਨਵੇਂ ਰਹੱਸ ਦਾ ਉਦਘਾਟਨ ਹੈ। ਇਹਨਾਂ ਬੋਲਾਂ ਨੂੰ ਸੁਣਦਿਆਂ ਰਾਜਾ ਲੂਣਾਂ ਨੂੰ ਸਖਤ ਤੋਂ ਸਖਤ ਸਜ਼ਾ ਦੇਣ ਲਈ ਤਿਆਰ ਹੁੰਦਾ ਹੈ।



ਦੂਜੇ ਪਾਸੇ ਪੂਰਨ ਅਜਿਹੀ ਅਵਸਥਾ ਨੂੰ ਪ੍ਰਾਪਤ ਕਰ ਚੁੱਕਾ ਹੈ ਜਿੱਥੇ ਉਸ ਅੰਦਰ ਬਦਲੇ ਦੀ ਭਾਵਨਾ ਗ਼ੈਰ ਹਾਜ਼ਰ ਹੈ। ਸਭਨਾਂ ਦੀ ਨਜ਼ਰ ਵਿਚ ਮੁਕਤ ਹੋਇਆ ਪੂਰਨ ਹੁਣ ਜੋਗੀ ਰੂਪ ਵਿਚ ਰੱਬੀ ਮਿਹਰ ਵਿਚ ਆ ਕੇ ਰਾਜੇ ਦੇ ਘਰ ਪੁੱਤਰ ਹੋਣ ਦਾ ਵਰ ਦਿੰਦਾ ਹੈ। ਆਪਣੇ ਪਿਤਾ ਨੂੰ ਪੁੱਤਰ ਦੀ ਦਾਤ ਦੇ ਕੇ ਉਹ ਅੱਗੋਂ ਆਪਣੀ ਮਾਂ ਇੱਛਰਾਂ ਨੂੰ ਮਿਲਣ ਦਾ ਸੰਕਲਪ ਧਾਰਦਾ ਹੈ।

ਮਾਂ ਇੱਛਰਾਂ ਨੂੰ ਦੇਖਕੇ ਪੂਰਨ ਅੰਦਰ ਇਕ ਡੂੰਘਾ ਵੈਰਾਗ ਜਾਗਦਾ ਹੈ ਪਰੰਤੂ ਆਪਣੀ ਇਕਾਗਰਤਾ ਨੂੰ ਬਾਹਰੀ ਰੂਪ ਵਿਚ ਉਹ ਥਿੜਕਣ ਨਹੀਂ ਦਿੰਦਾ। ਅੱਖੀਆਂ ਦਾ ਦਾਰੂ ਲੈਣ ਆਈ ਮਾਂ ਜਦੋਂ ਜੋਗੀ ਦੀ ਆਵਾਜ਼ ਸੁਣਦੀ ਹੈ ਤਾਂ ਉਸ ਅੰਦਰਲੀਆਂ ਉਹ ਸ਼ਕਤੀਆਂ ਜਾਗ ਪੈਂਦੀਆਂ ਹਨ, ਜਿਹੜੀਆਂ ਰੱਬੀ ਰੂਹਾਂ ਨੂੰ ਮੇਲਦੀਆਂ ਹਨ। ਮਾਂ ਦੇ ਇਹ ਬੋਲ 'ਅੱਖੀਂ ਦਿਸੇ ਤਾਂ ਸੂਰਤੋਂ ਲੱਭ ਲਵਾਂ, ਬੋਲੀ ਵੱਲੋਂ ਤਾਂ ਪੁੱਤ ਪਰਤਾਇਆ ਹੈ' ਪੁੱਤਰ ਦੀ ਪਹਿਚਾਣ ਪ੍ਰਤੀ ਅੰਦਰਲੇ ਵਿਸ਼ਵਾਸ ਦਾ ਪ੍ਰਗਟਾਵਾ ਹਨ। ਜਿਸ ਭੇਦ ਨੂੰ ਅਜੇ ਤਕ ਪੂਰਨ, ਜੋਗੀ ਦੇ ਰੂਪ ਵਿਚ ਲੁਕਾਈ ਬੈਠਾ ਸੀ, ਉਸ ਭੇਦ ਨੂੰ ਮਾਂ ਦੀ ਮਮਤਾ ਨੇ ਸਾਰੇ ਜੱਗ ਅੱਗੇ ਜ਼ਾਹਰ ਕਰ ਦਿੱਤਾ ਹੈ।

ਮਾਂ ਪੁੱਤਰ ਦੇ ਇਸ ਮਿਲਾਪ ਰਾਹੀਂ ਅਜਿਹਾ ਸੁਖਦ ਮਾਹੌਲ ਬਣਦਾ ਹੈ ਜੋ ਪੂਰਨ ਨੂੰ ਸੰਸਾਰਕਤਾ ਵੱਲ ਪ੍ਰੇਰਦਾ ਹੈ। ਮਾਂ ਦੀ ਵਿਲਕਣੀ, ਪਿਉ ਦੀ ਫਰਿਆਦ ਅਤੇ ਲੂਣਾਂ ਦਾ ਪਛਤਾਵਾ ਪੂਰਨ ਲਈ ਬੜਾ ਦਿਲ ਹਿਲਾਉਣ ਵਾਲਾ ਹੈ। ਪਰ ਔਖੀ ਘੜੀ ਇਹ ਹੈ ਕਿ ਜੇ ਉਹ ਇਸ ਸਾਰੇ ਤਰਲ ਮਾਹੌਲ ਵਿਚ ਆਪ ਤਰਲ ਹੁੰਦਾ ਹੈ ਤਾਂ ਉਸਦੀ ਜੋਗੀ ਦੇ ਰੂਪ ਵਿਚ ਮੌਤ ਹੁੰਦੀ ਹੈ। ਪੂਰਨ ਇਕ ਮੌਤ ਤੋਂ ਬਾਅਦ ਦੂਜੀ ਮੌਤ ਲਈ ਤੱਤਪਰ ਨਹੀਂ। ਉਹ ਪੂਰੇ ਮਨੋਬਲ ਨਾਲ ਆਪਣੇ ਪਿਤਾ ਦੇ ਰਾਜ ਭਾਗ ਦਾ ਵਾਰਿਸ ਬਣਨ ਦੇ ਪ੍ਰਸਤਾਵ ਨੂੰ ਠੁਕਰਾ ਦਿੰਦਾ ਹੈ ਅਤੇ ਗੁਰੂ ਗੋਰਖ ਨਾਥ ਦੇ ਚਰਨੀਂ ਜਾ ਬੈਠਦਾ ਹੈ। ਇਸ ਸਾਰੇ ਵਿਸ਼ਲੇਸ਼ਣ ਵਿਚ ਉਸ ਤਣਾਉ ਦਾ ਸੂਤਰ ਲੱਭਦਾ ਹੈ ਜੋ ਸੰਸਾਰਕਤਾ ਅਤੇ ਭਗਤੀ ਵਿਚਕਾਰ ਹੈ। ਸੰਸਾਰਕਤਾ ਦੇ ਪ੍ਰਤੀਕ ਰਾਜਾ ਸਲਵਾਨ, ਲੂਣਾਂ ਅਤੇ ਮਾਂ ਇੱਛਰਾ ਹਨ ਜੋ ਪੂਰਨ ਨਾਥ ਜੋਗੀ ਅੱਗੇ ਹਾਰ ਜਾਂਦੇ ਹਨ। ਉਹਨਾਂ ਦੇ ਤਰਲਿਆਂ ਅੱਗੇ ਪੂਰਨ ਪੁੱਤਰ ਨਹੀਂ ਬਣਦਾ ਸਗੋਂ ਇਸ ਸਾਰੀ ਮੋਹ ਭਰੀ ਲੀਲ੍ਹਾ ਨੂੰ ਤਿਆਗ ਕੇ ਜੋਗੀ ਪਦ ਪ੍ਰਾਪਤ ਕਰਦਾ ਹੈ।

ਪੂਰਨ ਭਗਤ ਦੀ ਕਥਾ ਉਸ ਵਿਅਕਤੀ ਦੀ ਕਥਾ ਹੈ ਜੋ ਤ੍ਰਾਸਦੀ ਭੋਗ ਦੇ ਆਪਣੇ ਜੀਵਨ ਨੂੰ ਵਡੇਰੇ ਰੱਬੀ ਮੋਹ ਨਾਲ ਜੋੜ, ਦੁਨੀਆਂ ਅੱਗੇ ਭਗਤੀ ਦਾ ਆਦਰਸ਼ ਸਥਾਪਤ ਕਰਦਾ ਹੈ। ਇਸ ਕਥਾ ਦੀ ਧੁਨੀ ਵਿਚੋਂ ਇਹ ਅਰਥ ਉਭਰਦਾ ਹੈ ਕਿ ਮਨੁੱਖ ਜਦੋਂ ਸੰਸਾਰਕਤਾ ਤੋਂ ਉਪਰਾਮ ਹੋ ਕੇ ਦੈਵੀ ਰੰਗ ਵਿਚ ਡੁੱਬਦਾ ਹੈ ਤਾਂ ਉਸਦੇ ਅੰਦਰਲੇ ਸਾਰੇ ਤਣਾਉ ਅਤੇ ਦੁੱਖ ਸਮਾਪਤ ਹੋ ਜਾਂਦੇ ਹਨ। ਨਜ਼ਮ ਹੁਸੈਨ ਸੱਯਦ ਪੂਰਨ ਦੀ ਇਸ ਉੱਚ ਮਾਨਸਿਕ ਅਵਸਥਾ ਨੂੰ ਉਸਦੇ ਵੈਰਾਗੀ ਚਰਿੱਤਰ ਦੀ ਉੱਚਤਾ ਨਾਲ ਜੋੜਦਾ ਹੈ ਜਿਸ ਰਾਹੀਂ ਉਸਨੇ ਲੂਣਾਂ, ਸੁੰਦਰਾਂ, ਇੱਛਰਾਂ ਤੇ ਰਾਜੇ ਸਲਵਾਨ ਨੂੰ ਅਸਲ ਸੱਚ ਦੀ ਪਛਾਣ ਕਰਵਾਈ ਹੈ; "ਪੂਰਨ ਦੀ ਕਹਾਣੀ ਜੱਗ ਵਿਚ ਜੋਗੀ ਦੇ ਸਤਿ ਦੀ ਕਹਾਣੀ ਹੈ। ਜੋਗੀ ਹਯਾਤੀ ਦਾ ਸਤਿ ਏ। ਹਯਾਤੀ ਦਾ ਸਤਿ ਸਦਾ ਬਹਾਰ ਏ, ਜਿਹੜਾ ਸੌ-ਸੌ ਰੂਪਾਂ ਵਿਚ ਰਹਿ ਕੇ ਵੀ ਹਰ ਰੂਪ ਤੋਂ ਵੱਖਰਾ ਏ, ਜਿਹੜਾ ਸਾਰੀਆਂ ਬਾਧਾਂ ਕਬੂਲ ਕੇ ਵੀ ਹਮੇਸ਼ਾਂ ਖੁੱਲ੍ਹ ਮਾਣਦਾ ਏ, ਜਿਹੜਾ ਮੂਲ ਸੁਖ ਤੇ ਆਨੰਦ ਏ ਪਰ ਹਯਾਤੀ ਦਾ ਇਹ ਸੱਚ ਕਿਸੇ ਇਕ ਜੀਅ ਅੰਦਰ ਤਦੇ ਜ਼ਾਹਰ ਹੋ ਸਕਦਾ ਏ ਜੇ ਜੱਗ ਦੇ ਹਰ ਜੀਅ ਅੰਦਰ ਜ਼ਾਹਰ ਹੋ ਜਾਵੇ।"

ਪੂਰਨ ਦੇ ਇਸ ਕਿੱਸੇ ਵਿਚ ਅਣਚਾਹੀ ਸਥਿਤੀ ਤੋਂ ਇਕ ਵੱਖਰਾ ਮਾਰਗ ਅਪਨਾਉਣ ਦੀ ਜੁਗਤ ਹੈ। ਪੂਰਨ ਜ਼ਿੰਦਗੀ ਦੀ ਨਿਰਾਰਥਕਤਾ ਨਾਲ ਜੂਝਦਾ ਨਹੀਂ ਬਲਕਿ ਆਪਣੀ ਅੰਦਰਲੀ ਸ਼ਕਤੀ ਨੂੰ ਨਵਾਂ ਰੂਪ ਦੇ ਦਿੰਦਾ ਹੈ। ਪੂਰਨ ਤਣਾਉ ਤੋਂ ਪਾਰ ਜਾਣ ਦਾ ਮਾਰਗ ਲੱਭ ਆਪਣੀ ਹੋਣੀ ਨੂੰ ਨਵਾਂ ਸੁਖਦ ਮੋੜ ਦਿੰਦਾ ਹੋਇਆ ਅਜਿਹਾ ਆਦਰਸ਼ ਕਾਇਮ ਕਰਦਾ ਹੈ ਜੋ ਦੂਜਿਆਂ ਲਈ ਪ੍ਰਤੀਮਾਨ ਬਣਦਾ ਹੈ।

[ਈ-30, ਪੰਜਾਬ ਯੂਨੀਵਰਸਿਟੀ ਕੈਂਪਸ, ਚੰਡੀਗੜ੍ਹ]

## **Discovering the Vedas**, Frits Staal

Penguin (India), 2008, pp 419, Rs. 495/-

ਕਈ ਦੇਸ਼ਾਂ 'ਚੋਂ ਪ੍ਰਾਪਤ ਹੋਏ ਪੁਰਾਤੱਤ ਵਿਗਿਆਨ (Archaeology) ਤੋਂ ਪਤਾ ਲਗਦਾ ਹੈ ਕਿ ਆਰਯ ਟੋਲੀਆਂ ਹਿੰਦੋਸਤਾਨ ਵਿਚ ਕਜ਼ਾਕਸਤਾਨ, ਤਾਸ਼ਕੰਦ, ਕਾਸ਼ਗ਼ਰ, ਕਾਬਲ, ਪੇਸ਼ਾਵਰ/ਕੋਇਟਾ ਵਿਚੀਂ ਲੰਘਕੇ ਆਈਆਂ ਅਤੇ ਰਾਹ ਵਿਚ ਹਿੰਦੂਕੁਸ਼, ਪਾਮੀਰ, ਕੁਰਾਕੁਰਮ ਅਤੇ ਪੱਛਮੀ ਹਿਮਾਲੀਆ ਦੀਆਂ ਦੁਸ਼ਵਾਰੀਆਂ ਆਈਆਂ। ਇਹਨਾਂ ਦਾ ਓਹੀ ਰਾਹ ਸੀ ਜਿਸ 'ਤੇ ਚੀਨੀ ਯਾਤਰੀ ਹਿੰਦੋਸਤਾਨ ਆਏ ਜਾਂ ਭਾਰਤੀ ਬੋਧੀ ਚੀਨ ਜਾਂਦੇ ਰਹੇ।

ਹਿੰਦੋਸਤਾਨ ਵਿਚ ਆਰਯ ਆਗਮਨ ਦੇ ਪਿਛੋਕੜ ਵਿਚ ਸਭ ਤੋਂ ਮਹੱਤਵਪੂਰਨ ਤੱਥ ਇਹ ਹੈ ਕਿ ਕੋਈ ਅੱਠ ਸੱਤ ਹਜ਼ਾਰ ਸਾਲ ਪੂਰਵ ਈਸਾ ਸ਼ਾਮ (ਸੀਰੀਆ)-ਫ਼ਲਸਤੀਨ ਵਿਚ ਕ੍ਰਿਸ਼ੀ ਦੀ ਕਾਢ ਹੋ ਚੁੱਕੀ ਸੀ ਅਤੇ ਸਿੰਧ ਘਾਟੀ ਵਿਚ ਜਾਲਕ ਕ੍ਰਿਸ਼ੀ 'ਤੇ ਆਧਾਰਤ ਸੱਭਯਤਾ ਪ੍ਰਗਟ ਹੋ ਚੁੱਕੀ ਸੀ।

ਸਨ 1380 ਪੂਰਵ ਈਸਾ (ਅੱਜੋਕੇ ਤੁਰਕੀ ਵਿਚ) Hittite ਸ਼ਹਿਨਸ਼ਾਹ ਦਾ ਸੀਰੀਆ-(ਉੱਤਰੀ) ਇਰਾਕ ਦੇ ਮਿਤਨਾਨੀ ਬਾਦਸ਼ਾਹ ਨਾਲ ਸਮਝੌਤਾ ਹੋਇਆ ਜਿਸ ਵਿਚ ਇੰਦਰ, ਮਿੱਤਰ, ਵਰੁਣ ਦੇਵਤਿਆਂ ਦਾ ਜ਼ਿਕਰ ਹੈ। ਇਸੇ ਸਮੇਂ ਕੋਈ ਕਿੱਕੁਲੀ ਨਾਮੀ ਵਿਸ਼ੇਸ਼ੱਗ ਘੋੜਿਆਂ ਦੀ ਸਿਲਖਾਈ ਅਤੇ ਰਥਕਾਰੀ ਬਾਰੇ ਲਿਖਦਾ ਹੈ ਜਿਸ ਦੀ ਭਾਸ਼ਾ ਵੈਦਿਕ ਨਾਲ਼ ਰਲਦੀ ਹੈ।

ਇਕ ਹੋਰ ਮਹੱਤਵਪੂਰਨ ਤੱਥ ਹੈ ਕਿ ਅਰਾਂ ਵਾਲੇ ਪਹੀਏ ਦੀ ਕਾਢ ਚੌਥੇ ਸਹਿਸਰ ਪੂਰਵ ਈਸਾ ਮੀਸੋਪੋਟੇਮੀਆ (ਅੱਜੋਕਾ ਇਰਾਕ) ਵਿਚ ਹੋਈ ਜਿਹੜੀ ਤੀਜੇ ਸਹਿਸਰ 'ਚ ਤੁਰਕੀ (ਲਘੂ ਏਸ਼ੀਆ) ਆਦਿ 'ਚ ਫੈਲ ਗਈ ਸੀ। ਇਹਨਾਂ ਦੋਵੇਂ ਤੱਥਾਂ ਤੋਂ ਆਰਯ ਖੰਡ ਦੇ ਮੂਲ ਸਰੋਤ ਦਾ ਅਨੁਮਾਨ ਲਗਦਾ ਹੈ।

ਘੋੜਾ, ਸੰਸਕ੍ਰਿਤ ਅਸ਼ਵ, ਫ਼ਾਰਸੀ ਅਸਪ ਭਾਰਤ ਵਿਚ ਨਾਯਾਬ ਸੌਗਾਤ ਹੈ। ਪਹਿਲੀ ਵਿਸ਼ਵ ਲੜਾਈ ਤਕ ਹਿੰਦੋਸਤਾਨੀ ਫ਼ੌਜ ਕੋਲ ਉੱਨੇ ਘੋੜੇ ਨਹੀਂ ਸਨ ਜਿੰਨਿਆਂ ਦੀ ਲੋੜ ਸੀ। ਇਸ ਕਰਕੇ ਸਰਕਾਰ ਬਾਰ ਵਿਚ ਘੋੜੀਪਾਲ ਮਰੱਬੇ ਦਿੰਦੀ ਸੀ। ਰਿਗਵੇਦ (1.51.13) ਵਿਚ ਹੀ ਰਥ ਨੂੰ ਘੋੜਿਆਂ ਦੀ ਥਾਉਂ ਬਲਦ ਜੋੜਨ ਦਾ ਜ਼ਿਕਰ ਹੈ। ਰਿਗਵੇਦ 'ਚ ਅਸ਼ਵ ਦੇ 792 ਹਵਾਲੇ ਹਨ, ਇੰਨੇ ਕੁ ਰਥ ਦੇ। ਇਹਦੇ ਤਕਨੀਕੀ ਹਿੱਸਿਆ, ਅਰਥਾਤ ਨੇਮੀ, ਪੜੀ, ਨਾਭੀ ਅਣੀ (linchpin) ਅਤੇ ਮੋਗੀ ਦਾ ਵਰਣਨ ਹੈ।

ਸਾਡੇ ਦੇਸ਼ ਵਿਚ 'ਕੁਰਬਾਨੀ' ਤੋਂ ਜ਼ਿਆਦਾ ਕੋਈ ਭਾਵੁਕ ਸ਼ਬਦ ਨਹੀਂ। ਇੰਝੇ ਕੋਈ ਚੀਜ਼ ਚੱਕਰ ਤੋਂ ਜ਼ਿਆਦਾ ਧਾਰਮਿਕ-ਰਾਜਨੀਤਕ ਨਹੀਂ, ਜਿਵੇਂ ਧਰਮ ਚੱਕਰ, ਅਸ਼ੋਕ ਚੱਕਰ, ਚੱਕਰਵਰਤੀ, ਜਿਹੜਾ ਰਾਸ਼ਟਰੀ ਚਿੰਨ੍ਹ ਅਤੇ ਕਾਂਗਰਸੀ ਝੰਡੇ ਵਿਚ ਪ੍ਰਵੇਸ਼ ਕਰ ਗਿਆ ਹੈ।

ਰਥ ਪ੍ਰਾਚੀਨ ਕਾਲ ਦਾ ਟੈਂਕ (Tank) ਸੀ; ਰਾਜਿਆਂ ਦੀ ਜਯ-ਝਾਕੀ ਦਾ ਅੰਗ ਸੀ। ਅੱਜੋਕੀ ਸੰਪਰਦਾਈ ਰਾਜਨੀਤੀ ਨੂੰ ਰਥ-ਯਾਤਰਾ ਦੀ ਲੋੜ ਅਨੁਭਵ ਹੋਈ ਹੈ। ਰਥ ਆਤਮਕ ਪ੍ਰਵਾਹ ਦਾ ਚਿੰਨ੍ਹ ਹੈ ਜਿਵੇਂ ਬਾਬਾ ਨਾਨਕ ਕਹਿੰਦਾ ਹੈ - ਸਤਿਜੁਗਿ ਰਥੁ ਸੰਤੋਖ ਕਾ...ਤ੍ਰੇਤੈ ਰਥੁ ਜਤੈ ਕਾ...ਦੁਆਪੁਰਿ ਰਥੁ ਤਪੈ ਕਾ...ਕਲਜੁਗਿ ਰਥੁ ਅਗਨਿ ਕਾ (ਆਸਾ ਦੀ ਵਾਰ, ਸ਼ਲੋਕ 1/13, ਆਦਿ ਗ੍ਰੰਥ 470) ਗੀਤਾ ਵਿਚ ਅਰਜਨ ਦਾ ਕ੍ਰਿਸ਼ਨ ਰਥਵਾਹ ਆਤਮਕ-ਲੌਕਿਕਤਾ ਦਾ ਪ੍ਰਤੀਕ ਹੈ ਭਾਵੇਂ ਸਾਨੂੰ ਇੰਝ ਨਜ਼ਰ ਆਵੇ ਜਾਂ ਨਾਂਹ।

ਅੱਜਕਲ ਵੀ ਦੱਕਨ (Deccan) ਦੇ ਕਈ ਹਿੱਸਿਆਂ ਵਿਚ ਰਥਕਾਰ ਤਰਖਾਣ ਪੱਛੜੀ ਜਾਤੀ (OBC) ਨਹੀਂ ਸਗੋਂ ਜਨੇਊ (ਉਪਨਯਨ) ਪਹਿਰਨ ਦਾ ਅਧਿਕਾਰੀ ਹੈ।

ਆਰਯ ਰਾਹੀਂ ਵੇਦਾਂ ਦੀ ਚੜ੍ਹਤ ਅਸ਼ਵ, ਰਥ, ਮੰਤਰ ਰਾਹੀਂ ਹੋਈ। ਇਹਦਾ ਵਰਣਨ (ਰਿਗ ਵੇਦ 7.33) ਵਿਚ ਹੈ। ਰਿਸ਼ੀ ਵਿਸ਼ਿਸ਼ਟ ਦੋ ਪੇਔਂ, ਮਿੱਤਰ ਵਰੁਣ, ਦਾ ਪੁੱਤਰ ਸੀ ਜਿਸਦਾ ਜਨਮ



ਉਰਵਸ਼ੀ ਨਾਮੀ ਅਪਸਰਾ ਦੇ ਪੇਟ 'ਚੋਂ ਨਹੀਂ, ਉਹਦੇ ਮਨ 'ਚ ਹੋਇਆ। ਵਿਸ਼ਿਸ਼ਟ ਰਾਜਾ ਸੁਦਾਸ ਦਾ ਪੁਰੋਹਿਤ ਹੋ ਗਿਆ। ਸੁਦਾਸ ਦਸ ਰਾਜਿਆਂ ਦੀ ਆਪਸੀ ਲੜਾਈ ਵਿਚ ਜਯਤਾ ਰਿਹਾ। ਸੁਦਾਸ ਦੀ ਫ਼ਤਹਿ ਇੰਦਰ ਦੇਵਤਾ ਦੀ ਸਹਾਇਤਾ ਕਾਰਨ ਸੀ ਜਿਸਦਾ ਮੰਤਰ ਰਾਹੀਂ ਵਿਸ਼ਿਸ਼ਟ ਨੇ ਆਵਾਹਨ ਕੀਤਾ ਸੀ। ਅਸੀਂ 'ਮੰਤਰ' ਨੂੰ ਪੂਰਵ-ਇਤਿਹਾਸਕ ਝਾੜ-ਫੂਕ ਕਰਨ ਵਾਲੇ ਸ਼ਾਮਨਾਂ (Shamans) ਦਾ ਸਮਾਨਯ (universal) ਰੂਪ ਕਹਿ ਸਕਦੇ ਹਾਂ। ਜੇ ਜਯਤਾ ਦੀ ਅਜਿਹੀ ਸਮਝ ਸੀ ਤਾਂ ਪ੍ਰਾਜਿਤ ਦੀ ਸੋਚ ਤਾਂ ਹੋਰ ਵੀ ਇਸੇ ਨੂੰ ਪੱਕੀ ਮੰਨਦੀ ਹੋਣੀ ਹੈ, ਜਿਵੇਂ 19ਵੀਂ ਸਦੀ ਵਿਚ ਮਹਿਕੂਮ ਮੁਲਕ ਰਾਸ਼ਟਰਵਾਦ (nationalism) ਨੂੰ ਆਪਣੀ ਮੁਕਤੀ ਦਾ ਰਾਹ ਸਮਝਦੇ ਸੀ, ਜਾਂ ਪਿੱਛੇ ਜਹੇ ਤਕਰੀਬਨ ਸਾਰੀ ਦੁਨੀਆਂ ਗਲੋਬਕਾਰੀ ਵਿਚ ਆਪਣਾ ਕਲਯਾਨ ਸਮਝਦੀ ਸੀ ਭਾਵੇਂ ਇਹ ਅਮਰੀਕੀ ਹਿਤ-ਪਾਲਣ ਬਹੁਤਾ ਅਤੇ ਆਰਥਿਕ ਸਿਧਾਂਤ ਥੋੜ੍ਹਾ ਸੀ।

ਰਿਗਵੇਦ ਦੇ 1028 ਸੂਕਤਾਂ (ਕਵਿਤਾਵਾਂ) ਵਿਚੋਂ 12 ਵਰੁਣ ਬਾਰੇ ਹਨ, ਅਤੇ 23 ਸੰਮਿਲਤ ਮਿੱਤਰ-ਵਰੁਣ ਬਾਰੇ। ਇਸ ਤੱਥ ਨੂੰ ਰਿਗਵੇਦ ਦੇ ਮੂਲ ਸਥਾਨ ਦਾ ਸੰਕੇਤ ਵੀ ਸਮਝਿਆ ਜਾ ਸਕਦਾ ਹੈ। ਰਿਗਵੇਦ ਨੂੰ ਆਪਣਾ ਅੰਤਮ ਰੂਪ ਅਪਣਾਉਂਦਿਆਂ ਕੋਈ ਪੰਜ ਸੌ ਸਾਲ ਲੱਗੇ।

ਰਿਗਵੇਦ ਦੇ ਮਹੱਤਵਪੂਰਨ ਦੇਵਤੇ ਅਗਨੀ, ਇੰਦਰ, ਸੋਮ, ਊਸ਼ਾ, ਰੁਦਰ, ਬ੍ਰਹਸਪਤਿ, ਅਸ਼ਵੀਨ ਅਤੇ ਮਰੁਤ ਹਨ। ਅਗਨੀ ਨੂੰ ਕੇਵਲ ਵਿਗਿਆਨਕ ਲੱਭਤ (scientific discovery) ਹੀ ਨਹੀਂ ਸਮਝਣੀ ਚਾਹੀਦੀ ਹੈ। ਯਵਨ ਮਿਥਿਆਸ ਵਿਚ ਇਹ ਦੇਵਤਿਆਂ ਦੀ ਚੀਜ਼ ਸੀ ਜਿਸ ਨੂੰ ਪਰਮਾਥੂਸ (Prometheus) ਨੇ ਮਨੁੱਖ ਲਈ ਚੁਰਾ ਕੇ ਲਿਆਂਦਾ।

ਜਿਵੇਂ ਪਸ਼ੂ ਪੰਛੀਆਂ ਦਾ ਅੱਗ ਬਿਨਾਂ ਸਰ ਜਾਂਦਾ ਹੈ ਉਂਝੇ ਖੇਟਕ-ਸੰਚਯਕ (hunter-getherer) ਮਨੁੱਖ ਦਾ ਵੀ ਇਹੀ ਹਾਲ ਹੋਣਾ ਹੈ। ਅੱਗ ਦੀ ਆਰਥਿਕ ਗਤੀ ਦਾ ਅਗਲਾ ਪੜਾਅ ਕਰਤਨ-ਦਾਹਨ (slash and burn) ਕ੍ਰਿਸ਼ੀ ਨਾਲ ਆਉਂਦਾ ਹੈ ਜਦੋਂ ਜੰਗਲ ਕੱਟਕੇ, ਬਨਸਪਤੀ ਜਾਲਕੇ ਖੇਤੀ ਨੂੰ ਥਾਂਉਂ ਕੀਤਾ ਜਾਂਦਾ ਹੈ। ਹਿਤਾਈਤ-ਮਿਤਨਾਨੀ ਇਲਾਕਾ ਸ਼ਾਮ-ਫਲਸਤੀਨ ਖੰਡ ਨਾਲ ਹੈ ਜਿਥੋਂ ਕ੍ਰਿਸ਼ੀ ਦਾ ਆਰੰਭ ਹੋਇਆ ਸੀ। ਕਰਤਨ-ਦਾਹਨ ਕ੍ਰਿਸ਼ੀ ਨੂੰ ਚੀਨ ਪਹੁੰਚਦਿਆਂ ਚਾਰ ਹਜ਼ਾਰ ਸਾਲ ਲੱਗ ਗਏ ਸੀ। ਇਹਦੀ ਰਫਤਾਰ ਦਾ ਅਨੁਮਾਨ ਇਕ ਸਾਲ 'ਚ ਇਕ ਕਿਲੋਮੀਟਰ ਅੱਗੇ ਵਧਣ ਦਾ ਹੈ। ਮੈਂ ਨਹੀਂ ਕਹਿੰਦਾ ਕਿ ਏਸ਼ੀਆ ਵਿਚ ਆਰਯ ਭਰਮਣ ਕਰਤਨ-ਦਾਹਨ ਕਰਕੇ ਸੀ। ਮੇਰੇ ਕਹਿਣ ਦਾ ਮਤਲਬ ਹੈ ਕਿ ਇਹ ਆਰਯ ਗਤੀ ਦੀ ਉੱਪਰਲੀ ਸਰਦਲ (uppar limit) ਹੈ। ਕਰਤਨ-ਦਾਹਨ ਦੀ ਕ੍ਰਿਸ਼ੀ ਨਾਲ ਯੌਰਪ ਵਿਚ ਵੀ ਗਣਾਂ ਦਾ ਭਰਮਣ ਹੁੰਦਾ ਰਿਹਾ।

ਲੋਹ-ਯੁਗ (Iron Age) ਨਾਲ, ਕੋਈ ਹਜ਼ਾਰ ਸਾਲ ਪੂਰਵ ਈਸਾ, ਅਗਨੀ ਦੀ ਮਹੱਤਤਾ ਹੋਰ ਵੀ ਜ਼ਿਆਦਾ ਹੋ ਗਈ ਜਦੋਂ ਲੋਹੇ ਦੇ ਸੰਦਾਂ ਨਾਲ ਜੰਗਲ ਕੱਟਣਾ ਸੌਖਾ ਹੋ ਗਿਆ ਅਤੇ ਇਹਨੂੰ ਜਲਾਉਣ ਲਈ ਅਗਨੀ ਦਾ ਵਰਤਾਰਾ ਹੋਰ ਜ਼ਿਆਦਾ ਹੋ ਗਿਆ।

ਰਿਗਵੇਦ 'ਚ ਕੋਈ 200 ਸੂਕਤ, ਅਰਥਾਤ ਪੰਜਵਾਂ ਹਿੱਸਾ ਅਗਨੀ ਬਾਰੇ ਹਨ। ਇਹਦਾ ਪਹਿਲਾ ਸੂਕਤ 'ਅਗਨਿ ਵੈਸ਼ਵਾ-ਨਰ' ਦਾ ਆਵਾਹਨ ਹੈ 'ਅੱਗ ਸਾਰੇ ਨਰਾਂ ਦੀ ਸਾਂਝੀ'। ਅਗਨੀ ਅਹੂਤੀ ਨੂੰ ਦੇਵਾਂ ਤਕ ਪਹੁੰਚਾ ਦਿੰਦੀ ਹੈ। ਨਾਲੇ ਆਖਰੀ ਸੂਤਕ ਦੇ ਆਰੰਭ 'ਚ ਥੋੜ੍ਹਾ ਜ਼ਿਕਰ ਹੈ ਜਿਸ ਨਾਲ ਲੋਕ ਪ੍ਰਲੋਕ ਦਾ ਜੋੜ ਬਣ ਜਾਂਦਾ ਹੈ।

ਹਿੰਦੂ ਲਈ ਅਗਨੀ ਪਵਿੱਤਰ-ਕਰਤਾ ਹੈ ਜਿਹੜੀ ਅ-ਪਵਿੱਤਰ ਘਾਹ ਫੂਸ, ਗੰਦ, ਮੁਰਦਾਰ ਨੂੰ ਜਾਲਕੇ ਆਪ ਪਵਿੱਤਰ ਦੀ ਪਵਿੱਤਰ ਰਹਿੰਦੀ ਹੈ।

ਪਾਰਸੀ ਮੁਰਦੇ ਨੂੰ ਜਲਾ ਕੇ ਅਗਨੀ ਨੂੰ ਅਪਵਿੱਤਰ ਨਹੀਂ ਕਰਨਾ ਚਾਹੁੰਦੇ ਜਿਸ ਕਰਕੇ ਮੋਏ ਇੱਲ੍ਹਾਂ ਕਾਵਾਂ ਨੂੰ ਖਲਾਉਣੇ ਪੈਂਦੇ ਹਨ।

ਜੋਗੀਆਂ ਦੀ ਧੂਣੀ ਧਰਮ ਕਰਮ ਹੈ; ਅਤੇ ਉਦਾਸੀਆਂ ਦੀ ਵੰਡ ਧੂੰਏਂ-ਆਂ ਅਨੁਸਾਰ ਹੈ।

1920 ਵਿਚ ***ਅਕਾਲੀ*** ਅਖਬਾਰ ਪਿੰਡ ਵਿਚ ਸਵੇਰੇ ਅੱਗ ਮੰਗਣ ਵਾਲਿਆਂ ਦਾ ਨਕਸ਼ਾ ਖਿਚਦਾ ਹੈ। ਸੀਖਾਂ ਦੀ ਡੱਬੀ ਇਕ ਆਨੇ ਦੀ ਸੀ; ਅਤੇ ਚਾਰ ਪੈਸਿਆਂ ਨਾਲ ਤਾਂ ਮੇਲਾ ਵੇਖ ਹੋ ਜਾਂਦਾ ਸੀ, ਮੇਰੇ ਵੇਖਣ ਦੀ ਗੱਲ ਹੈ। ਸਾਰੀ ਰਾਤ ਗੋਹੇ ਦੀ ਅੱਗ ਮਘਦੀ ਰਹਿਣੀ ਕਿਸੇ ਬਖਤਾਵਰ ਘਰ ਨੂੰ ਹੀ ਪੁਗਦੀ ਸੀ।

ਕੋਈ ਹੈਰਾਨੀ ਨਹੀਂ ਕਿ ਲੋਹੜੀ, ਸਿਆਲ ਦੀ ਧੂਣੀ ਲੌਕਿਕ ਜੀਵਨ ਦਾ ਚਿੰਨ੍ਹ ਹੈ।

0 0 0 0

ਰਿਗਵੇਦ 'ਚ ਸੋਮਰਸ ਦਾ ਅਗਨੀ ਜਿੰਨਾ ਜ਼ਿਕਰ ਹੈ। ਪਰ ਵੈਦਿਕ ਕਾਲ ਵਿਚ ਹੀ ਇਹਦਾ ਬੂਟਾ ਬੇ-ਪਛਾਣ ਹੋ ਗਿਆ ਸੀ। ਵਿਦਵਾਨਾਂ ਦਾ ਖ਼ਿਆਲ ਹੈ ਕਿ ਉੱਤਮ ਸੋਮ ਮੁਜਾਵਤ ਪਹਾੜ 'ਤੇ ਹੁੰਦਾ ਸੀ ਜਿਥੋਂ (Oxus) ਸੇਹੂੰ ਦਰਿਆ ਨਿਕਲਦਾ ਹੈ। ਤ੍ਰਿਸ਼ਟੁਭ ਛੰਦ ਇੰਦਰ ਲਈ, ਗਾਇਤਰੀ ਅਗਨੀ ਲਈ, ਅਤੇ ਅਨੁਸ਼ਟੁਭ ਸੋਮ ਲਈ ਹੈ। ਵਕਤ ਨਾਲ ਵੈਦਿਕ ਛੰਦ ਵੀ ਦੇਵਤੇ ਸਮਝੇ ਜਾਣ ਲੱਗੇ। ਦੂਸਰੇ ਅਗਨੀ ਅਤੇ ਸੋਮ ਦੇ ਵਧੇਰੇ ਯੱਗ ਹੋਣ ਲੱਗੇ। ਬ੍ਰਿਹਦ-ਆਰਣਯਕ ਉਪਨਿਸ਼ਦ (ਸਵੇਤ ਯਜੁਰ ਵੇਦ ਦਾ)BAU 6.4.3 ਮੈਥੁਨ ਨੂੰ ਸੋਮ ਯੱਗ ਦੇ ਸਮਾਨ ਦੱਸਦਾ ਹੈ। ਸੋਮਯੱਗ ਦੇ ਹਰ ਨਵੇਂ ਅੰਗ ਦੇ ਸ਼ੁਰੂ ਹੋਣ 'ਤੇ ਅਧਵਰਯੁ ਯਾਗੀਆਂ ਅਤੇ ਯਜਮਾਨ ਨੂੰ ਕਹਿੰਦਾ ਹੈ ਕਿ ਤੁਸੀਂ ਪ੍ਰਜਣਨ ਹਿਤ ਰਿਚ ਅਤੇ ਸਾਮ ਦੇ ਸੰਜੋਗ ਲਈ ਸੇਜ ਹੋ। ਸੋਮ ਯੱਗ ਵਿਚ ਰਿਗਵੇਦ ਤੋਂ ਲਏ 356 ਮੰਤਰ ਕਿਵੇਂ ਨਾ ਕਿਵੇਂ ਵਰਤੇ ਜਾਂਦੇ ਹਨ।

ਦੁਨੀਆਂ ਦਾ ਨਸ਼ੇ ਪੱਤੇ ਬਿਨਾਂ ਸਰਦਾ ਨਹੀਂ। ਮਿਥਿਆਸ ਵਿਚ ਜ਼ਿਕਰ ਹੈ ਕਿ ਇੰਦਰ ਨੇ ਦਧੀਚ ਨੂੰ ਮਧੁਵਿਦਿਆ (narcotics) ਇਸ ਸ਼ਰਤ 'ਤੇ ਸਿਖਾਈ ਸੀ ਕਿ ਜੇ ਉਹ ਕਿਸੇ ਹੋਰ ਨੂੰ ਅੱਗੇ ਦੱਸੇਗਾ ਤਾਂ ਉਹਦਾ ਸਿਰ ਕੱਟ ਦਿੱਤਾ ਜਾਵੇਗਾ। ਅਸ਼ਵਨੀ ਕੁਮਾਰਾਂ ਨੇ ਦਧੀਚ ਨੂੰ ਵਿਦਿਆ ਸਿਖਾਉਣ ਲਈ ਮਨਾ ਲਿਆ ਅਤੇ ਇੰਦਰ ਦੇ ਕ੍ਰੋਧ ਤੋਂ ਬਚਣ ਲਈ ਉਹਦੇ ਘੋੜੇ ਦਾ ਸਿਰ ਲਾ ਦਿੱਤਾ। ਇੰਦਰ ਦੇ ਸਿਰ ਵੱਢਣ ਮਗਰੋਂ ਅਸ਼ਵਨੀ ਕੁਮਾਰਾਂ ਨੇ ਦਧੀਚ ਦੇ ਉਹਦਾ ਆਪਣਾ ਸਿਰ ਲਾ ਦਿੱਤਾ। ਭਾਈ ਸੰਤੋਖ ਸਿੰਘ ਫ਼ੀਮ ਭੰਗ ਦਾ ਜ਼ਿਕਰ ਕਰਨੋਂ ਰਹਿ ਨਹੀਂ ਸਕਦਾ।

ਜਿਵੇਂ ਉਪਰੋਕਤ ਬ੍ਰਿਹਦ-ਾਰਣਯਕ ਉਪਨਿਸ਼ਦ ਦਾ ਜ਼ਿਕਰ ਆਇਆ ਹੈ। ਹਿੰਦੂ ਮਿਥਿਹਾਸ ਦੇ ਪ੍ਰਜਣਨ ਦੇ ਗਤਿਮਾਨ (motif) ਦਾ ਸੋਮਾ ਵੇਦ ਹਨ।

ਮੁੱਢਲਾ ਵੈਦਿਕ ਕਾਲ 1700-1200 ਪੂਰਵ ਈਸਾ ਦਾ ਹੈ ਜਦੋਂ ਰਿਗਵੇਦ ਵੰਸ਼ ਅਤੇ ਕਬੀਲਿਆਂ ਤਕ ਸੀਮਤ ਸੀ। ਮੱਧਮ ਵੈਦਿਕ ਕਾਲ 1200-700 ਪੂਰਵ ਈਸਾ ਹੈ ਜਿਸਦਾ ਭੂਗੋਲਕ ਸਥਾਨ ਕਰੂ ਪੰਚਾਲ ਹੈ ਜਿੱਥੇ ਕਈ ਭਾਂਤ ਦੀਆਂ ਭਾਸ਼ਾਵਾਂ ਸੰਸਕ੍ਰਿਤੀਆਂ ਸਨ। ਪਿਛਲਾ ਵੈਦਿਕ ਕਾਲ 700-450 ਪੂਰਵ ਈਸਾ ਦਾ ਕੌਸ਼ਲ ਵਿਦੇਹ ਦਾ ਹੈ।

ਸਾਮ = ਗੀਤ ; ਸਾਮ ਵੇਦ ਵਿਚ ਰਿਗ ਵੇਦ ਨੂੰ ਹੀ ਗੀਤ-ਬੱਧ ਕੀਤਾ ਹੈ। ਦੋ ਧੁਨੀਆਂ ਦੇ ਨਾਉਂ ਰਿਗਵੇਦ 'ਚ ਹੀ ਅੰਕਿਤ ਹਨ। ਕਈ ਧੁਨੀਆਂ ਵਿਚ ਸ਼ਬਦ ਠੀਕ ਫਿੱਟ (fit) ਨਹੀਂ ਹੁੰਦੇ। ਵਿਦਵਾਨ ਕਰਤਾ ਦਾ ਖਿਆਲ ਹੈ ਕਿ ਕਈ ਧੁਨੀਆਂ ਸਥਾਨਕ ਗਣਾਂ ਦੀ ਉਪਜ ਹਨ, ਜਿਵੇਂ ਗ੍ਰੰਥ ਸਾਹਿਬ 'ਚ ਵਾਰ ਮਾਝ 'ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ'; ਗਉੜੀ ਦੀ ਵਾਰ ਮ: 5 ਰਾਇ ਕਮਾਲਦੀ ਮੋਜਦੀ ਕੀ ਵਾਰ ਕੀ ਧੁਨਿ ਉਪਰਿ ਗਾਵਣੀ'। ਫੇਰ ਗ੍ਰੰਥ ਸਾਹਿਬ ਵਿਚ ਵੀ ਧੁਨੀ ਹਿਤ ਪੰਗਤੀ 'ਚ ਵਾਧਾ ਸੁਲਭ ਹੈ। "ਹਰਿਹਾਂ, ਸੰਬੋਧਨ, ਹੇ ਹਰਿ! ਫੁਨਹੇ ਛੰਦਾਂ ਦੇ ਅੰਤ 'ਹਰਿ ਹਾਂ' ਸ਼ਬਦ ਐਸੇ ਹੀ ਵਰਤਿਆ ਹੈ ਜੈਸੇ ਅੜਿੱਲ ਦੇ ਪਿਛਲੇ ਚਰਣ ਵਿਚ ਹੋ! ਆਉਂਦਾ ਹੈ", ***ਮਹਾਨਕੋਸ਼*** 265

ਯਜੁ ritual formula ਹੈ ਜਿਸ ਤੋਂ ਯਜੁਰਵੇਦ ਬਣਿਆ। ਯਜੁ ਮੰਤਰ ਜਾਂ ਗੱਦ-ਰੂਪੀ ਬ੍ਰਹਮਣ ਤੋਂ ਵੱਖਰਾ ਹੈ। ਕੁਰੂ ਕਾਲ ਵਿਚ ਵੇਦ ਅਵਲੋਕਣ ਨਾ ਰਿਹਾ ਸਗੋਂ ਕੰਮ ਬਣ ਗਿਆ। ਯਜੁਰਵੇਦ ਨੇ ਅਗਨੀ ਸੋਮ ਦੇ ਯੱਗ (ritual) ਬਣਾਏ। ਪੁਰਾਣਿਆਂ ਦਾ ਪਸਾਰ ਕੀਤਾ ਗਿਆ ਅਤੇ ਨਵਿਆਂ ਦਾ ਵਾਧਾ। ਯੱਗ ਦਾ ਅਧਵਨ-ਰਾਹ ਜਾਣਨ ਵਾਲਾ ਅਧਵਰਯੁ ਮੁਖ ਪ੍ਰਬੰਧਕ ਹੋ ਗਿਆ



ਅਤੇ ਯਜੁਰਵੇਦ ਪਰੰਪਰਾ ਦੀ ਜੜ੍ਹ ਬਣ ਗਿਆ। ਯਜੁਰਵੇਦ ਸਮੇਂ ਵੈਦਿਕ ਸ਼ਾਖਾਵਾਂ ਬਣੀਆਂ। ਯੱਗ ਪਸਾਰ ਅਤੇ ਪੇਚੀਦਗੀ ਨੇ ਕਈ ਬ੍ਰਾਹਮਣ ਕਰਤਿਆਂ ਦੀ ਲੋੜ ਪੈਦਾ ਕੀਤੀ ਜਿਹਨਾਂ ਦੇ ਵਿਸ਼ੇਸ਼ ਕਾਰਜਾਂ ਨੇ ਉਹਨਾਂ ਦਾ ਉੱਚ ਅਨਉੱਚ ਪਦ-ਕ੍ਰਮ ਵੀ ਬਣਾਇਆ।

ਅਥਰਵ ਵੇਦ ਜਾਦੂ ਅਤੇ ਚਿਕਿਤਸਾ ਬਾਰੇ ਮੰਤਰਾਂ ਦਾ ਸੰਗ੍ਰਹਿ ਹੈ।

0 0 0 0

ਛਾਂਦੋਗ ਉਪਨਿਸ਼ਦ ਅਤੇ ਬ੍ਰਿਹਦ-ਾਰਣਯਕ ਉਪਨਿਸ਼ਦ ਵਿਚ ਸਤਯਕਾਮ ਦਾ ਵਰਣਨ ਹੈ ਜਿਹੜਾ ਜਾਬਾਲ ਕੰਵਾਰੀ ਲੜਕੀ ਦਾ ਪੁੱਤਰ ਸੀ ਜਿਸਦੇ ਕਈ ਮੁਲਾਹਜ਼ੇਦਾਰ ਸਨ। ਸਤਯ-ਕਾਮ ਕਿਸੇ ਗੁਰੂ ਪਾਸ ਉਹਦਾ ਸ਼ਿਸ਼ ਹੋਣ ਲਈ ਗਿਆ। ਗੁਰੂ ਦੇ ਪੁੱਛਣ 'ਤੇ ਸਤਯਕਾਮ ਨੇ ਦੱਸ ਦਿੱਤਾ ਕਿ ਮੇਰੀ ਮਾਂ ਨੂੰ ਪਤਾ ਨਹੀਂ ਕਿ ਉਹ, ਯਾਨੀ ਸਤਯਕਾਮ, ਕਿਸਦੀ ਔਲਾਦ ਹੈ। ਗੁਰੂ ਨੇ ਉਹਨੂੰ ਸਤਯਵਾਦੀ ਹੋਣ ਕਰਕੇ ਬ੍ਰਾਹਮਣ ਸ਼ਾਗਿਰਦ ਵਾਂਗੂ ਅਪਨਾ ਲਿਆ। ਸੋ ਉਪਨਿਸ਼ਦ ਸਮਿਆਂ ਤੋੜੀ ਬ੍ਰਾਹਮਣ ਦੀ ਪਦ-ਾਰਥ (Category) ਵੰਸ਼ੀ ਜਾਂ ਜਾਤਿ-ਕ ਨਹੀਂ ਸੀ। ਭਾਵੇਂ ਮਹਾਂਦੀਪ ਵਿਚ ਜਾਤੀ ਵਖਰੇਵਾਂ ਪੱਕਾ ਹੁੰਦਾ ਗਿਆ ਪਰ ਦੱਖਣ-ਪੂਰਬੀ ਏਸ਼ੀਆ ਦੇ ਬ੍ਰਾਹਮਣ ਦਾ ਤੱਥ ਉਦਾਰ ਹੈ, ਜਿਵੇਂ ਖਮੇਰ, ਥਾਈਲੈਂਡ, ਜਾਵਾ, ਬਾਲੀ ਵਿਚ।

0 0 0 0

ਵੇਦਾਂ ਨਾਲ ਜਾਂ ਵੈਦਿਕ ਮਾਣਸੁਵਿਗਿਆਨ ਨਾਲ ਅੱਜੋਕੇ ਸਮਿਆਂ ਦੀਆਂ ਬਹੁਤ ਸਾਰੀਆਂ ਸਾਂਝਾਂ ਹਨ। ਸਭ ਤੋਂ ਪਹਿਲਾਂ ਵੇਦਾਂ ਨਾਲ ਪੰਜਾਬੀ ਹਿੰਦੀ ਵਰਣਕ ਛੰਦ ਦੀ ਸਾਂਝ ਹੈ ਜਿਵੇਂ ਤ੍ਰਿਸ਼ਟੁਭ 4 ਪੰਗਤੀਆਂ, ਗਿਆਰਾਂ ਗਿਆਰਾਂ ਮਾਤਰਾ ਦੀਆਂ; ਗਾਯਤਰੀ 3 ਪੰਗਤੀਆਂ, ਅੱਠਾਂ ਅੱਠਾਂ ਦੀਆਂ; ਜਗਤੀ 4, ਬਾਰਾਂ ਬਾਰਾਂ ਦੀਆਂ। ਅਰਬੀ, ਫ਼ਾਰਸੀ ਉਰਦੂ ਕਵਿਤਾ ਦੀ ਪੰਗਤੀ ਦੇ ਔਜ਼ਾਨ (ਵਜ਼ਨ ਦੀ ਜਮਾ), ਅੰਗ ਹੁੰਦੇ ਹਨ ਜਿਹਨਾਂ ਨੂੰ ਅੱਗੇ ਪਿੱਛੇ ਨਹੀਂ ਕੀਤਾ ਜਾ ਸਕਦਾ।

ਇਕ ਹੋਰ ਹੈਰਾਨੀ ਭਰੀ ਸਾਂਝ ਹੈ। ਰਿਗਵੇਦ ਵਿਚ ਕਈ ਥਾਵਾਂ 'ਤੇ ਸ਼ਬਦ, ਨਾਉਂ, ਵਾਕੰਸ਼ ਦੀ ਕੋਈ ਵਿਆਖਿਆ ਨਹੀਂ ਹੋ ਸਕਦੀ। ਗ੍ਰੰਥ ਸਾਹਿਬ ਵਿਚ ਅਜਿਹੀ ਮੁਸ਼ਕਲ ਮ: 1, ਤਿਲੰਗ 5, ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ' ਦੀ ਹੈ।

'ਜਪ' ਦੇ ਅਰਥ ਹਨ to utter in a low voice to whisper, mutter (especially prayers or incantation" ਜਿਸ ਤੋਂ ਝਟ ਸਮਝ ਆ ਜਾਂਦੀ ਹੈ ਕਿ ਜਪੁਜੀ ਸਾਹਿਬ ਰਾਗ ਵਿਚ ਕਿਉਂ ਨਹੀਂ ਰਚਿਆ ਗਿਆ। ਯਜੁਰਵੇਦ ਵਿਚ ਅਜਿਹੇ ਕਰਮ ਦਾ ਤਕਨੀਕੀ (Technical) ਨਾਉਂ 'ਉਪ-ਾਂਸ਼' ਹੈ।

ਹੁਣ ਤਾਂ ਲਾਊਡ-ਸਪੀਕਰ ਲੱਗ ਗਏ ਹਨ ਪਰ ਮੇਰੇ ਬਚਪਨ 'ਚ ਕਿਹਾ ਜਾਂਦਾ ਸੀ ਕਿ ਭਗਤੀ ਲੁਕਕੇ ਕਰੀ ਦੀ ਹੈ। 'ਪਰੋਕਸ਼-ਕਾਮਾ ਹਿ ਦੇਵਾਹ:' 'The gods love what is out of sight'

ਮਨੋਵਿਗਿਆਨੀ ਕਹਿੰਦੇ ਹਨ ਕਿ ਭਾਰਤੀ ਜਨ ਨੂੰ ਵੱਡੇ ਅੰਕਾਂ ਨੇ ਮੋਹ ਲਿਆ ਹੈ। ਅਗਨਿਚਯਨ ਯੱਗ ਵਿਚ ਯਜਮਾਨ ਇਕ ਤੋਂ ਸ਼ੁਰੂ ਕਰਦਾ $10^{13}$ (ਇਕ ਨਾਲ 13 ਸਿਫ਼ਰਾਂ) ਗਊਆਂ ਦੀ ਮੰਗ ਤਾਈਂ ਪਹੁੰਚ ਜਾਂਦਾ ਹੈ। ਇਕ ਖਰਬ ਗਊਆਂ ਭਾਰਤ ਵਿਚ ਸ਼ਾਇਦ ਖੜ੍ਹ ਵੀ ਨਾ ਸਕਣ । ***ਬਾਲਾ ਜਨਮ ਸਾਖੀ*** ਵਿਚ ਅਜਿਹੇ ਫ਼ਾਸਲੇ ਦਰਜ ਹਨ ਜਿਹੜੇ ਸਾਡੇ ਉਪਗ੍ਰਹ 'ਤੇ ਸੰਭਵ ਨਹੀਂ।

ਵੇਦ ਪ੍ਰਭਾਵਤ ਸੰਸਕ੍ਰਿਤੀ ਵਿਚ ਸ਼ੁੱਧ ਚਿੰਤਨ (orthodoxy) ਨਾਲੋਂ ਸ਼ੁੱਧ-ਉਚਾਰਨ ਵਧੇਰੇ ਪਿਆਰਾ ਹੈ। ਭਾਰਤ ਵਿਚ ਮੰਤਰ ਦੇ ਸ਼ੁੱਧ ਉਚਾਰਨ ਦੀ ਪਰੰਪਰਾ ਤਾਂ ਹੈ ਪਰ ਮੰਤਰ ਦੇ ਅਰਥਾਉਣ ਦੀ ਕੋਈ ਪਰੰਪਰਾ ਨਹੀਂ। ਅੰਤ ਮੰਤਰ ਨੂੰ ਅਨ-ਅਰਥ ਕਿਹਾ ਜਾਣ ਲੱਗਿਆ। ਕਰਤਾ ਸ਼ੁੱਧ-ਉਚਾਰਨ ਨੂੰ (orthopraxy) ਕਹਿੰਦਾ ਹੈ। Praxis = Practice, ਅਮਲ ਕਾਰ ਹੈ।

ਸਿੱਖ ਧਰਮ ਗ੍ਰੰਥ ਸਾਹਿਬ ਦੇ ਸ਼ਬਦਾਂ ਦੇ ਸ਼ੁੱਧ-ਉਚਾਰਨ 'ਤੇ ਜ਼ੋਰ ਦਿੰਦਾ ਹੈ ਅਤੇ ਅਰਦਾਸ

ਕਰਦਿਆਂ ਅੱਖਰ ਦੀ ਭੁੱਲ ਚੁੱਕ ਦੀ ਮੁਆਫ਼ੀ ਮੰਗਦਾ ਹੈ। ਸਿੱਖ ਧਰਮ ਸ਼ੁੱਧ ਉਚਾਰਨ ਦੇ ਫਲ ਦਾ ਜ਼ਿਕਰ ਨਹੀਂ ਕਰਦਾ।

ਰਿਗ ਵੇਦ ਵਿਚ ਕਿਸੇ ਹੋਂਦ (entity) ਦਾ ਜ਼ਿਕਰ ਹੈ ਜਿਹੜੀ ਯੱਗ ਦੇ ਸ਼ੁੱਧ ਉਚਾਰਨ/ ਕਰਮਨ ਨਾਲ ਪ੍ਰਾਪਤ ਹੁੰਦੀ ਹੈ ਜਿਸ ਰਾਹੀਂ ਵਿਅਕਤੀ ਆਪਣੇ ਪਿੱਤਰਾਂ ਨੂੰ ਮਿਲਣ, ਗੁਣਪੂਰਣ ਹੋ ਸੁਰਗ-ਯੋਗ ਹੋ ਕੇ, ਪੁਨਰਜੀਵਨ ਦਾ ਅਧਿਕਾਰੀ ਹੋ ਜਾਂਦਾ ਹੈ। ਵੇਦਾਂ ਦੇ ਗੱਦ ਭਾਗ ਨੂੰ ਬ੍ਰਹਮਣ ਕਹਿੰਦੇ ਹਨ। ਇਹਨਾਂ ਅਨੁਸਾਰ ਬੰਦੇ ਦੇ ਤਿੰਨ ਜਨਮ ਹੁੰਦੇ ਹਨ (1) ਮਾਪੇ ਦੀ ਔਲਾਦ, (2) ਯੱਗ (ਉਪਨਯਨ) ਰਾਹੀਂ ਅਤੇ ਦਾਹ-ਸੰਸਕਾਰ ਕਾਰਨ। ਸਾਧਾਰਨ ਵਿਅਕਤੀ ਭਾਵੇਂ ਯਾਗੀ ਵੇਰਵੇ 'ਚ ਨਹੀਂ ਜਾਂਦਾ ਪਰ ਸੁਤੇਸਿੱਧ ਕਹਿ ਦਿੰਦਾ ਹੈ, ਬੁੜ੍ਹੀ ਮਰ ਗਈ, ਕੁੜੀ ਜੰਮ ਪਈ। ਜਾਂ ਬਾਬਾ ਪੜਪੋਤਾ ਹੋ ਕੇ ਮੁੜ ਜਨਮ ਲੈਂਦਾ ਹੈ।

ਕਈ ਹੋਰ ਗੱਲਾਂ ਗ੍ਰਹਿਣਯੋਗ ਹਨ। ਸੰਧੀ ਦੀ ਮਹੱਤਤਾ ਵੇਦਾਂ ਦੇ ਮੌਖਿਕ ਹੋਣ ਕਾਰਨ ਸੀ ਜਿਹੜੀ ਘੋਖ (ਘੋਸ਼) ਲਈ ਲੋੜੀਂਦੀ ਸੀ, ਨਹੀਂ ਤਾਂ ਗੱਲ ਗ਼ਲਤ ਹੋ ਕੇ ਗਤ-ਪੁੰਨ (meritless) ਹੋ ਜਾਂਦੀ ਹੈ। ਲਿਖਤੀ ਪੰਜਾਬੀ 'ਚ ਸੰਧੀ ਦੀ 'ਪਰੰਪਰਕ' ਮਹੱਤਾ ਯੋਗ ਨਹੀਂ, ਸਗੋਂ ਜਨਤਕ ਉਚਾਰਨ ਅਨੁਸਾਰ ਪ੍ਰਵਾਨ ਕਰ ਲੈਣੀ ਚਾਹੀਦੀ ਹੈ, ਜਿਵੇਂ ਕਲਾਂਕ ਤੇ ਕਲੰਕ। ☐☐

-ਸੁਰਜੀਤ ਹਾਂਸ

## ਉਪਰਾਮ ਮੌਸਮ [ਧਰਮ ਕੰਮੇਆਣਾ]

'ਉਪਰਾਮ ਮੌਸਮ' ਧਰਮ ਕੰਮੇਆਣਾ ਦਾ ਅੱਠਵਾਂ ਕਾਵਿ-ਸੰਗ੍ਰਹਿ ਹੈ। ਇਸ ਸੰਗ੍ਰਹਿ ਦੀਆਂ ਮੁੱਢਲੀਆਂ ਕਵਿਤਾਵਾਂ ਕਾਵਿ-ਸਿਰਜਣਾ ਦੇ ਰਹੱਸ ਨੂੰ ਰੇਖਾਂਕਤ ਕਰਨ ਵੱਲ ਰੁਚਿਤ ਹਨ। ਕਵਿਤਾ ਦੇ ਸਿਰਜਣਾਤਮਕ ਅਮਲ ਨੂੰ ਲੱਭਦਿਆਂ ਪਹਿਚਾਣਦਿਆਂ ਹੀ ਧਰਮ ਕੰਮੇਆਣਾ ਦੀ ਕਵਿਤਾ ਉਸ ਦੇ ਆਪਣੇ ਕਾਵਿ-ਸਰੋਕਾਰਾਂ ਨਾਲ ਜੁੜਦੀ ਹੈ। ਜਿੱਥੇ ਕਵਿਤਾ ਦੇ ਰਹੱਸ ਨੂੰ ਉਹ "ਕਵਿਤਾ ਦੇ ਆਉਣ ਦਾ ਅੰਦਾਜ਼/ ਹਰ ਵਾਰੀ/ ਇਕੋ ਜਿਹਾ ਨਹੀਂ ਹੁੰਦਾ" ਕਹਿੰਦਾ ਹੈ, ਉੱਥੇ ਨਵਾਂ ਅਖਵਾਉਣ ਦੀ ਰੀਝ ਵਿਚ 'ਮਨ ਆਈਆਂ' 'ਬੇ-ਪ੍ਰਵਾਹੀਆਂ' ਕਰਦੇ ਕਵੀਆਂ 'ਤੇ ਵਿਅੰਗ ਕਰਦਾ ਹੋਇਆ ਆਪਣੀ ਕਵਿਤਾ ਦੇ ਕੇਂਦਰ ਵਿਚ ਆਮ ਆਦਮੀ ਨੂੰ ਰੱਖਦਿਆਂ ਉਸ ਦੇ ਫਿਕਰਾਂ ਸੰਸਿਆਂ ਦੀ ਗੱਲ ਤੋਰਦਾ ਹੈ:

*ਆਮ ਆਦਮੀ ਤੋਂ ਜਾਏਗੀ ਜਿੰਨੀ ਦੂਰ ਕਵਿਤਾ*
*ਆਮ ਆਦਮੀ ਕਵਿਤਾ ਤੋਂ ਓਨਾ ਦੂਰ ਜਾਏਗਾ*
*ਕੱਟਿਆਂ ਖੰਭਾਂ ਵਾਲਾ ਕਵਿਤਾ ਦਾ ਪੰਛੀ*
*ਲਾਇਬਰੇਰੀ ਦੇ ਰੈਕ ਵਿਚ ਬੰਦ ਹੋਇਆ ਫੜਫੜਾਏਗਾ*
*ਅੰਤ ਨੂੰ ਮਰ ਮੁੱਕ ਜਾਏਗਾ...*

ਉਹ ਆਮ ਆਦਮੀ ਦੇ ਚੇਤਨ ਅਵਚੇਤਨ ਵਿਚ ਚਲ ਰਹੇ ਉਹਨਾਂ ਸੰਘਰਸ਼ਾਂ ਟਕਰਾਵਾਂ ਨੂੰ ਰੇਖਾਂਕਿਤ ਕਰਨ ਵੱਲ ਰੁਚਿਤ ਹੈ ਜਿਸ ਨੇ ਆਮ ਆਦਮੀ ਅੰਦਰ ਇਕ ਵੱਖਰੀ ਤਰ੍ਹਾਂ ਦੀ ਬੇਪਰਵਾਹੀ ਪੈਦਾ ਕਰ ਦਿੱਤੀ ਹੈ:

*ਆਮ ਆਦਮੀ ਨਹੀਂ ਜਾਣਦਾ ਕਿ ਚੌਂਕਾਂ ਵਿਚ ਬੰਬ ਕਿਉਂ ਫਟਦੇ ਨੇ?*
*ਬਜ਼ਾਰਾਂ ਵਿਚ ਕਰਫਿਊ ਕਿਉਂ ਲਗਦਾ ਹੈ?*
*ਬਸਤੀਆਂ ਕੌਣ ਜਲਾਉਂਦਾ ਹੈ?*
... ... ... ...
*ਆਮ ਆਦਮੀ ਨਹੀਂ ਜਾਣਦਾ*
*ਕਿ ਉਸ ਨੂੰ ਸਭ ਕੁਝ ਜਾਨਣਾ ਚਾਹੀਦਾ ਹੈ*

ਇਥੋਂ ਹੀ ਧਰਮ ਕੰਮੇਆਣਾ ਦੀ ਕਵਿਤਾ ਵਿਚ ਚਿੰਤਨਸ਼ੀਲਤਾ ਅਤੇ ਵਿਵੇਕਸ਼ੀਲਤਾ ਦਾ ਆਧਾਰ ਬਣਨਾ ਸ਼ੁਰੂ ਹੁੰਦਾ ਹੈ। ਵਰਣਿਤ ਕਾਵਿ-ਟੁਕੜੀ ਵਿਚ ਉਹ ਆਮ ਮਨੁੱਖ ਨੂੰ ਜਾਂ ਮਧਵਰਗੀ



ਮਨੁੱਖ ਨੂੰ ਪੇਸ਼ ਆ ਰਹੀਆਂ ਚਣੌਤੀਆਂ ਪ੍ਰਤਿ ਜਾਗਰੂਕ ਹੋਣ ਲਈ ਪ੍ਰੇਰਤ ਕਰ ਰਿਹਾ ਹੈ। ਉਹ ਇਕ ਤਰ੍ਹਾਂ ਨਾਲ 'ਵਿਸ਼ਵੀਕਰਨ' ਦੇ ਪ੍ਰਸੰਗਾਂ ਨੂੰ ਸਮਝਣ ਲਈ ਚੇਤਨਾ ਪੈਦਾ ਕਰ ਰਿਹਾ ਹੈ। ਭਾਵੇਂ ਵਿਸ਼ਵੀਕਰਨ ਉਸ ਦੀ ਕਵਿਤਾ ਵਿਚ ਵੱਖਰੀ ਤਰ੍ਹਾਂ ਨਾਲ ਪੇਸ਼ ਹੋਇਆ ਹੈ। 'ਵਿਸ਼ਵੀਕਰਨ' ਨਾਮਕ ਕਵਿਤਾ ਵਿਚ ਪਰਵਾਸ ਧਾਰਨ ਕਰਨ ਦੀ ਇੱਛਾ ਨੂੰ ਵਿਸ਼ਵੀਕਰਨ ਦੇ ਪ੍ਰਸੰਗਾਂ ਨਾਲ ਜੋੜਦਿਆਂ ਉਸ ਨੇ ਇਕ ਹੀ ਦੇਸ਼ ਵਿਚ ਦੂਜੇ ਪ੍ਰਾਂਤ ਦੇ ਵਸਨੀਕ ਨੂੰ ਬਿਗਾਨੇ ਦੇਸ਼ ਵਿਚ ਵਿਚਰਦਿਆਂ, ਓਪਰੀ ਭਾਸ਼ਾ ਅਤੇ ਦਿੱਖ ਦੀਆਂ ਅਜਿਹੀਆਂ ਸਥਿਤੀਆਂ ਦੇ ਸਨਮੁਖ ਕੀਤਾ ਹੈ ਜਿੱਥੇ ਉਹ ਬਾਜ਼ਾਰ ਵਿਚ ਵਿਕਣ ਲਈ ਤੁਰ ਪਿਆ ਹੈ। ਏਥੇ ਜਿੱਥੇ ਸਗਲਾ ਸੰਸਾਰ ਬਾਜ਼ਾਰ ਬਣ ਜਾਂਦਾ ਹੈ ਅਤੇ ਬਾਜ਼ਾਰ ਉੱਤੇ ਕਬਜ਼ੇ ਦਾ ਚੱਕਰ ਹਥਿਆਰ ਦਾ ਰੂਪ ਧਾਰਨ ਕਰ ਲੈਂਦਾ ਹੈ ਤੇ ਉਸ ਪ੍ਰਾਂਤ ਦਾ ਮੂਲ ਨਿਵਾਸੀ ਅੱਗੇ 'ਫੌੜ੍ਹੇ ਨਾਲ ਡਾਲਰ ਇਕੱਠੇ ਕਰਦਾ ਪਰਵਾਸੀ ਮਜ਼ਦੂਰ ਬਣ ਗਿਆ ਤੇ ਉਸਦੇ ਘਰ ਵਿਚਲਾ ਨੌਕਰ (ਪਰਵਾਸੀ ਮਜਦੂਰ) ਕਦੇ-ਕਦੇ ਖ਼ੁਦ ਨੂੰ ਘਰ ਬਾਰ ਦਾ 'ਮਾਲਕ' ਸਮਝਣ ਲਗਦਾ ਹੈ। ਕੰਮੇਆਣਾ ਅਜਿਹੀਆਂ ਸਥਿਤੀਆਂ ਪਰਿਸਥਿਤੀਆਂ ਨੂੰ ਵਿਚਾਰਦਾ ਹੋਇਆ ਇਸ ਨੂੰ ਰਾਸ਼ਟਰੀ ਅੰਤਰਰਾਸ਼ਟਰੀ ਪ੍ਰਸੰਗਾਂ ਨਾਲ ਜੋੜ ਦਿੰਦਾ ਹੈ। ਉਹ ਉਸ ਵਿਸ਼ਵੀਕਰਨ ਦੇ ਪੱਖ ਵਿਚ ਹੈ, *"ਜਿਸ ਦੀਆਂ ਅੱਖਾਂ " ' ਚ ਨਾ ਹੋਣ ਲਾਲਚ ਦੇ ਕੁਕਰੇ/ਜੋ ਧਰਤ ਸੁਹਾਵੀ ਦੀ ਵੰਨ-ਸੁਵੰਨਤਾ ਨੂੰ ਆਪਣੇ ਕਲੋਨ ਦਾ ਰੂਪ ਨਾ ਦੇਣਾ ਚਾਹਵੇ।"*

ਜਦੋਂ ਕੰਮੇਆਣਾ ਮੱਧਵਰਗ ਬਾਰੇ ਕਾਵਿ-ਰਚਨਾ ਕਰਦਾ ਹੈ ਤਾਂ ਮਹਿਸੂਸ ਕਰਦਾ ਹੈ ਕਿ ਇਸ ਸ਼੍ਰੇਣੀ ਵਿਚ ਵਾਸਤਵਿਕਤਾ ਨਾਲੋਂ ਦਿਖਾਵੇ ਦਾ ਰੰਗ ਵਧੇਰੇ ਚੜ੍ਹਿਆ ਹੋਇਆ ਹੈ ਜਿਸ ਨੇ ਘਰ ਦੇ ਅਰਥਾਂ ਵਿਚ ਵੀ ਢੇਰ ਤਬਦੀਲੀਆਂ ਕੀਤੀਆਂ ਹਨ। ਇਸ ਪ੍ਰਸੰਗ ਵਿਚ 'ਮੱਧਵਰਗੀ', 'ਐਂਟੀਨਾ ਤੇ ਮੱਧਮਵਰਗ', 'ਗੰਧਲੇ ਪਾਣੀ' ਕਵਿਤਾਵਾਂ ਗੌਲਣਯੋਗ ਹਨ। ਇਹਨਾਂ ਤੋਂ ਇਲਾਵਾ ਘਰ ਦੇ ਸੰਕਲਪ 'ਤੇ ਕੇਂਦਰਤ ਕੁਝ ਕਾਵਿ-ਸਤਰਾਂ ਹੋਰ ਵੀ ਵੇਖੀਆਂ ਜਾ ਸਕਦੀਆਂ ਹਨ:

- *ਕੱਚੇ ਰਿਸ਼ਤੇ ਤੱਕ ਕੇ ਘਰ ਦੇ ਲੋਕਾਂ ਦੇ*
  *ਪੱਕੇ ਘਰ ਦਾ ਵੀ ਢਹਿਣ ਨੂੰ ਜੀਅ ਕਰੇ*
- *ਉੱਲੂ ਬੋਲਦੇ ਭਾਵੇਂ ਨਹੀਂ ਰਾਤੀਂ ਦਰਾਂ ਅੰਦਰ*
  *ਇਕ ਉਜਾੜ ਵੀ ਹੁੰਦਾ ਹੈ ਪਰ ਵਸਦੇ ਘਰਾਂ ਅੰਦਰ*
- *ਖ਼ੁਸ਼ਆਮਦੀਦ ਜਿੰਨਾ ਚਿਰ ਕੁਈ ਦਰ ਨਹੀਂ ਹੁੰਦਾ*
  *'ਘ' ਜਮ੍ਹਾਂ 'ਰ' ਹੀ ਤਾਂ ਘਰ ਨਹੀਂ ਹੁੰਦਾ*

ਇਹਨਾਂ ਸਤਰਾਂ ਵਿਚ ਜਿੱਥੇ ਪਹਿਲੇ ਦੋ ਸ਼ੇਅਰਾਂ ਵਿਚ ਰਿਸ਼ਤਿਆਂ ਦੇ ਕੱਚੇ ਹੋਣ ਅਤੇ ਵਸਦੇ ਘਰਾਂ ਅੰਦਰ ਉਜਾੜ ਹੋਣ ਦੇ ਕਠੋਰ ਯਥਾਰਥ ਨੂੰ ਬਿਆਨਿਆ ਹੈ ਉੱਥੇ ਤੀਜੇ ਸ਼ੇਅਰ ਅੰਦਰ ਕਵੀ ਘਰ ਦੇ ਉਹਨਾਂ ਅਰਥਾਂ ਦੀ ਸਥਾਪਤੀ ਵੱਲ ਰੁਚਿਤ ਹੈ ਜਿੱਥੇ ਪਿਆਰ, ਮੁਹੱਬਤ ਅਤੇ ਸਤਿਕਾਰ ਜਿਹੇ ਭਾਵਨਾਤਮਕ ਸੰਕਲਪ ਖ਼ੁਸ਼ਆਮਦੀਦ ਸ਼ਬਦ ਰਾਹੀਂ ਅਪਰੋਖ ਰੂਪ ਵਿਚ ਕਵਿਤਾ ਨਾਲ ਆ ਜੁੜੇ ਹਨ। ਪਰ 'ਚੰਗਾ ਲਗਦਾ ਹੈ' ਕਵਿਤਾ ਵਿਚ ਕਵੀ ਇਕ ਵਾਰ ਫਿਰ ਘਰ ਵਿਚਲੀਆਂ ਖ਼ੁਸ਼ੀਆਂ-ਖ਼ੁਸ਼ਆਮਦੀਦਾਂ ਨੂੰ ਪੂੰਜੀ ਨਾਲ ਜੋੜ ਕੇ ਦੇਖਣ ਲਈ ਮਜਬੂਰ ਨਜ਼ਰ ਆਉਂਦਾ ਹੈ, ਜਦੋਂ ਉਹ ਕਹਿੰਦਾ ਹੈ:

*ਪਰ - ਘਰ ਦੀ ਇਹ ਨਿੱਕੀ ਜਿਹੀ ਧਰਤੀ*
*ਮੇਰੀ ਜੇਬ ਦੁਆਲੇ ਘੁੰਮਦੀ*
*ਜੇਬ ਭਾਰੀ ਤਾਂ ਘਰ ਲਗਦਾ ਹੈ ਭਰਿਆ-ਭਰਿਆ*
*ਊਣੀ ਜੇਬ ਤਾਂ ਊਣਾ-ਊਣਾ*
*ਸੱਖਣਾ- ਸੱਖਣਾ, ਡਰਿਆ-ਡਰਿਆ*

ਭਾਵੇਂ ਇਹਨਾਂ ਕਵਿਤਾਵਾਂ ਦਾ ਕਾਵਿ-ਨਾਇਕ ਇਕ ਥਾਂ ਕਹਿੰਦਾ ਹੈ ਕਿ "ਮੈਂ ਤੇ ਮੇਰੀ ਕਵਿਤਾ ਦੋਨੋਂ/ਪਿੰਡ ਛੱਡ ਕੇ ਤੁਰ ਆਏ" ਪਰ ਵਾਸਤਵ ਵਿਚ ਧਰਮ ਕੰਮੇਆਣਾ ਦੀ ਕਵਿਤਾ ਦੇ ਨਾਇਕ ਦਾ ਮੁੱਖ ਸਰੋਕਾਰ ਪਿੰਡ ਨਾਲ ਹੀ ਹੈ। ਇਹ ਗੱਲ 'ਪਿੰਡ ਦੀ ਸੱਥ' ਅਤੇ 'ਮੈਂ ਪਿੰਡ ਦੇ ਨਾਲ ਹਾਂ'

ਦੇ ਸੰਦਰਭ ਵਿਚ ਦ੍ਰਿੜਤਾ ਨਾਲ ਕਹੀ ਜਾ ਸਕਦੀ ਹੈ ਕਿ ਉਹ ਪਿੰਡ ਅਤੇ ਉੱਥੋਂ ਦੀ ਭਾਈਚਾਰਕ ਸਾਂਝ ਨੂੰ ਸ਼ਹਿਰੀ ਜ਼ਿੰਦਗੀ ਦੇ ਮੁਕਾਬਲੇ ਬਿਹਤਰ ਸਮਝਦਾ ਹੈ। 'ਪਿਛਲਾ ਪਿੰਡ ਵੇਖਣ ਦੇ ਬਾਰੇ' ਅਤੇ 'ਗੱਲਾਂ 'ਚੋਂ ਗੱਲਾਂ' ਕਵਿਤਾਵਾਂ ਵਿਚ ਕਈ ਅਜਿਹੇ ਵਰਣਨ ਹਨ, ਜਿਹਨਾਂ ਨੂੰ ਪਿੰਡ ਦੀ ਸਾਂਸਕ੍ਰਿਤਕ ਵਿਲੱਖਣਤਾ ਅਤੇ ਉਥੋਂ ਦੇ ਜੀਵਨ ਦੇ ਆਧਾਰ 'ਤੇ ਵਿਚਾਰਿਆ ਜਾ ਸਕਦਾ ਹੈ। ਕੇਵਲ 'ਗੱਲਾਂ 'ਚੋਂ ਗੱਲਾਂ' ਕਵਿਤਾ ਵਿਚ ਹੀ ਕਈ ਉਦਾਸੀਆਂ ਦਾ ਜ਼ਿਕਰ ਹੈ, ਜਿਹੜੀਆਂ ਸ਼ਹਿਰੀ ਬਨਾਵਟੀ ਜੀਵਨ ਸ਼ੈਲੀ ਦੇ ਬਦਲੇ, ਪਿੰਡਾਂ ਵਿਚਲੀ ਨਿਰਛਲ ਜੀਵਨ-ਜਾਚ ਨੂੰ ਤੁਲਨਾਤਮਕਤਾ ਰਾਹੀਂ ਪੇਸ਼ ਕਰਦੀਆਂ ਹਨ ਜਿਵੇਂ:

*ਮੈਂ ਲੱਭ ਨਹੀਂ ਸਕਿਆ*
*ਟੌਫੀਆਂ ਤੇ ਚਾਕਲੇਟਾਂ 'ਚੋਂ*
*ਘਰ ਦੇ ਬਣਾਏ ਗੁੜ ਦਾ ਸੁਆਦ*
*ਕੋਲਡ-ਕਡਿੰਕਸ 'ਚੋਂ ਨਹੀਂ ਲੱਭਦਾ*
*ਰਿੜਕਣੇ ਦੀ ਲੱਸੀ ਵਰਗਾ ਰੱਜ*

ਉਸ ਦੀ ਕਵਿਤਾ ਵਿਚ ਉਦਾਸ ਮੌਸਮ ਦੀ ਉਪਰਾਮਤਾ ਹੈ ਪਰ ਇਹ ਕਵਿਤਾ ਉਹਨਾਂ ਲਈ ਹੈ ਜੋ "ਉਦਾਸ ਹਨ ਪਰ ਨਿਰਾਸ਼ ਨਹੀਂ"। ਧਰਮ ਕੰਮੇਆਣਾ ਦੀ ਕਵਿਤਾ ਵਿਚ ਆਸ਼ਾਮਈ ਨਜ਼ਰੀਆ ਮੌਜੂਦ ਹੈ ਜਿਹੜਾ ਆਮ ਮਨੁੱਖ ਤੇ ਮੱਧਵਰਗੀ ਮਨੁੱਖ ਨੂੰ ਇਕ ਉਸਾਰੂ ਕਿਰਦਾਰ ਨਿਭਾਉਣ ਲਈ ਪ੍ਰੇਰਦਾ ਹੈ ਅਤੇ ਆਪਣੇ ਘਰ-ਅੰਦਰਲੇ ਤੇ ਦਰ-ਬਾਹਰਲੇ ਫਿਕਰਾਂ ਨਾਲ ਜੂਝਣ ਦਾ ਸਾਹਸ ਪੈਦਾ ਕਰਦਾ ਹੈ:

*ਨਵੇਂ ਦੌਰ ਦੇ/ ਅੰਗ-ਸੰਗ ਰਹਿੰਦਿਆਂ*
*ਪਹਿਲਾਂ ਵਰਗਾ/ ਜੀਣ ਦਾ ਸਵਾਦ*
*ਆਓ! ਮੁੜ ਲੱਭੀਏ ਕਿਤੋਂ...।*

ਕਾਵਿ-ਸੰਗ੍ਰਹਿ ਦੀਆਂ ਦੋ ਕਵਿਤਾਵਾਂ 'ਸ਼ਹੀਦ ਭਗਤ ਸਿੰਘ' ਅਤੇ 'ਜਦੋਂ ਮੈਂ ਪੱਗ ਬੰਨ੍ਹਦਾ ਹਾਂ' ਵਿਚ ਪੱਗ ਦਾ ਚਿਹਨ ਬੜੀ ਸਫ਼ਲਤਾ ਨਾਲ ਪੇਸ਼ ਕੀਤਾ ਗਿਆ ਹੈ। ਜਿੱਥੇ ਪਹਿਲੀ ਕਵਿਤਾ ਦਾ ਸਰੋਕਾਰ ਇਕ ਕ੍ਰਾਂਤੀਕਾਰੀ ਫਲਸਫੇ ਨਾਲ ਹੈ ਜਿਸ ਵਿਚ ਕਵੀ ਕਹਿੰਦਾ ਹੈ:

*ਖਾਲੀ ਸਿਰ 'ਤੇ ਸਜਾ ਕੇ ਪੱਗ ਕੇਸਰੀ*
*ਭਗਤ ਸਿੰਘ ਦਾ ਸਵਾਂਗ ਨਾਂ ਰਚੋ*
*ਸਗੋਂ ਸਤਲੁਜ ਦੇ ਪਾਣੀਆਂ ਦਾ ਘੁੱਟ ਭਰੋ - ਮੰਥਨ ਕਰੋ...*
*ਸ਼ਹੀਦ ਦੀ ਸ਼ਤਾਬਦੀ/ਤਿਉਹਾਰ ਨਹੀਂ ਵੰਗਾਰ ਹੈ।*

ਤਾਂ ਦੂਸਰੀ ਕਵਿਤਾ ਵਿਚ ਕਾਵਿ-ਨਾਇਕ ਸਿਰ 'ਤੇ ਬੰਨ੍ਹੀ ਪੱਗ ਨੂੰ ਵਿਰਾਸਤਾਂ ਅਤੇ ਕੁਰਬਾਨੀਆਂ ਦੇ ਅਮੀਰ ਇਤਿਹਾਸ ਨਾਲ ਜੁੜਿਆ ਮਹਿਸੂਸ ਕਰਦਾ ਹੈ। ਭਾਵੇਂ ਪਹਿਲੀ ਕਵਿਤਾ ਦੀ ਸੰਬੋਧਨਵਾਚੀ ਸੁਰ ਅਤੇ ਦੂਜੀ ਕਵਿਤਾ ਦੀ ਖੁਦਕਲਾਮੀ ਵਿਚਲਾ ਵਿਚਾਰਧਾਰਕ ਪ੍ਰਸੰਗ ਵੱਖੋ-ਵੱਖਰਾ ਹੈ ਪਰ ਦੋਹਾਂ ਦੇ ਚਿਹਨਾਂ ਅੰਦਰਲੀ ਕੁਰਬਾਨੀ ਅਤੇ ਕਰਾਂਤੀਕਾਰੀ ਦੀ ਭਾਵਨਾ, ਇਹਨਾਂ ਦੋਵਾਂ ਵਿਚਲੀ ਸਮਰੂਪਤਾ ਨੂੰ ਵੀ ਪੇਸ਼ ਕਰਦੀ ਪ੍ਰਤੀਤ ਹੁੰਦੀ ਹੈ। ਇਹੀ ਕਾਰਨ ਹੈ ਕਿ ਧਰਮ ਕੰਮੇਆਣਾ ਦੀ ਕਵਿਤਾ ਨੂੰ ਵਿਵੇਕਸ਼ੀਲ ਤੇ ਚਿੰਤਨਸ਼ੀਲ ਕਾਵਿ-ਪ੍ਰਵਚਨ ਦੇ ਪ੍ਰਸੰਗ ਵਿਚ ਵਿਚਾਰਿਆ ਜਾ ਸਕਦਾ ਹੈ। □□

**-ਸਤਿੰਦਰਪਾਲ ਸਿੰਘ**

## ਸਮਾਂ ਤੇ ਸੁਪਨੇ [ਰਣਜੀਤ ਸਿੰਘ ਭਿੰਡਰ]

ਅੱਜੋਕੀ ਕਹਾਣੀ ਮਨੁੱਖ ਦੇ ਚੇਤਨ ਅਤੇ ਅਵਚੇਤਨ ਦੇ ਜਟਿਲ ਅੰਤਰ-ਵਿਰੋਧਾਂ/ ਸੁਪਨਿਆਂ ਦੀ ਸੰਵਾਹਕ ਹੈ। ਮਨੁੱਖ ਦੁਆਰਾ ਸੁਪਨੇ ਲੈਣਾ ਅਤੇ ਉਹਨਾਂ ਨੂੰ ਯਥਾਰਥ ਵਿਚ ਤਬਦੀਲ ਕਰਨ ਦੀ ਲੋਚਾ ਕਰਨਾ ਸੁਭਾਵਕ ਅਤੇ ਕੁਦਰਤੀ ਵਰਤਾਰਾ ਹੈ। ਰਣਜੀਤ ਸਿੰਘ ਭਿੰਡਰ ਦਾ ਨਵ-ਪ੍ਰਕਾਸ਼ਤ ਕਹਾਣੀ ਸੰਗ੍ਰਹਿ 'ਸਮਾਂ ਤੇ ਸੁਪਨੇ' (ਚੇਤਨਾ ਪ੍ਰਕਾਸ਼ਨ ਲੁਧਿਆਣਾ, ਮੁੱਲ 140 ਰੁਪਏ, ਪੰਨੇ 127)



ਦੀਆਂ ਸਮੁੱਚੀਆਂ ਕਹਾਣੀਆਂ ਅਜਿਹੇ ਹੀ ਲੋਕ ਹਿਤੈਸ਼ੀ ਸਮਾਜ ਦੀ ਯਾਚਨਾ ਨੂੰ ਦਰਸਾਉਂਦੇ ਸੁਪਨਿਆਂ ਅਤੇ ਇਹਨਾਂ ਸੁਪਨਿਆਂ ਦੇ ਵਿਪਰੀਤ ਵ੍ਰਾਸਤਵਿਕ ਅਵਸਥਾ ਦੇ ਦਵੰਦਾਤਮਕ ਪ੍ਰਵਚਨ ਦੀਆਂ ਲਖਾਇਕ ਹਨ। ਲੇਖਕ ਵੰਨ-ਸੁਵੰਨੇ ਵਿਸ਼ਿਆਂ ਅਤੇ ਵਿਲੱਖਣ ਸਾਰਾਂ/ ਸਰੋਕਾਰਾਂ ਦੀਆਂ ਧਾਰਨੀ ਇਹਨਾਂ ਕਹਾਣੀਆਂ ਦੁਆਰਾ ਜੀਵਨ ਦੀ ਜਟਿਲ ਸਮੁੱਚਤਾ ਨੂੰ ਦਰਸਾਉਣ ਵੱਲ ਅਗਰਸਰ ਪ੍ਰਤੀਤ ਹੁੰਦਾ ਹੈ।

ਇਸ ਸੰਗ੍ਰਹਿ ਵਿਚ ਸ਼ਾਮਲ ਕਹਾਣੀਆਂ 'ਸ਼ਾਵਰ' ਅਤੇ 'ਕੈਫ਼ਟੇਰੀਏ ਵਾਲੀ ਕੁੜੀ' ਦਾ ਬਿਰਤਾਂਤ ਪਰਵਾਸੀ ਜੀਵਨ ਹੰਢਾਉਂਦੇ ਪਾਤਰਾਂ ਦੀਆਂ ਸਮੱਸਿਆਵਾਂ ਅਤੇ ਉਥੋਂ ਦੀ ਜੀਵਨ-ਜਾਚ ਵਿਚੋਂ ਪ੍ਰਾਪਤ ਨਿੱਜੀ ਆਜ਼ਾਦੀ ਵਰਗੇ ਹਾਂ-ਮੁਖੀ ਪੱਖਾਂ ਨੂੰ ਉਜਾਗਰ ਕਰਦਾ ਹੈ। 'ਸ਼ਾਵਰ' ਕਹਾਣੀ ਪੂਰਬੀ ਦੇਸ਼ਾਂ ਦੇ ਸਭਿਆਚਾਰ ਵਿਚ ਪ੍ਰਚਲਤ ਦਕਿਆਨੂਸੀ, ਅਸਾਵੇਂ ਮਾਪਦੰਡਾਂ ਅਤੇ ਪੱਛਮੀ ਸਮਾਜ ਦੇ ਖੁੱਲ੍ਹਾਂ ਭਰੇ ਮਾਨਵ ਹਿਤੈਸ਼ੀ ਪ੍ਰਸੰਗਾਂ ਦਾ ਤੁਲਨਾਤਮਕ ਪਰਿਪੇਖ ਉਸਾਰਦੀ ਹੈ। ਕਹਾਣੀ ਵਿਚ ਨਿਮਨਪੁਰਖੀ ਬਿਰਤਾਂਤਕਾਰੀ ਅਧੀਨ ਦੋ ਭੈਣਾਂ ਦੀ ਟੈਲੀਫੂਨ 'ਤੇ ਹੁੰਦੀ ਗੱਲਬਾਤ ਨੂੰ ਪ੍ਰਭਾਵਕਾਰੀ ਵਿਧੀ ਰਾਹੀਂ ਚਿਤਰਿਆ ਗਿਆ ਹੈ। ਇਸ ਕਹਾਣੀ ਵਿਚ ਪੂਰਬੀ ਸਭਿਅਤਾ ਨਾਲ ਸੰਬੰਧਤ ਲੜਕੀ ਪੱਛਮੀ ਦੇਸ ਵਿਚ ਜਾ ਕੇ ਅਣਵਿਆਹੀ ਮਾਂ ਬਣਨ ਵਾਲੀ ਇਕ ਔਰਤ ਲਈ 'ਸ਼ਾਵਰ' ਨਾਂ ਦੀ ਰਸਮ ਨੂੰ ਆਪਣੇ ਘਰ ਨਿਭਾਉਂਦੀ ਹੈ। ਪਰੰਤੂ ਇਸਦੇ ਮੁਕਾਬਲੇ ਉਸਦੇ ਆਪਣੇ ਮੂਲ ਦੇਸ਼ ਵਿਚ ਉਸਦੀ ਭੈਣ ਨੂੰ ਸਿਰਫ ਇਸ ਲਈ ਕਤਲ ਕਰ ਦਿੱਤਾ ਜਾਂਦਾ ਹੈ ਕਿ ਉਹ ਕਿਸੇ ਲੜਕੇ ਨਾਲ ਪਾਕ ਮੁਹੱਬਤ ਦੇ ਬੰਧਨ ਨੂੰ ਕਬੂਲ ਕਰ ਲੈਂਦੀ ਹੈ। ਇਹ ਕਹਾਣੀ ਸ਼ਾਵਰ ਸ਼ਬਦ ਦੇ ਸਾਪੇਖ ਅਤੇ ਨਿਰਪੇਖ ਅਰਥਾਂ ਰਾਹੀਂ ਦੋ ਸਭਿਆਤਾਵਾਂ ਵਿਚਲੇ ਅੰਤਰ ਨੂੰ ਸਥਾਪਤ ਕਰਦੀ ਹੈ। 'ਕੈਫੇਟੇਰੀਏ ਵਾਲੀ ਕੁੜੀ' ਨਾਮੀ ਕਹਾਣੀ ਦੇ ਬਿਰਤਾਂਤ ਵਿਚ ਪੱਛਮੀ ਸਭਿਅਤਾ ਦੇ ਸਰੋਕਾਰਾਂ ਦੇ ਟਾਕਰੇ ਉੱਤੇ ਪੂਰਬੀ ਦੇਸ਼ਾਂ ਦੀ ਪਛੜੀ ਹੋਈ ਮਕਾਨਕੀ ਅਤੇ ਦੰਭੀ ਮਾਨਸਿਕਤਾ ਨੂੰ ਪ੍ਰਗਟਾਇਆ ਗਿਆ ਹੈ। ਇਸ ਪ੍ਰਗਟਾਵੇ ਹਿਤ ਕਹਾਣੀਕਾਰ, ਪਾਤਰ ਜੱਸੀ ਸੰਧੂ ਉੱਤੇ ਸਹੁਰਿਆਂ ਵੱਲੋਂ ਹੁੰਦੇ ਅੱਤਿਆਚਾਰ ਦਾ ਚਿਤਰ ਖਿੱਚਦਾ ਹੈ। ਪਰਵਾਸੀ ਲੜਕਿਆਂ ਨਾਲ ਵਿਆਹੀਆਂ ਔਰਤਾਂ ਦੀ ਅਸਹਿ, ਕਸ਼ਟ ਭਰਪੂਰ, ਕਲੇਸ਼ ਵਾਲੀ ਜ਼ਿੰਦਗੀ ਨੂੰ ਪਾਤਰ ਡਾ. ਮੋਹਨ ਸਹਿਗਲ ਅਤੇ ਲੜਕੀ ਜੱਸੀ ਸੰਧੂ ਦੇ ਸੰਵਾਦਾਂ ਰਾਹੀਂ ਦਰਸਾਇਆ ਗਿਆ ਹੈ। ਕਹਾਣੀ ਦੇ ਇਹ ਸੰਵਾਦ ਕਿ..."ਨਾ ਤਲਾਕ ਦੇਂਦਾ ਤੇ ਨਾ ਹੀ ਘਰ ਆਉਂਦਾ। ਅਰਚਨਾ ਵਿਚਾਰੀ ਤਾਂ ਹੱਥ ਵੱਢ ਕੇ ਦੇ ਚੁੱਕੀ ਆ। ਕੁਝ ਕਰ ਵੀ ਨਹੀਂ ਸਕਦੀ। ਕਿੱਸੇ ਤਾਂ ਬਹੁਤ ਨੇ ਇਸ ਤਰ੍ਹਾਂ ਦੇ..." ਇਸ ਗੱਲ ਦੀ ਨਿਸ਼ਾਨਦੇਹੀ ਕਰਦੇ ਹਨ ਕਿ ਪਰਵਾਸੀ ਲੜਕਿਆਂ ਨਾਲ ਵਿਆਹੀਆਂ ਬਹੁ-ਗਿਣਤੀ ਲੜਕੀਆਂ ਦੀ ਜ਼ਿੰਦਗੀ ਕਿੰਨ੍ਹਾਂ ਭਿਆਨਕ ਸੰਕਟਾਂ ਨੂੰ ਦਰਪੇਸ਼ ਹੁੰਦੀ ਹੈ। ਪਰਾਏ ਦੇਸ਼ ਵਿਚ ਉਹਨਾਂ ਦਾ ਹਾਲ ਪੁੱਛਣ ਵਾਲਾ ਆਪਣਾ ਕੋਈ ਵੀ ਨਹੀਂ ਹੁੰਦਾ। ਪਰਦੇਸ ਵਿਚ ਇਕੋ ਇਕ ਸਹਾਰਾ ਕਾਨੂੰਨ ਦਾ ਹੁੰਦਾ ਹੈ, ਜੋ ਅਕਸਰ ਪਰਿਵਾਰ ਜੋੜਨ ਦੀ ਬਜਾਇ ਤੋੜਨ ਦੀ ਗਵਾਹੀ ਭਰਦਾ ਹੈ। ਇਸ ਤਰ੍ਹਾਂ ਇਹ ਕਹਾਣੀ ਪਰਵਾਸ ਵਿਚਲੀਆਂ ਵਿਆਹੁਤਾ ਲੜਕੀਆਂ ਦੇ ਚਕਨਾ ਚੂਰ ਹੋਏ ਸੁਪਨਿਆਂ ਦੀ ਕਲਾਤਮਕ ਪੇਸ਼ਕਾਰੀ ਹੈ।

'ਸਮੇਂ ਦੀ ਚਾਪ' ਨਾਮੀ ਕਹਾਣੀ ਇਕ ਵੱਖਰੀ ਤੇ ਨਿਵੇਕਲੀ ਵਿਧਾਗਤ ਪੇਸ਼ਕਾਰੀ ਹੈ। ਇਸ ਵਿਚ ਮਰੇ ਹੋਏ ਮਾਂ-ਪਿਉ ਦਾ ਆਪਣੇ ਪੁੱਤਰ ਨਾਲ ਮਿਲਾਪ ਤੇ ਵਾਰਤਾਲਾਪ ਦਰਸਾ ਕੇ ਲੇਖਕ ਨੇ ਮੂਲੋਂ ਬਦਲੀ ਹੋਈ ਜਟਿਲ ਜੀਵਨ-ਜਾਚ ਦਾ ਜੀਵੰਤ ਬਿਰਤਾਂਤ ਅੰਕਤ ਕੀਤਾ ਹੈ। 'ਹਵਾਈ ਖਲਬਲੀ' ਅਤੇ 'ਵਚਨ' ਨਾਮੀ ਕਹਾਣੀਆਂ ਇਕੋ ਸ਼੍ਰੇਣੀ ਦੀਆਂ ਕਹਾਣੀਆਂ ਹਨ, ਜਿੰਨ੍ਹਾਂ ਵਿਚ ਵਸਤੂ ਦੀ ਪੇਸ਼ਕਾਰੀ ਸਰਲ ਤੇ ਸਹਿਜ ਭਾਵੀ ਰੂਪ ਵਿਚ ਕੀਤੀ ਗਈ ਹੈ। ਦੋਹਾਂ ਕਹਾਣੀਆਂ ਵਿਚ ਸਮੱਸਿਆਵਾਂ ਵਿਚ ਘਿਰੇ ਪਾਤਰਾਂ ਦੀ ਸਿਮਰਤੀ ਦੇ ਨਿੱਕੇ-ਨਿੱਕੇ ਵੇਰਵਿਆਂ ਰਾਹੀਂ ਕਥਾ-ਬੁਣਤਰ ਨੂੰ ਸਿਰਜਿਆ ਗਿਆ ਹੈ। ਕਹਾਣੀਆਂ ਦੇ ਬਿਰਤਾਂਤਕ ਸੰਗਠਨ ਸਮੱਸਿਆ ਗ੍ਰਸਤ ਅਸੰਤੁਲਤ ਵਾਤਾਵਰਣ ਨਾਲ

ਆਰੰਭ ਹੁੰਦੇ ਹਨ। ਕਹਾਣੀਆਂ ਦੇ ਅੱਗੇ ਵਧਣ ਨਾਲ ਸਮੱਸਿਆ ਦੀ ਤੀਬਰਤਾ ਵਧਦੀ ਦਿਖਾਈ ਦਿੰਦੀ ਹੈ, ਪਰੰਤੂ ਸਿਖਰ ਤੋਂ ਬਾਅਦ ਕਹਾਣੀਆਂ ਸੁਖਾਂਤਕ ਅੰਤ ਨਾਲ ਸਮਾਪਤ ਹੋ ਜਾਂਦੀਆਂ ਹਨ।

'ਪਲ ਪਲ ਮਰਦਾ ਆਦਮੀ' ਕਹਾਣੀ ਭਾਰਤੀ ਸਮਾਜ ਵਿਚਲੀ ਜਾਤੀ ਵਿਵਸਥਾ ਦੇ ਨਿਵੇਕਲੇ ਅਰਥ ਭਰਪੂਰ ਪਾਸਾਰ ਸਿਰਜਦੀ ਹੈ। ਇਸ ਕਹਾਣੀ ਵਿਚ ਘਨਈਆ ਨਾਮ ਦੇ ਪਾਤਰ ਨੂੰ ਉੱਚ ਜਾਤੀ ਦਾ ਹੋਣ ਕਰਕੇ ਕੰਮ ਨਹੀਂ ਮਿਲਦਾ। ਕੰਮ ਲੈਣ ਦੀ ਖਾਤਰ ਉਹ ਆਪਣੀ ਜਾਤ ਨੂੰ ਨਿਮਨ ਜਾਤ ਵਿਚ ਤਬਦੀਲ ਕਰ ਲੈਂਦਾ ਹੈ। ਬਿਰਤਾਂਤਕਾਰ ਉਸਦੇ ਇਸ ਕਾਰਜ ਸਦਕਾ ਪਲ ਪਲ ਅਲਪ ਹੁੰਦੀ ਘਨਈਏ ਦੀ ਮਾਨਵੀ ਹੋਂਦ ਦੇ ਬਹੁ-ਪੱਖੀ ਸਰੋਕਾਰਾਂ ਦੇ ਗਲਪੀ ਬਿੰਬ ਖਿੱਚਦਾ ਹੈ।

'ਤਿੰਨ ਭੈਣਾਂ' ਅਤੇ 'ਸੁੰਨਤ' ਕਹਾਣੀਆਂ ਹੱਥਲੇ ਕਹਾਣੀ-ਸੰਗ੍ਰਹਿ ਦੀਆਂ ਵਰਣਨਯੋਗ ਕਹਾਣੀਆਂ ਹਨ। ਸੰਨ 1947 ਦੀ ਦੇਸ਼-ਵੰਡ ਦੌਰਾਨ ਹੋਈ ਵੱਢ-ਟੁੱਕ ਅਤੇ ਔਰਤਾਂ ਉੱਤੇ ਹੋਏ ਜਬਰ-ਜ਼ੁਲਮ ਦੀ ਦਾਸਤਾਨ ਬਿਆਨ ਕਰਦੀ ਇਹ ਕਹਾਣੀ ਪਾਤਰਾਂ ਦੇ ਸਰੀਰਕ ਤੇ ਮਾਨਸਿਕ ਕਲੇਸ਼ਾਂ ਦੀ ਗਲਪੀ ਪੇਸ਼ਕਾਰੀ ਹੈ। 'ਤਿੰਨ ਭੈਣਾਂ' ਕਹਾਣੀ ਵੀ ਅੱਜੋਕੀ ਜੀਵਨ-ਜਾਚ ਵਿਚ ਵਿਚਰ ਰਹੇ ਪਾਤਰਾਂ ਦੇ ਗਹਿਰੇ ਸੰਕਟ ਨੂੰ ਨਿਵੇਕਲੀ ਰੂਪਗਤ ਬਣਤਰ ਵਿਚ ਪੇਸ਼ ਕਰਦੀ ਹੈ। ਇਸ ਕਹਾਣੀ ਵਿਚ ਤਿੰਨ ਭੈਣਾਂ ਪਾਤਰ ਪਾਦਰੀ ਕੋਲ ਆਪਣੀ ਅਸੰਤੁਲਤ ਜੀਵਨ-ਜਾਚ ਵਿਚ ਨਿਹਿਤ ਅਨੈਤਿਕ ਕਾਰਜਾਂ ਦਾ ਇਕਬਾਲ ਕਰਨ ਹਿਤ ਪਾਦਰੀ ਨਾਲ ਸੰਵਾਦ ਰਚਾਉਂਦੀਆਂ ਹਨ। ਤਿੰਨਾਂ ਦੀਆਂ ਅਲੱਗ-ਅਲੱਗ ਸਮੱਸਿਆਵਾਂ ਨੂੰ ਚਿਤਰਕੇ ਲੇਖਕ ਨੇ ਸਮਾਜ ਵਿਚ ਔਰਤ ਨਾਲ ਹੋਣ ਵਾਲੀਆਂ ਵਿਭਿੰਨ ਪ੍ਰਕਾਰ ਦੀਆਂ ਵਧੀਕੀਆਂ ਨੂੰ ਸਾਹਮਣੇ ਲਿਆਂਦਾ ਹੈ।

'ਸਾਂਝ' ਕਹਾਣੀ ਵਿਆਹੁਤਾ ਔਰਤ-ਮਰਦ ਦੇ ਵਿਆਹ-ਬਾਹਰੇ ਸੰਬੰਧਾਂ ਵਿਚਲੀ ਹਕੀਕਤ ਦਾ ਤਰਕ ਉਸਾਰਦੀ ਹੈ। ਪਰੰਪਰਕ ਧਾਰਨਾ ਅਨੁਸਾਰ ਔਰਤ ਘਰ ਵਿਚਲੇ ਦੁੱਖਾਂ-ਸੁੱਖਾਂ ਵਿਚ ਪਤੀ ਨਾਲ ਸਾਂਝੀਵਾਲ ਹੈ ਪਰੰਤੂ ਇਹ ਕਹਾਣੀ ਇਸ ਧਾਰਨਾ ਦੇ ਉਲਟ ਕਿਸੇ ਗ਼ੈਰ-ਮਰਦ ਨਾਲ ਪਈ ਨਵੀਂ-ਨਵੀਂ ਮਾਨਸਿਕ ਸਾਂਝ ਦੇ ਅਰਥ-ਵਿਵੇਕ ਨੂੰ ਪ੍ਰਸਤੁਤ ਕਰਦੀ ਹੈ। 'ਸੁਪਨੇ' ਨਾਮੀ ਕਹਾਣੀ ਇਸ ਸੰਗ੍ਰਹਿ ਦੀ ਅਹਿਮ ਕਹਾਣੀ ਹੈ ਜੋ ਪੀੜਿਤ ਪਾਤਰਾਂ ਦੁਆਰਾ ਆਪਣੇ-ਆਪਣੇ ਦਹਿਸ਼ਤਭਰਪੂਰ ਸੁਪਨਿਆਂ ਦੇ ਬਿਆਨ ਨੂੰ ਰੂਪਾਂਤਰਤ ਕਰਦੀ ਹੈ। ਇਸ ਬਿਆਨ ਵਿਚ ਧਰਮ ਦੇ ਨਾਂ 'ਤੇ ਲੋਟੂ/ਦੰਭੀ ਸਮਾਜਕ ਅਤੇ ਸਭਿਆਚਾਰਕ ਕਿਰਦਾਰ ਨੂੰ ਸਾਹਮਣੇ ਲਿਆਂਦਾ ਗਿਆ ਹੈ।

ਕਹਾਣੀਆਂ ਵਿਚਲੇ ਵੰਨ-ਸੁਵੰਨੇ ਵਿਸ਼ਿਆਂ ਦੇ ਨਿਭਾਅ ਹਿਤ ਕਹਾਣੀਕਾਰ ਨੇ ਵੱਖ-ਵੱਖ ਜੁਗਤਾਂ ਵਰਤੀਆਂ ਹਨ। ਕਿਤੇ ਕਿਤੇ ਸਮੱਸਿਆ ਦੀ ਦਸ਼ਾ ਨੂੰ ਦਰਸਾਉਂਦਾ ਹੋਇਆ ਉਹ ਸਰਬ-ਗਿਆਤਾ ਬਣਕੇ ਘਟਨਾਵਾਂ ਦਾ ਮੁਲਾਂਕਣ ਕਰਦਾ ਹੈ। 'ਵਚਨ', 'ਕੈਫਟੇਰੀਏ ਵਾਲੀ ਕੁੜੀ', 'ਸ਼ਾਵਰ' ਅਤੇ 'ਸੁਪਨੇ' ਕਹਾਣੀਆਂ ਇਸ ਸੰਦਰਭ ਵਿਚ ਅਹਿਮ ਪਾਸਾਰ ਸਿਰਜਦੀਆਂ ਹਨ। ਕਹਾਣੀਆਂ ਸਮੱਸਿਆਵਾਂ ਦੀ ਦਸ਼ਾ ਤਾਂ ਨਿਰਧਾਰਤ ਕਰਦੀਆਂ ਹਨ ਪਰੰਤੂ ਲੇਖਕ ਮਾਨਵਵਾਦੀ ਸੁਪਨੇ ਦੀ ਵਾਸਤਵਿਕ ਤਬਦੀਲੀ ਹਿਤ ਕੋਈ ਦਿਸ਼ਾ ਨਿਰਦੇਸ਼ ਦੇਣ ਵੱਲ ਰੁਚਿਤ ਨਹੀਂ ਜਾਪਦਾ। ਸਭ ਕਹਾਣੀਆਂ ਵਿਚ ਪਾਤਰਾਂ ਦੇ ਆਪਸੀ ਸੁਚੱਜੇ ਅਤੇ ਢੁਕਵੇਂ ਵਾਰਤਾਲਾਪੀ ਬਿਰਤਾਂਤ ਸਿਰਜੇ ਗਏ ਹਨ। ਉਪਰੰਤ ਭਾਸ਼ਾ ਦੇ ਢੁਕਵੇਂ, ਸੁਹਜਮਈ, ਪ੍ਰੋੜ੍ਹ ਅਤੇ ਸੁਯੋਗ ਪ੍ਰਯੋਗ ਸਦਕਾ ਕਹਾਣੀਕਾਰ ਵਿਸ਼ੇ-ਨਿਭਾਅ ਅਤੇ ਅਰਥ-ਉਤਪਾਦਨ ਦੇ ਸਸ਼ਕਤ ਪ੍ਰਮਾਣ ਸਿਰਜਣ ਵਿਚ ਸਫ਼ਲ ਹੋਇਆ ਹੈ। ਪਰੰਪਰਕ ਵਿਸ਼ਿਆਂ ਦੀ ਨਿਵੇਕਲੀ ਪੇਸ਼ਕਾਰੀ ਸਦਕਾ ਲੇਖਕ ਵੱਲੋਂ ਕਈ ਰੂਪਾਤਮਕ ਪ੍ਰਯੋਗ ਵੀ ਕੀਤੇ ਗਏ ਹਨ।

ਮਾਨਵ ਹਿਤੈਸ਼ੀ ਸੰਵੇਦਨਾ ਨਾਲ ਗੜੁੱਚ ਇਹ ਕਹਾਣੀ ਸੰਗ੍ਰਹਿ ਪਾਠਕਾਂ ਨੂੰ ਮਾਨਵਵਾਦੀ ਦ੍ਰਿਸ਼ਟੀਮੂਲਕ ਸੰਦੇਸ਼ ਪ੍ਰਸਾਰਤ ਕਰਦਾ ਹੈ। ਆਸ ਹੈ ਕਹਾਣੀਕਾਰ ਰਣਜੀਤ ਸਿੰਘ ਭਿੰਡਰ ਆਪਣੇ ਇਸ ਉਪਰਾਲੇ ਵਿਚ ਸਫ਼ਲ ਹੋਵੇਗਾ।

-ਰਾਜਵੰਤ ਕੌਰ



## ਕੰਕਰ ਤੇ ਗੁਲਦਾਨ [ਮਨਜੀਤ ਮੀਤ]

'ਕੰਕਰ ਤੇ ਗੁਲਦਾਨ' (ਪੰਨੇ 119, ਮੁੱਲ 150 ਰੁਪਏ, ਨੈਸ਼ਨਲ ਬੁੱਕ ਸ਼ਾਪ, ਦਿਲੀ) ਪਰਵਾਸੀ ਕਵੀ ਮਨਜੀਤ ਮੀਤ ਦੀ ਪੰਜਵੀਂ ਕਾਵਿ ਪੁਸਤਕ ਹੈ। ਇਸ ਤੋਂ ਪਹਿਲਾਂ 'ਰੰਗ-ਏ-ਸ਼ਿਕਸਤਾ' (1982), 'ਨਿਖੰਭੜੇ' (1983), 'ਸਵਾਲੀਆ ਨਿਸ਼ਾਨ' (1990) ਅਤੇ 'ਲੱਕੜ ਦੇ ਘੋੜੇ' (2002) ਕਾਵਿ ਪੁਸਤਕਾਂ ਦੀ ਸਿਰਜਣਾ ਵੀ ਮਨਜੀਤ ਮੀਤ ਨੇ ਪਰਵਾਸੀ ਵਜੋਂ ਕੈਨੇਡਾ ਨਿਵਾਸ ਦੌਰਾਨ ਹੀ ਕੀਤੀ ਹੈ। ਹੱਥਲੀ ਪੁਸਤਕ ਵਿਚ ਦਿੱਤੇ ਜੀਵਨ ਬਿਉਰੇ ਤੋਂ ਪਤਾ ਚਲਦਾ ਹੈ ਕਿ 1954 ਵਿਚ ਲੁਧਿਆਣੇ ਜ਼ਿਲ੍ਹੇ ਦੇ ਸ਼ੇਖੂਪੁਰਾ ਪਿੰਡ ਦੇ ਇਕ ਕਿਸਾਨ ਪਰਿਵਾਰ ਵਿਚ ਜਨਮੇਂ ਇਸ ਕਵੀ ਨੇ 1974 ਵਿਚ ਇਮੀਗਰੈਂਟ ਦੇ ਰੂਪ ਵਿਚ ਕੈਨੇਡਾ ਜਾ ਵਾਸਾ ਕੀਤਾ ਸੀ। ਪਰਵਾਸੀ ਜੀਵਨ ਦੌਰਾਨ ਬ੍ਰਿਟਿਸ਼ ਕੋਲੰਬੀਆ ਪ੍ਰਾਂਤ ਦੇ ਸ਼ਹਿਰ ਵੈਨਕੂਵਰ ਤੇ ਸਰੀ ਵਿਚ ਕਈ ਕਿਸਮ ਦੀਆਂ ਨੌਕਰੀਆਂ ਕਰਨ ਅਤੇ ਆਪਣੀ ਪੜ੍ਹਾਈ-ਲਿਖਾਈ ਨੂੰ ਜਾਰੀ ਰੱਖਣ ਉਪਰੰਤ ਅੱਜਕੱਲ੍ਹ ਉਹ ਟਰਾਂਸਪੋਰਟ ਦੇ ਬਿਜ਼ਨਿਸ ਵਿਚ ਸਰਗਰਮ ਤੇ ਸਥਾਪਤ ਹੈ। ਨਿੱਤ ਨਵੀਆਂ ਥਾਵਾਂ 'ਤੇ ਵਿਚਰਨ ਸਦਕਾ ਉਸਦੇ ਅਨੁਭਵ-ਜਗਤ ਵਿਚ ਵਿਸ਼ਾਲਤਾ ਆਈ ਹੈ ਜਿਸਨੇ ਉਸਦੀ ਕਾਵਿ-ਰਚਨਾ ਨੂੰ ਨਵੇਂ ਦਿਸਹੱਦਿਆਂ ਵੱਲ ਤੋਰੀ ਰੱਖਿਆ ਹੈ। ਇਸਦਾ ਪ੍ਰਮਾਣ ਉਸ ਦੀਆਂ ਕਾਵਿ-ਰਚਨਾਵਾਂ ਵਿਚਲੀ ਕਾਵਿ-ਵਸਤੂ ਤੋਂ ਮਿਲ ਜਾਂਦਾ ਹੈ।

ਹੱਥਲੀ ਕਾਵਿ ਪੁਸਤਕ ਵਿਚ ਚਾਰ ਸੰਕਲਪੀ ਇਕਾਈਆਂ ਕਾਰਜਸ਼ੀਲ ਹਨ। ਮਨੁੱਖੀ ਜੀਵਨ, ਮਨੁੱਖੀ ਰਿਸ਼ਤੇ, ਮਨੁੱਖੀ ਹੋਂਦ ਅਤੇ ਨਿਜ਼ਾਮ ਅਥਵਾ ਸੱਤਾ। ਪੁਸਤਕ ਵਿਚਲੀ ਚੌਥੀ ਇਕਾਈ ਵਧੇਰੇ ਮਹੱਤਵਪੂਰਨ ਹੈ ਕਿਉਂਕਿ ਕਵੀ ਨੇ ਜ਼ਿਆਦਾਤਰ ਇਸ ਇਕਾਈ ਦੁਆਰਾ ਹੀ ਮਨੁੱਖੀ ਹੋਂਦ, ਜੀਵਨ ਤੇ ਰਿਸ਼ਤਿਆਂ ਨੂੰ ਨਿਰਧਾਰਤ ਕਰਕੇ ਗੁਲਦਾਨੀ ਤੇ ਕੰਕਰੀ ਰੂਪ ਪ੍ਰਦਾਨ ਕੀਤੇ ਹਨ। ਇਹਨਾਂ ਰੂਪਾਂ ਦੀ ਪਛਾਣ ਹੀ ਉਸਦੀ ਕਾਵਿ-ਦ੍ਰਿਸ਼ਟੀ ਨੂੰ ਨਿਰਧਾਰਤ ਕਰਦੀ ਹੈ। ਮਨੁੱਖੀ ਜੀਵਨ ਨੂੰ ਗੁਲਦਾਨੀ ਰੂਪ ਦੇਣ ਵਾਲੇ ਰਿਸ਼ਤੇ ਉਸ ਨੂੰ ਟੁੱਟੇ ਹੋਏ ਪ੍ਰਤੀਤ ਹੁੰਦੇ ਹਨ। ਇਸੇ ਲਈ ਉਸਨੂੰ ਮਨੁੱਖੀ ਅਸਤਿਤਵ ਵੀ ਖਤਰੇ ਵਿਚ ਜਾਪਦਾ ਹੈ ਅਤੇ ਉਹ ਕੰਕਰ ਕੰਕਰ ਹੋਏ ਮਨੁੱਖੀ ਆਪੇ ਨੂੰ ਪਰਿਭਾਸ਼ਤ ਕਰਦਾ ਜਾਂਦਾ ਹੈ। ਮਨਜੀਤ ਮੀਤ ਦੀ ਕਾਵਿ-ਦ੍ਰਿਸ਼ਟੀ ਮਨੁੱਖ ਦੀ ਅਜਿਹੀ ਪਰਿਭਾਸ਼ਤ ਹੋਂਦ ਨੂੰ ਕਾਵਿਬੱਧ ਕਰਨ ਤਕ ਹੀ ਸੀਮਤ ਨਹੀਂ ਰਹਿੰਦੀ, ਸਗੋਂ ਕੰਕਰ ਕੰਕਰ ਜੋੜ ਕੇ ਉਸਨੂੰ ਗੁਲਦਾਨ ਬਣਾਉਣ ਲਈ ਵੀ ਤਤਪਰ ਰਹਿੰਦੀ ਹੈ। ਮਨਜੀਤ ਮੀਤ ਦੇ ਪ੍ਰਸ਼ੰਸਕ ਅਤੇ ਸਾਡੇ ਸਥਾਪਤ ਕਵੀ ਤੇ ਚਿੰਤਕ ਰਵਿੰਦਰ ਰਵੀ ਦੇ ਪੁਸਤਕ ਵਿਚ ਹੀ ਪ੍ਰਕਾਸ਼ਤ ਲੇਖ 'ਕੰਕਰ ਤੇ ਗੁਲਦਾਨ: ਇਕ ਪੂਰਵ-ਅਧਿਐਨ' ਵਿਚ ਦਿੱਤੇ ਇਹਨਾਂ ਵਿਚਾਰਾਂ ਨਾਲ ਸਹਿਮਤੀ ਪ੍ਰਗਟਾਈ ਜਾ ਸਕਦੀ ਹੈ, "ਕੰਕਰ, ਕੰਕਰ ਹੋ ਚੁੱਕਾ ਆਪਾ ਇਕਾਈ ਜਾਂ ਸਮੂਹ (whole) ਦੀ ਤਲਾਸ਼ ਵਿਚ ਹੈ। ਭਟਕਣ ਨੂੰ ਸਫ਼ਰ ਸਮਝ ਰਹੀ ਜ਼ਿੰਦਗੀ ਆਪਣੀ ਬਨਾਵਟ, ਸਜਾਵਟ ਤੇ ਬਿਖਰਾਓ ਸਮੇਤ ਮਾਨਸਿਕ ਸ਼ਾਂਤੀ ਤੇ ਪੂਰਨਤਾ ਦੀ ਖੋਜ ਵਿਚ ਹੈ। ਇਹੀ ਅੱਜੋਕੇ ਮਨੁੱਖ ਦਾ ਸੱਚ ਹੈ ਤੇ ਇਹੀ ਉਸ ਦੀ ਤ੍ਰਾਸਦੀ। ...ਗੁਲਦਾਨ ਇਕ ਸਮੂਹ ਹੈ। ਅੱਜੋਕਾ ਉੱਤਰ-ਆਧੁਨਿਕ ਅਤੇ ਅਮਾਨਵੀ ਪਰਿਯਾਵਰਨ ਵਿਚ ਵਿਚਰ ਰਿਹਾ (De-humanised) ਮਨੁੱਖ, ਕੰਕਰ ਕੰਕਰ ਟੁੱਟ ਤਿੜਕ ਕੇ ਆਪਣੇ ਅੰਦਰ ਬਾਹਰ ਬਿਖਰ ਚੁੱਕਾ ਹੈ। ਹਰ ਕੰਕਰ ਨੇ ਆਪੋ ਆਪਣੇ ਦਾਇਰੇ ਵਿਚ ਆਪੋ ਆਪਣੇ ਵੱਖਰੇ ਤੇ ਸੁਤੰਤਰ ਅਸਤਿਤਵ ਸਥਾਪਤ ਕਰ ਲਏ ਹਨ। ...ਉਸਦੇ ਬਹੁ-ਮੁਖੀ ਅਸਤਿਤਵ ਅਤੇ ਬਹੁ-ਦਿਸ਼ਾਵੀ ਅਨੁਭਵ ਦੀ ਪ੍ਰਕਿਰਤੀ ਬਹੁਤ ਜਟਿਲ ਹੈ।"

ਰਵਿੰਦਰ ਰਵੀ ਦੀ ਉਪਰੋਕਤ ਧਾਰਨਾ ਤੋਂ ਪਤਾ ਚਲਦਾ ਹੈ ਕਿ ਮਨਜੀਤ ਮੀਤ ਮਨੁੱਖ ਦੇ ਬਹੁ-ਮੁਖੀ ਅਸਤਿਤਵ ਅਤੇ ਬਹੁ-ਦਿਸ਼ਾਵੀ ਅਨੁਭਵ ਨੂੰ ਪੇਸ਼ ਕਰਨ ਵਾਲਾ ਕਵੀ ਹੈ। ਉਸਦੀ ਕਵਿਤਾ ਦੀਆਂ ਚਾਰ ਬੁਨਿਆਦੀ ਇਕਾਈਆਂ ਨੂੰ ਜੋੜਨ ਵਾਲੇ ਅਥਵਾ ਕਵਿਤਾ ਦੀ ਵਿਧਾ ਬਾਰੇ ਉਸਦੇ ਵਿਚਾਰ ਇਸ ਪੁਸਤਕ ਦੇ ਅੰਤ 'ਤੇ 'ਕਵਿਤਾ ਮੇਰੀ ਨਜ਼ਰ ਵਿਚ' ਸਿਰਲੇਖ ਹੇਠ ਦਰਜ ਹਨ। ਇਹਨਾਂ ਅਨੁਸਾਰ ਕਵਿਤਾ ਜੀਵਨ ਦੇ ਨਵੇਂ ਧਾਰਤਲਾਂ ਤੇ ਸੋਚ ਦੇ ਨਵੇਂ ਪੜਾਵਾਂ ਦੀ ਤਰਜਮਾਨੀ ਹੈ।

ਕਵਿਤਾ ਹਸਤੀ ਤੇ ਹਯਾਤੀ ਦੇ ਸੰਗੀਨ ਸਵਾਲਾਂ ਦਾ ਮੁਲਅੰਕਣ ਹੈ। ਕਵਿਤਾ ਸਚੇਤ ਤੇ ਅਚੇਤ 'ਚੋਂ ਗੁਜ਼ਰਦੇ ਮਨ ਦੀ ਜੰਗ ਹੈ। ਕਵਿਤਾ ਬਹੁ-ਦਿਸ਼ਾਵੀ ਬਹੁ-ਮੁਖੀ ਜੀਵਨ ਅਨੁਭਵ ਹੈ। ਕਵਿਤਾ ਜ਼ਿੰਦਗੀ ਦੇ ਨਵੇਂ ਨਕੋਰ ਬਿੰਬਾਂ ਤੇ ਚਿੰਨ੍ਹਾਂ ਦੀ ਨਿਸ਼ਾਨਦੇਹੀ ਕਰਦੀ ਹੈ।' ਇਹ ਵਿਚਾਰ ਕਲਾ ਦੀ ਪੱਧਰ ਉੱਤੇ ਮਨਜੀਤ ਮੀਤ ਦੀ ਕਵਿਤਾ ਵਿਚ ਕਾਰਜਸ਼ੀਲ ਹਨ। ਅੰਤਲਾ ਵਿਚਾਰ ਉਸਦੀ ਕਵਿਤਾ ਨੂੰ ਵਿਲੱਖਣਤਾ ਪ੍ਰਦਾਨ ਕਰਦਾ ਹੈ ਕਿਉਂਕਿ ਮਨਜੀਤ ਮੀਤ ਨੇ ਨਵੇਂ ਨਕੋਰ ਬਿੰਬਾਂ ਤੇ ਚਿਨ੍ਹਾਂ ਰਾਹੀਂ ਹੀ ਚਾਰ ਬੁਨਿਆਦੀ ਇਕਾਈਆਂ ਨੂੰ ਰੂਪ ਪ੍ਰਦਾਨ ਕੀਤਾ ਹੈ।

ਮਨੁੱਖੀ ਅਸਤਿਤਵ ਲਈ ਉਦਯੋਗਕ ਕ੍ਰਾਂਤੀ ਤੇ ਵਿਗਿਆਨਕ ਸੋਚ ਵਿਚ ਪਨਪੇ ਖਤਰੇ ਨੂੰ ਦਰਸਾਉਣ ਲਈ ਬਿੰਬਾਤਮਕ ਸ਼ਬਦਾਂ ਦਾ ਪ੍ਰਯੋਗ ਕਰਕੇ ਇਸਨੂੰ ਭਵਿੱਖਾਰਥੀ ਮਨੁੱਖੀ ਹੋਂਦ ਲਈ ਘਾਤਕ ਦੱਸਿਆ ਹੈ:

*ਸਾਡੇ ਲਾਲਚ ਦੀਆਂ ਤਪਦੀਆਂ ਭੱਠੀਆਂ 'ਚ/ ਹਰ ਪਲ ਹਰੇ ਕਚੂਰ ਰੁੱਖ ਸੜ ਰਹੇ ਨੇ*
*ਸਾਡੇ ਲੋਭ ਦਾ ਟਿੱਡੀ-ਦਲ/ ਜੰਗਲਾਂ ਦੇ ਜੰਗਲ ਚੱਟ ਗਇਆ ਹੈ*
*ਧਰਤੀ ਦੀਆਂ ਪੁੜਪੁੜੀਆਂ 'ਚੋਂ/ ਸੇਕ ਦੀਆਂ ਲਪਟਾਂ ਉੱਠ ਰਹੀਆਂ ਨੇ*
*ਧਰਤੀ ਦੀ ਕੰਜਕਤਾ ਦਾ/ ਅਸਾਂ ਚੀਰ-ਹਰਨ ਕੀਤਾ ਹੈ*
*ਸਾਡੀ ਉਦਯੋਗਕ ਕ੍ਰਾਂਤੀ ਨੇ/ ਕੁਦਰਤ ਦਾ ਸਗਲਾ ਸਾਹ-ਸਤ ਪੀਤਾ ਹੈ*
*ਚੱਲੋ! ਆਪਣੇ ਆਪਣੇ ਮਸਤਕ 'ਚ/ ਸੁਹਿਰਦ ਅਨੁਭਵ ਦਾ ਦੀਵਾ ਜਗਾਈਏ*
*ਆਉਣ ਵਾਲੀਆਂ ਨਸਲਾਂ ਦੇ ਭਵਿੱਖ ਨੂੰ/ ਇਸ ਘੁੰਮਦੇ ਸਵਰਨ-ਗੋਲੇ ਤੇ ਸੁਨਹਿਰਾ ਬਣਾਈਏ*

'ਤਪਦਾ ਧਰਤ-ਗੋਲਾ' ਨਾਂ ਦੀ ਕਵਿਤਾ, ਜਿਸ ਵਿਚੋਂ ਉਪਰੋਕਤ ਕਾਵਿ ਸਤਰਾਂ ਚੁਣੀਆਂ ਗਈਆਂ ਹਨ, ਰਾਹੀਂ ਮਨਜੀਤ ਮੀਤ ਨੇ Global Warming ਦੀ ਗੱਲ ਕੀਤੀ ਹੈ। ਕਵਿਤਾ ਵਿਚਲਾ ਵਿਸ਼ਾ ਹੀ ਨਵਾਂ ਨਹੀਂ, ਸਗੋਂ ਬਿੰਬਾਵਲੀ ਵੀ ਨਵੀਨ ਤੇ ਮੌਲਕ ਹੈ। ਇਹ ਵਿਗਿਆਨ ਤੇ ਤਕਨੀਕੀ ਵਿਕਾਸ ਨਾਲ ਪ੍ਰਦੂਸ਼ਤ ਤੇ ਤਬਾਹ ਹੋਏ ਕੁਦਰਤੀ ਅਥਵਾ ਸਮਾਜਕ ਵਾਤਾਵਰਣ ਨੂੰ ਪੇਸ਼ ਕਰਨ ਵਾਲਾ ਵਿਸ਼ਾ ਹੈ ਅਤੇ ਪੰਜਾਬੀ ਕਵਿਤਾ ਦਾ ਨਵੀਨ ਥੀਮਕ ਪਾਸਾਰ ਹੈ।

ਮਨਜੀਤ ਮੀਤ ਦੀ ਕਵਿਤਾ ਦੱਸ ਪਾਉਂਦੀ ਹੈ ਕਿ ਮਨੁੱਖੀ ਅਸਤਿਤਵ ਨੂੰ ਸੰਸਕ੍ਰਿਤੀ ਦੇ ਉਸ ਪ੍ਰਦੂਸ਼ਤ ਵਾਤਾਵਰਣ ਤੋਂ ਵੀ ਖਤਰਾ ਹੈ ਜਿਹੜੀ ਮਨੁੱਖੀ ਮਨ ਦੀ ਕਾਇਨਾਤ ਨੂੰ ਮਾਨਸਿਕ ਲਾਵਿਆਂ ਵਿਚ ਲਪੇਟ ਕੇ ਝੁਲਸਾ ਦਿੰਦੀ ਹੈ ਤੇ ਉਸਦੀ ਹੋਂਦ ਨੂੰ ਨਿਗੂਣੀ ਬਣਾ ਕੇ ਖੰਡਰ ਰੂਪੀ ਇਤਿਹਾਸ ਵਿਚ ਤਬਦੀਲ ਕਰ ਦਿੰਦੀ ਹੈ। ਮਨੁੱਖੀ ਅਸਤਿਤਵ ਨੂੰ ਅਜਿਹੇ ਪਰਪੰਚ ਤੋਂ ਬਚਾਉਣ ਲਈ ਮਨਜੀਤ ਮੀਤ ਨੇ ਇਕ ਮੰਤਰ ਵੀ ਘੜਿਆ ਹੈ ਜਿਸਨੂੰ ਸਹਿਜਤਾ ਦਾ ਨਾਂ ਦਿੱਤਾ ਗਿਆ ਹੈ:

*ਆਦਿ ਮਨੁੱਖ ਤੋਂ/ ਅੱਜੋਕੇ ਮਨੁੱਖ ਤੀਕ*
*ਪੱਥਰ ਯੁੱਗ ਤੋਂ/ ਮਸ਼ੀਨੀ ਯੁੱਗ ਤੀਕ*
*ਅੰਨ੍ਹੇ ਯੁੱਗ ਤੋਂ/ ਵਿਵੇਕੀ ਯੁੱਗ ਤੀਕ*
*ਮਸਾਂ ਤਿਲ ਕੁ ਜਿੰਨਾ ਅੰਤਰ ਹੈ*
*ਇਸ ਅੰਤਰ 'ਚ ਵਸਿਆ/ ਸਹਿਜ ਸੋਚ ਦਾ ਮੰਤਰ ਹੈ*

ਮਨਜੀਤ ਮੀਤ ਦੀ ਨਿਗਾਹ ਵਿਚ ਮਨੁੱਖੀ ਜੀਵਨ, ਜੀਵਨ ਦੀ ਹੋਂਦ ਤੇ ਸਮਾਜਕ ਮਾਨਵੀ ਰਿਸ਼ਤਿਆਂ ਨੂੰ ਉਸ ਸੋਚ ਤੇ ਲੋਚ ਤੋਂ ਵੀ ਖਤਰਾ ਹੈ ਜਿਹੜੀ ਅਣਸਾਧੀ ਤੇ ਤਰਕਹੀਣ ਹੋਵੇ। ਇਸੇ ਲਈ ਉਹ "ਆਪੋ ਆਪਣੀ ਚੇਤਨਾ ਦੀ ਚਿੰਗਾਰੀ ਤੇ ਸਗਲੇ ਅਨੁਭਵ ਦੀ ਅੱਗ ਨੂੰ ਪ੍ਰਚੰਡ ਕਰਨ" ਲਈ ਆਖਦਾ ਹੈ। ਉਸ ਦੀ ਪ੍ਰਗਤੀਸ਼ੀਲ-ਮਾਨਵਵਾਦੀ ਚੇਤਨਾ ਬ੍ਰਹਿਮੰਡਕ ਸਰੂਪ ਦੀ ਹੈ ਜਿਸਦੇ ਮੂਲ ਆਧਾਰੀ ਤੱਤ ਮੁਹੱਬਤ, ਚਿੰਤਨ ਅਤੇ ਸੰਘਰਸ਼ ਬਣਦੇ ਹਨ। ਇਹਨਾਂ ਤਿੰਨਾਂ ਤੱਤਾਂ ਦੇ ਸੁਮੇਲ ਵਿਚੋਂ ਹੀ ਮਨਜੀਤ ਮੀਤ ਦੀ ਵਿਚਾਰਧਾਰਾ ਉਘੜਦੀ ਹੈ। ਔਰਤ ਮਰਦ ਦੇ ਸੰਬੰਧਾਂ ਦੇ ਪ੍ਰਸੰਗ ਵਿਚ ਵੀ ਜਦੋਂ ਉਹ ਕਵਿਤਾ ਸਿਰਜਦਾ ਹੈ ਤਾਂ ਔਰਤ ਨੂੰ ਮਨੁੱਖੀ ਨਸਲ ਦੀ ਮੁੱਢਲੀ ਹੋਂਦਵਾਦੀ ਸੰਚਾਲਕ ਸ਼ਕਤੀ ਗਰਦਾਨਦਾ ਹੈ:



*ਔਰਤ ਸੰਪੂਰਨ ਬ੍ਰਹਿਮੰਡ ਹੈ/ ਖੰਡ ਖੰਡ ਅਖੰਡ ਹੈ*
*ਮਾਂ ਬੇਟੀ ਮਹਿਬੂਬਾ ਦਾ ਪ੍ਰਸੰਗ ਹੈ*
*ਮਰਦ ਔਰਤ 'ਚ ਲੁਪਤ ਹੁੰਦਾ ਹੈ/ ਔਰਤ ਮਰਦ 'ਚ ਸਮੋਈ ਹੁੰਦੀ ਹੈ*
*ਮੁੜ ਮੁੜ ਖਿੜਦੀ ਹੈ ਬਗੀਚੀ*
*ਆਸ ਪਾਸ ਹਰ ਸ਼ੈਅ ਬਗੀਚੀ ਹੋਈ ਜਾਂਦੀ ਹੈ*
*ਔਰਤ ਸਰਸਵਤੀ ਜਾਈ ਹੈ*
*ਇਹ ਦੁਨੀਆਂ ਦੀ ਅੰਜਮਨ ਅੰਦਰ/ ਪਿਆਰ ਪਹਿਨਕੇ ਆਈ ਹੈ*

ਵਿਅਕਤੀ ਦੇ ਰੂਪ ਵਿਚ ਔਰਤ ਤੇ ਮਰਦ ਇਕ ਪੂਰਨ ਇਕਾਈ ਹੈ। ਇਸ ਇਕਾਈ ਦੇ ਸੰਭਾਵੀ ਸ਼ਾਹਕਾਰੀ ਗੁਣਾਂ ਵੱਲ ਇਸ਼ਾਰਾ ਕਰਦਾ ਉਹ ਲਿਖਦਾ ਹੈ:

*ਸੋਚਾਂ ਰਿੜਕਣ ਲਈ ਚਿੰਤਨ - ਜ਼ਿੰਦਗੀ ਮੰਥਣ ਲਈ ਅਹਿਸਾਸ*
*ਅਤੀਤ ਰਿੜਕਣ ਲਈ ਯਾਦਾਂ - ਸਵੈ ਮੰਥਣ ਲਈ ਅਮਲ*
*ਕਿੰਨਾ ਜ਼ਰੂਰੀ ਹੈ*
*ਦਰਅਸਲ ਜ਼ਿੰਦਗੀ ਬੜੀ ਅਧੂਰੀ ਹੈ।*

'ਦਰਅਸਲ' ਸ਼ਬਦ ਮਨੁੱਖੀ ਜੀਵਨ ਦੇ ਕੰਕਰੀ ਰੂਪਾਂ ਨੂੰ ਸਾਹਵੇਂ ਲਿਆਉਂਦਾ ਹੈ। ਜਿਹਨਾਂ ਦੀ ਪਛਾਣ ਹੇਠ ਲਿਖੀਆਂ ਸਤਰਾਂ ਵਿਚੋਂ ਸਹਿਜੇ ਹੀ ਹੋ ਜਾਂਦੀ ਹੈ:

*ਜਦ ਆਪਸੀ ਰਿਸ਼ਤੇ; ਸੱਚੇ ਤੇ ਸੁੱਚੇ ਨਹੀਂ ਹੁੰਦੇ*
*ਜਦ ਸੋਚਾਂ ਦੇ ਕੱਦ; ਅੰਬਰ ਵਾਂਗ ਉੱਚੇ ਨਹੀਂ ਹੁੰਦੇ*
*ਉਹ ਰਿਸ਼ਤੇ, ਦੀਵਾਰਾਂ ਦੇ ਸਾਇਆਂ 'ਚ ਉਲਝੇ ਮਰ ਜਾਂਦੇ ਨੇ*
*ਰੂਹਾਂ ਦੇ ਹੰਸ, ਮੈਲੀਆਂ ਦੇਹਾਂ ਤਿਆਗ/ ਕਿੱਧਰੇ ਉੱਡ ਜਾਂਦੇ ਨੇ*
*ਗੱਲ ਮੁਹੱਬਤ 'ਚ/ ਨਾ ਖੱਟਣ ਨਾ ਗੁਆਉਣ ਦੀ ਹੈ!*
*ਦੂਜੇ ਦੀ ਰੂਹ ਦੇ ਕਾਸੇ ਚ/ ਨਿਰਸੰਕੋਚ ਸਗਲਾ ਆਪਾ ਪਾਉਣ ਦੀ ਹੈ।*

ਇੰਝ ਮਨਜੀਤ ਮੀਤ ਦੀ ਕਵਿਤਾ ਵਿਚਲੇ ਜੀਵਨ ਦਾ ਵਿਚਾਰਧਾਰਕ ਆਧਾਰ ਉਹ ਪਿਆਰ ਤੇ ਸੰਘਰਸ਼ ਬਣਦਾ ਹੈ ਜਿਹੜਾ ਰਿਸ਼ਤਿਆਂ ਨੂੰ ਜੋੜ ਕੇ ਜੀਵਨ ਨੂੰ ਭਰਪੂਰ ਕਰਦਾ ਹੈ ਅਤੇ ਮਨੁੱਖੀ ਹੋਂਦ ਨੂੰ ਕਾਲ ਤੋਂ ਅਕਾਲ ਦੀ ਪ੍ਰਕਿਰਿਆ ਵਿਚ ਬੰਨ੍ਹਦਾ ਹੈ।

ਮਨਜੀਤ ਮੀਤ ਦੀ ਕਵਿਤਾ ਸਥਿਤੀ ਸਿਰਜਣ ਦੀ ਕਵਿਤਾ ਵੀ ਹੈ। ਵਿਕਰਾਲ ਸਮਾਜਕ ਸਥਿਤੀਆਂ ਏਨੀਆਂ ਭਾਰੂ ਤੇ ਦਾਬੂ ਹਨ ਕਿ ਵਿਅਕਤੀ ਦੀ ਹੋਂਦ ਕੰਕਰ ਕੰਕਰ ਹੋ ਜਾਂਦੀ ਹੈ। ਏਥੋਂ ਤਕ ਕਿ ਉਸਦਾ ਸਵੈ ਵੀ ਉਸ ਕੋਲੋਂ ਖੁੱਸ ਜਾਂਦਾ ਹੈ। ਕਿਉਂਜੁ, 'ਬੇਰੂਹਾ ਵਿਭਚਾਰੀ ਸ਼ਾਸਨ' ਵੀ ਉਸਦੀ ਹੋਂਦ ਨੂੰ ਡੰਗ ਡੰਗ ਕੇ ਖੋਰਦਾ ਹੈ:

*ਇੱਥੇ ਇਨਸਾਫ ਦਾ ਚੋਗਾ ਪਾਈ/ ਅਡੋਲ ਖੜਾ ਅੰਨ੍ਹਾ ਕਾਨੂੰਨ*
*ਗ਼ਰੀਬਾਂ ਨੂੰ ਰੋਟੀਓਂ ਵਾਂਝਾ ਕਰਕੇ/ ਰੋਟੀ ਖੋਹਣ ਲਈ ਉਕਸਾਉਂਦਾ ਹੈ*
*ਕਾਨੂੰਨ ਦਾ ਲੋਭੀ ਤੇ ਭਿਆਨਕ ਰੂਪ/ ਸਾਧਾਰਣ ਮਨੁੱਖ ਨੂੰ ਮੁਜਰਮ ਬਣਾਉਂਦਾ ਹੈ*

*ਸ਼ਾਸਕ! ਇਸ ਧਰਤੀ 'ਤੇ ਹਮੇਸ਼ਾਂ ਮਸਤ ਰਿਹਾ ਹੈ*
*ਲੋਕਾਂ ਦਾ ਲਹੂ ਪੀ/ ਮਦਮਸਤ ਰਿਹਾ ਹੈ*
*ਹੁਣ ਅੱਜੋਕਾ ਮਨੁੱਖ/ ਜਾਇਜ਼ੇ ਲਈ ਪਰਤ ਰਿਹਾ ਹੈ*

ਮਨਜੀਤ ਮੀਤ ਦੀ ਵਿਚਾਰਧਾਰਾ ਕੇਵਲ ਪ੍ਰਾਪਤ ਸਥਿਤੀਆਂ ਨੂੰ ਹੀ ਨਹੀਂ ਸਿਰਜਦੀ ਸਗੋਂ ਸਥਿਤੀਆਂ 'ਚੋਂ ਚੇਤਨਾ ਨੂੰ ਵੀ ਉਪਜਾਉਂਦੀ ਹੈ। ਇਹ ਚੇਤਨਾ ਦੀ ਸ਼ਾਇਰੀ ਹੈ ਜੋ ਉਸ ਚਿੰਤਾ ਦਾ ਅਹਿਸਾਸ ਕਰਵਾਉਂਦੀ ਹੈ ਜਿਹੜੀ ਮਨੁੱਖੀ ਜੀਵਨ ਨੂੰ ਘੁਣ ਵਾਂਗ ਖਾ ਕੇ ਖੋਖਲਾ ਕਰ ਰਹੀ ਹੈ। ਫਲਸਰੂਪ ਮਨੁੱਖੀ ਹੋਂਦ ਕੰਕਰ ਕੰਕਰ ਹੋਈ ਬਿਖਰ ਰਹੀ ਹੈ। ਕੈਨੇਡਾ ਵਿਚ ਰਹਿਣ ਵਾਲੇ ਸਾਡੇ ਇਸ

ਕਵੀ ਨੇ 'ਡਿਗਦੇ ਘਰਾਂ ਦੀ ਵੇਦਨਾ' ਤੇ 'ਚੰਨ ਦੀ ਕਾਤਰ' ਨਾਮ ਦੀਆਂ ਕਵਿਤਾਵਾਂ ਵਿਚ ਆਪਣੇ ਆਪ ਨੂੰ ਕੋਸਦੇ ਪਰਵਾਸੀ ਪੰਜਾਬੀਆਂ ਦੀ ਬਾਤ ਪਾਈ ਹੈ। ਉਂਞ ਮਨਜੀਤ ਮੀਤ ਦੀ ਕਵਿਤਾ ਪਰਵਾਸ ਅਨੁਭਵ ਦੇ ਚਿਤਰਨ ਤਕ ਸੀਮਤ ਨਹੀਂ, ਇਸ ਦਾ ਕੈਨਵਸ ਵਿਸ਼ਾਲ ਹੈ। ਉਸ ਨੇ ਅੱਜੋਕੇ ਮਨੁੱਖ ਦੀ ਖੰਡਿਤ ਸਥਿਤੀ ਨੂੰ ਆਪਣੀ ਕਵਿਤਾ ਵਿਚ ਬ੍ਰਹਿਮੰਡਕ ਚੇਤਨਾ ਨਾਲ ਸਿਰਜਿਆ ਹੈ। □□

-ਚੰਦਰ ਮੋਹਨ

## ਪਾਰਦਰਸ਼ੀ [ਗੁਰਭਜਨ ਗਿੱਲ]

ਪਾਰਦਰਸ਼ੀ (ਪੰਨੇ 120, ਮੁੱਲ 120 ਰੁਪਏ, ਚੇਤਨਾ ਪ੍ਰਕਾਸ਼ਨ, ਲੁਧਿਆਣਾ) ਗੁਰਭਜਨ ਗਿੱਲ ਦੀ ਅੱਠਵੀਂ ਕਾਵਿ ਪੁਸਤਕ ਹੈ। ਇਸ ਤੋਂ ਪਹਿਲਾਂ ਉਹ ਪੰਜਾਬੀ ਕਵਿਤਾ ਨੂੰ 'ਸ਼ੀਸ਼ਾ ਝੂਠ ਬੋਲਦਾ ਹੈ' (1978), 'ਹਰ ਧੁਖ਼ਦਾ ਪਿੰਡ ਮੇਰਾ ਹੈ' (1985), 'ਬੋਲ ਮਿੱਟੀ ਦਿਆ ਬਾਵਿਆ' (1992), 'ਅਗਨ ਕਥਾ' (2000), 'ਖ਼ੈਰ ਪੰਜ ਪਾਣੀਆਂ ਦੀ' (2004), 'ਧਰਤੀ ਨਾਦ' (2005) ਅਤੇ 'ਫੁੱਲਾਂ ਦੀ ਝਾਂਜਰ' (2006) ਨਾਵਾਂ ਦੀਆਂ ਕਾਵਿ-ਪੁਸਤਕਾਂ ਦੇ ਚੁੱਕਾ ਹੈ। ਗੁਰਭਜਨ ਗਿੱਲ ਅਜਿਹਾ ਕਵੀ ਹੈ ਜਿਸਨੇ ਗੀਤਕਾਰ ਤੇ ਗ਼ਜ਼ਲਕਾਰ ਦੇ ਤੌਰ 'ਤੇ ਵੀ ਪੰਜਾਬੀ ਕਵਿਤਾ ਵਿਚ ਆਪਣੀ ਵਿਸ਼ੇਸ਼ ਥਾਂ ਬਣਾਈ ਹੈ। ਪੰਜਾਬ ਦੀ ਲੋਕਧਾਰਾਈ ਸਮੱਗਰੀ ਨੂੰ ਉਸਨੇ ਆਪਣੀ ਕਵਿਤਾ ਵਿਚ ਵਸਤੂ, ਦ੍ਰਿਸ਼ਟੀ ਤੇ ਸ਼ਿਲਪ ਦੇ ਰੂਪ ਵਿਚ ਵਰਤਿਆ ਹੈ। ਸ਼ਹਿਰੀ ਮੱਧਵਰਗੀ ਵਿਅਕਤੀ ਵਾਂਗ ਜੀਵਨ ਬਤੀਤ ਕਰ ਰਹੇ ਗੁਰਭਜਨ ਕੋਲ ਸਾਧਾਰਨ ਪੇਂਡੂ ਪੰਜਾਬੀ ਵਿਅਕਤੀ ਦੀ ਉਹ ਸੋਚ ਵੀ ਹੈ ਜਿਸਨੂੰ ਕਾਇਮ ਰੱਖ ਕੇ ਉਹ ਪਿਛਲੇ ਚਾਰ ਦਹਾਕਿਆਂ ਤੋਂ ਕਵਿਤਾ ਦੀ ਸਿਰਜਣਾ ਕਰਦਾ ਆ ਰਿਹਾ ਹੈ। ਤੱਤਕਾਲੀਨ ਸਮਾਜਕ, ਆਰਥਿਕ ਤੇ ਰਾਜਨੀਤਕ ਘਟਨਾਵਾਂ ਦੇ ਪ੍ਰਸੰਗ ਉਸਦੀ ਕਵਿਤਾ ਦਾ ਸਿਰਜਣਾਤਮਕ ਆਧਾਰ ਬਣੇ ਹਨ। ਸ਼ਾਇਦ ਇਸੇ ਲਈ ਉਸਦੀ ਹਰ ਨਵੀਂ ਪੁਸਤਕ ਪਹਿਲੀ ਤੋਂ ਵੱਖਰੀ ਭਾਂਤ ਦੀ ਸੂਹਜ ਚੇਤਨਾ ਦਾ ਅਹਿਸਾਸ ਕਰਵਾਉਂਦੀ ਹੈ।

ਹੱਥਲੀ ਪੁਸਤਕ ਦੀ ਸਿਰਲੇਖਕ ਕਵਿਤਾ 'ਪਾਰਦਰਸ਼ੀ' ਦੱਸ ਪਾਉਂਦੀ ਹੈ ਕਿ ਹਰ ਕਾਲ ਵਿਚ ਔਰਤ ਜਾਤੀ ਸਮਾਜ ਵਿਚ ਆਪਣੀ ਦੁੱਖ ਤਕਲੀਫ਼ ਦੱਸਣ ਤੋਂ ਡਰਦੀ ਮਾਰੀ ਗੁੰਮ ਸੁੰਮ ਰਹਿੰਦੀ ਜਾਂ ਨੈਣੋਂ ਨੀਰ ਵਹਾਉਂਦੀ ਰਹੀ ਹੈ। ਉਹ ਪਾਣੀ ਦੇ ਬੁਲਬੁਲਿਆਂ ਵਾਂਗ ਜੂਨ ਹੰਢਾ ਕੇ ਇਸ ਜਹਾਨੋਂ ਤੁਰ ਜਾਂਦੀ ਹੈ। ਉਹ ਆਪਣੇ ਹੋਂਠੀਂ ਜੰਦਰੇ ਲਾ ਕੇ ਖ਼ੁਦ ਨੂੰ ਆਪਣੀ ਵੇਦਨ ਸੁਣਾਉਂਦੀ ਹੋਈ ਸੁਪਨਈ ਜ਼ਿੰਦਗੀ ਜਿਊਂਦੀ ਹੈ:

*ਸਾਹ ਤੇ ਬਦਨ ਜਦੋਂ ਵੀ ਤਪਦੇ/ ਅੰਬਰ ਗੰਗਾ ਦੇ ਵਿਚ ਨਹਾਉਂਦੀ*
*ਭਰ ਭਰ ਗੜਵੇ ਨੀਰ ਚਾਨਣਾ/ ਪਿੰਡੇ ਉੱਪਰ ਪਾਉਂਦੀ।*

ਆਦਰਸ਼ ਔਰਤ ਨੂੰ ਉਭਾਰਦੀ ਗੁਰਭਜਨ ਗਿੱਲ ਦੀ ਦ੍ਰਿਸ਼ਟੀ ਨਾਰੀ ਦੀ ਵੇਦਨਾ ਤੇ ਸੰਵੇਦਨਾ ਦੀ ਵਕਾਲਤ ਕਰਦੀ ਹੋਈ ਉਸਨੂੰ ਚੇਤਨਾ ਦੇ ਰਾਹ ਪਾਉਣ ਦੇ ਕਾਵਿ-ਉਦੇਸ਼ ਨੂੰ ਸਮਰਪਤ ਹੈ। ਇਸੇ ਲਈ ਉਸ ਨੇ ਔਰਤ ਨੂੰ ਪਰਬਤਾਂ ਤੇ ਪਰਬਤਾਂ ਦੇ ਪੱਥਰਾਂ ਸੰਗ ਖਹਿ ਕੇ ਆਪਣੀ ਚੁੱਪ ਤੋੜਨ ਲਈ ਪ੍ਰਸ਼ਨ ਕੀਤੇ ਹਨ:

*ਏਸ ਪਰਬਤੋਂ, ਗੰਗਾ ਯਮੁਨਾ ਕਿਉਂ ਨਹੀਂ ਲੰਹਿੰਦੀ?*
*ਪੀੜ ਪਿਘਲ ਕੇ ਪੱਥਰਾਂ ਦੇ ਸੰਗ ਕਿਉਂ ਨਹੀਂ ਖਹਿੰਦੀ?*
*ਅੰਬਰ ਦੇ ਵਿਚ ਉੱਡਦੀ ਥੱਲੇ ਕਿਉਂ ਨਹੀਂ ਲਹਿੰਦੀ?*
*ਆਲ-ਦੁਆਲੇ ਵਲਗਣ ਕਿਉਂ ਹੈ ਵਲਦੀ ਰਹਿੰਦੀ?*

ਨਾਰੀ ਅੱਗੇ ਕੇਵਲ ਪ੍ਰਸ਼ਨ ਹੀ ਨਹੀਂ ਰੱਖੇ ਬਲਕਿ ਪ੍ਰਸ਼ਨਾਂ ਦਾ ਉੱਤਰ ਵੀ ਦਿੱਤਾ ਹੈ ਨਾਰੀ ਦੀ ਧਿਰ ਬਣਕੇ। ਇੰਞ ਗੁਰਭਜਨ ਗਿੱਲ ਦੀ ਸ਼ਾਇਰੀ ਵਿਚ ਉਹ ਨਾਰੀਵਾਦੀ ਚੇਤਨਾ ਕਾਰਜਸ਼ੀਲ ਹੈ ਜਿਹੜੀ ਉਸਨੂੰ ਅੱਜੋਕੇ ਰਚੇ ਜਾ ਰਹੇ ਪੰਜਾਬੀ ਕਾਵਿ ਵਿਚ ਨਰ ਰਚਿਤ ਨਾਰੀ ਕਾਵਿ ਦਾ ਪ੍ਰਮਾਣਕ ਹਸਤਾਖਰ ਬਣਾ



ਦਿੰਦੀ ਹੈ। ਹੱਥਲੀ ਪੁਸਤਕ ਦੀ ਆਖ਼ਰੀ ਗ਼ਜ਼ਲ ਵਿਚ ਉਸਨੇ ਔਰਤ ਨੂੰ ਸ੍ਰਿਸ਼ਟੀ ਦੀ ਆਦਿ ਸੰਚਾਲਕ ਸ਼ਕਤੀ ਮੰਨਦਿਆਂ ਉਸ ਉੱਤੇ ਹੁੰਦੇ ਅੱਤਿਆਚਾਰ ਦੀ ਨਿਖੇਧੀ ਕੀਤੀ ਹੈ। ਭਰੂਣ ਹੱਤਿਆ ਦੇ ਪ੍ਰਸੰਗ ਵਿਚ ਤਾਂ ਪਰਿਵਾਰ ਹੀ ਅੱਤਿਆਚਾਰੀ ਸਮਾਜ ਦੀ ਪ੍ਰਾਥਮਿਕ ਇਕਾਈ ਵਜੋਂ ਦਿਸਦਾ ਹੈ:

*ਕੁੱਖ ਵਿਚ ਨਾ ਤੂੰ ਮਾਰ ਬਾਬਲਾ- ਕਰ ਨਾ ਅੱਤਿਆਚਾਰ ਬਾਬਲਾ।*
*ਨਾ ਤੋੜੀਂ ਨਾ ਤੋੜੀਂ, ਵੇਖੀਂ -ਮੈਂ ਜੀਵਨ ਦੀ ਤਾਰ ਬਾਬਲਾ।*

ਗੁਰਭਜਨ ਨੇ ਨਾ ਕੇਵਲ ਵੀਰ ਤੇ ਬਾਬਲ ਨੂੰ ਸੰਬੋਧਤ ਹੁੰਦੀ ਨਾਰੀ ਚਿਤਰੀ ਹੈ, ਸਗੋਂ ਪ੍ਰੇਮੀ-ਪ੍ਰੇਮਿਕਾ ਤੇ ਪਤੀ-ਪਤਨੀ ਦੇ ਨਾਤਾਦਾਰੀ ਜੁੱਟਾਂ ਵਿਚ ਵੀ ਨਾਰੀ ਦੀ ਦਸ਼ਾ ਨੂੰ ਦਿਖਾਇਆ ਹੈ। ਰਤਾ 'ਰੁਲ਼ਦੀ ਪਈ ਫੁਲਕਾਰੀ' ਕਵਿਤਾ ਦੀਆਂ ਹੇਠਲੀਆਂ ਸਤਰਾਂ ਨੂੰ ਵਾਚੋ:

*ਕਿਉਂ ਨਹੀਂ ਪਾਉਂਦੀ ਰੰਗ ਬਰੰਗੇ, ਮੈਥੋਂ ਹਰ ਪਲ ਉੱਤਰ ਮੰਗੇ।*
*ਮੈਨੂੰ ਮੇਰਾ ਪਰਛਾਵਾਂ ਡੰਗੇ।*
*ਕੱਲ ਮੁਕੱਲੀ ਫਿਰੇ ਰੁਕਮਣੀ, ਰਾਧਾ ਕੋਲ ਮੁਰਾਰੀ।*
*ਵੇ ਸਾਂਈਆਂ, ਰੁਲਦੀ ਪਈ ਫੁਲਕਾਰੀ।*

ਗੁਰਭਜਨ ਗਿੱਲ ਨੇ ਔਰਤ-ਮਰਦ ਦੇ ਪ੍ਰੇਮ ਸੰਬੰਧਾਂ ਨੂੰ ਦਰਸਾਉਣ ਲਈ ਰੁਕਮਣੀ, ਰਾਧਾ, ਅਹੱਲਿਆ, ਗੌਤਮ ਰਿਸ਼ੀ, ਰਾਮ ਆਦਿ ਇਤਿਹਾਸਕ-ਮਿਥਿਹਾਸਕ ਨਾਇਕਾਂ ਤੇ ਨਾਇਕਾਵਾਂ ਦੀ ਚੋਣ ਕੀਤੀ ਹੈ। ਇਹ ਚੋਣ ਉਸਦੀ ਕਵਿਤਾ ਵਿਚਲੀ ਵਸਤੂ ਨੂੰ ਉਹਦੇ ਸਮਾਜਕ ਤੇ ਸਭਿਆਚਾਰਕ ਵਸਤੂ-ਤੱਤਾਂ ਨਾਲ ਅਭੇਦ ਤਾਂ ਕਰਦੀ ਹੀ ਹੈ, ਨਾਲ ਦੀ ਨਾਲ ਉਹ ਇਕ ਅਜਿਹੀ ਵਿਧੀ ਤੇ ਦ੍ਰਿਸ਼ਟੀ ਦਾ ਨਿਰਮਾਣ ਵੀ ਕਰਦੀ ਜਾਂਦੀ ਹੈ ਜਿਹੜੀ ਅੱਜ ਦੇ ਦੇਹਵਾਦੀ ਕਵੀਆਂ ਸਾਹਵੇਂ ਨਾਰੀ ਬਾਰੇ ਲਿਖਣ ਦਾ ਬਦਲਵਾਂ ਕਾਵਿ-ਆਦਰਸ਼ ਸਥਾਪਤ ਕਰਦੀ ਹੈ।

ਆਪਣੇ ਸਭਿਆਚਾਰ ਨੂੰ ਪਿਆਰ ਕਰਨ ਕਰਕੇ ਗੁਰਭਜਨ ਗਿੱਲ ਦੀ ਕਵਿਤਾ ਵਿਚ ਉਹ ਲੋਕਪੱਖੀ ਤੜਫ਼ ਤੇ ਚੇਤਨਾਮਈ ਸ਼ਕਤੀ ਮੌਜੂਦ ਹੈ ਜੋ ਉਸਨੂੰ ਪੰਜਾਬੀ ਵਿਰਾਸਤ ਨੂੰ ਕਵਿਤਾ ਵਿਚ ਸੰਭਾਲਣ ਵਾਲਾ ਪ੍ਰਤੀਬੱਧ ਸ਼ਾਇਰ ਬਣਾਉਂਦੀ ਹੈ। ਅਜਿਹੀ ਪ੍ਰਤੀਬੱਧਤਾ ਦਾ ਹੀ ਸਬੂਤ ਹੈ ਕਿ 'ਇੱਕੀਵੀਂ ਸਦੀ ਦਾ ਔਰੰਗਜ਼ੇਬ' ਕਵਿਤਾ ਵਿਚ ਉਸਨੇ ਵਿਸ਼ਵ ਪੂੰਜੀਵਾਦ ਦੀਆਂ ਕੁਚਾਲਾਂ ਨੂੰ 'ਮੰਡੀ' ਦੇ ਚਿਹਨ ਰਾਹੀਂ ਪਛਾਣ ਕੇ ਤੇ ਇਸਨੂੰ ਚੇਤਨਾ ਦੀ ਜਾਗ ਲਗਾ ਕੇ ਇਸਦਾ ਮੁਕਾਬਲਾ ਕਰਨ ਦਾ ਸੰਦੇਸ਼ ਦਿੱਤਾ ਹੈ:

*ਔਰੰਗਜ਼ੇਬ ਤਜਾਰਤ ਸਿੱਖਿਆ/ ਹੁਣ ਇਹ ਲੱਭਦਾ ਫਿਰਦੈ ਮੰਡੀਆਂ*
*ਜਿਸ ਧਰਤੀ 'ਤੇ ਜਾ ਬਹਿੰਦਾ ਏ/ ਉਥੇ ਹੀ ਪਾ ਦੇਂਦੈ ਵੰਡੀਆਂ*
*ਔਰੰਗਜ਼ੇਬ ਦੇ ਹੱਥ ਵਿਚ ਭਾਵੇਂ/ ਹੁਣ ਕੋਈ ਤਲਵਾਰ ਨਹੀਂ ਹੈ*
*ਪਰ ਇਹ ਸਾਡਾ ਯਾਰ ਨਹੀਂ ਹੈ।*

ਮੰਡੀ ਦਾ ਵਰਤਾਰਾ ਵਿਸ਼ਵ ਪੂੰਜੀਵਾਦ ਦੀ ਦੇਣ ਹੈ। ਮੰਡੀ ਵਿਚ ਹਰ ਚੀਜ਼ ਵਿਕਾਊ ਹੈ। ਗੁਰਭਜਨ ਗਿੱਲ ਦੀ ਸ਼ਾਇਰ-ਅੱਖ ਮੰਡੀ ਵਿਚ ਵਿਕਦੀ ਹਰ ਸ਼ੈਅ ਨੂੰ ਤੱਕਦੀ ਹੈ ਤੇ ਤੱਕ ਤੱਕ ਆਪਣੇ ਵਿਰਸੇ ਦੇ ਸਿਰਨਾਵੀਂਏਂ ਹੰਝੂ ਕੇਰਦੀ ਹੈ। ਹਰ ਵਿਕਦੀ ਸ਼ੈਅ ਦੀ ਕਹਾਣੀ ਨੂੰ ਬਿਆਨ ਕਰਦੀ ਹੈ। ਬਿਆਨ ਵੀ ਕਰਦੀ ਹੈ ਸੰਵਾਦਕ ਕਾਵਿ-ਜੁਗਤ ਨਾਲ।

ਗੁਰਭਜਨ ਦੀ ਕਵਿਤਾ ਵਿਚਲਾ ਬਿਆਨ ਗਲਪਮਈ ਹੈ। ਮਾਨਵਵਾਦੀ ਪ੍ਰਗਤੀਵਾਦੀ ਵਿਚਾਰਧਾਰਾ ਨੂੰ ਦਰਸਾਉਣ ਵਾਲੇ ਗੁਰਭਜਨ ਗਿੱਲ ਨੇ ਸਾਦ-ਮੁਰਾਦੇ ਸ਼ਬਦਾਂ ਵਾਲੀ ਸਹਿਜ-ਸਲੀਕੇ ਤੇ ਸੂਹਜ ਭਰਪੂਰ ਚੇਤਨਾਮਈ ਕਾਵਿ-ਭਾਸ਼ਾ ਦਾ ਇਸਤੇਮਾਲ ਕਰਕੇ ਗੁੰਮ ਗੁਆਚ ਰਹੀ ਪੰਜਾਬੀਅਤ ਦੀ ਨਾ ਕੇਵਲ ਪਛਾਣ ਹੀ ਕਰਵਾਈ ਹੈ ਬਲਕਿ ਵਰਤਮਾਨ ਦੇ ਕਾਲਕ ਬਿੰਦੂ ਉੱਤੇ ਖਲੋ ਕੇ ਤ੍ਰੈਕਾਲਕ ਪੰਜਾਬੀਅਤ ਦੀ ਸ਼ਕਤੀਸ਼ਾਲੀ ਭਾਵਨਾ ਨੂੰ ਵੀ ਦ੍ਰਿੜਾਇਆ ਹੈ। ਸ਼ਾਇਦ ਇਸੇ ਲਈ ਪ੍ਰਬੁੱਧ ਕਾਵਿ-ਚਿੰਤਕ ਡਾ. ਸਾਧੂ ਸਿੰਘ ਨੇ ਗੁਰਭਜਨ ਗਿੱਲ ਦੀ ਸ਼ਾਇਰੀ ਨੂੰ ਪੰਜਾਬੀਅਤ ਦੀ

ਗੌਰਵਮਈ ਗਾਥਾ ਦਾ ਗਿਆਨ ਗੀਤ ਕਿਹਾ ਹੈ।

'ਵੱਸਦਾ ਰਹੁ ਆਜ਼ਾਦ ਕੈਨੇਡਾ', 'ਦੱਸ ਵੇ ਪੁੱਤਰਾ', 'ਰੁਲਦੀ ਪਈ ਫੁਲਕਾਰੀ', 'ਮੇਰਾ ਬਾਬਲ ਅੱਜ ਮੋਇਆ ਹੈ', 'ਲਾਸ ਵੇਗਾਸ 'ਚ ਮੋਮ ਦੀਆਂ ਗੁੱਡੀਆਂ', 'ਹਵਾਈ ਜਹਾਜ਼ ਵਿਚ ਸਫ਼ਰ ਕਰਦਿਆਂ', 'ਘਰ ਨੂੰ ਮੁੜ ਆ', 'ਚੱਲ ਚੱਲ ਘੋੜਿਆ' ਆਦਿ ਪਰਵਾਸੀ ਚੇਤਨਾ ਵਾਲੀਆਂ ਕਵਿਤਾਵਾਂ ਸਿਰਜਣ ਵੇਲੇ ਵੀ ਗੁਰਭਜਨ ਨੇ ਲੋਕਧਾਰਾਈ ਸਭਿਆਚਾਰਕ ਦ੍ਰਿਸ਼ਟੀ ਦੀ ਵਰਤੋਂ ਕੀਤੀ ਹੈ। ਉਸਨੂੰ ਪਰਵਾਸ ਵਿਚ ਘੜੇ ਘੜਾਏ ਵਿਹਾਗੀ ਰਿਸ਼ਤੇ ਬਾਜ਼ਾਰੀ ਜਾਪਦੇ ਹਨ, ਬਾਪੂ ਦੀ ਨਿੱਘੀ ਬੁੱਕਲ ਤੋਂ ਸੱਖਣੇ ਪੁੱਤ ਦਿਸਦੇ ਹਨ, ਪੁੱਤਰ ਦੀ ਭਾਲ 'ਚ ਹਟਕੋਰੇ ਭਰਦੀ ਮਾਂ ਦਿਸਦੀ ਹੈ ਤੇ ਪੁੱਤਰ ਦੇ ਘਰ ਬੇਘਰ ਹੋਈ ਮਾਂ ਨਜ਼ਰੀਂ ਪੈਂਦੀ ਹੈ। ਇਸ ਪੁਸਤਕ ਵਿਚੋਂ ਪਰਵਾਸੀ ਪੰਜਾਬੀਆਂ ਨੂੰ ਦਿੱਤੇ ਸੰਦੇਸ਼ ਵੀ ਲੱਭਦੇ ਹਨ:

*ਬਾਰੀਂ ਬਰਸੀਂ ਖੱਟਣ ਗਏ ਜੋ/ ਘਰ ਨਹੀਂ ਪਰਤੇ*
*ਕਿਹੜਾ ਜੋਗ ਕਮਾਵਣ ਆਏ/ ਧਰਤ ਬੇਗਾਨੀ ਬਾਲ ਪੜ੍ਹਾਏ*
*ਜੜ੍ਹ ਹੀਣੇ ਜੇ ਹੋ ਚੱਲੇ ਹਾਂ/ ਕੀਹ ਕਰਨੇ ਨੇ ਪੌਂਡ ਕਮਾਏ?*

*ਅਮਰੀਕਾ ਇੰਗਲੈਂਡ ਕਨੇਡਾ*
*ਖਾ ਗਈ ਮੇਰਾ ਪੁੱਤਰ ਏਡਾ*
*ਮੇਰੇ ਲਈ ਤਾਂ ਨਿਰਾ ਛਲੇਡਾ*
*ਬੋਹੜਾਂ ਤੇ ਪਿੱਪਲਾਂ ਜਹੀ ਸੰਘਣੀ ਛਾਂ ਪੁੱਛਦੀ*
*ਪੁੱਤਰ ਦੇ ਘਰ ਬੇਘਰ ਹੋਈ ਮਾਂ ਪੁੱਛਦੀ*

ਗੁਰਭਜਨ ਗਿੱਲ ਦੀ ਸ਼ਾਇਰੀ ਨਾ ਕੇਵਲ ਰੂਹ ਨਾਲ ਮਾਨਣ ਵਾਲੀ ਸ਼ਾਇਰੀ ਹੈ ਬਲਕਿ ਰੂਹ ਨੂੰ ਝੰਜੋੜਨ ਵਾਲੀ ਵੀ ਹੈ। 'ਮੁਹੱਬਤ', 'ਸ਼ਬਦ ਚੇਤਨਾ ਦਾ ਵਣਜਾਰਾ', 'ਸ਼ਬਦ ਬੋਲ ਪੈਂਦੇ ਨੇ' ਅਤੇ 'ਮੇਰੇ ਸ਼ਬਦ ਉਦਾਸ ਬੜੇ ਨੇ' ਵਰਗੀਆਂ ਕਵਿਤਾਵਾਂ ਵਿਚ ਉਹ ਆਪਣਾ ਕਾਵਿ-ਸਿਧਾਂਤ ਸਿਰਜਦਾ ਜਾਪਦਾ ਹੈ:

*ਸ਼ਬਦ ਹਨੇਰੀ ਕੰਦਰ ਅੰਦਰ ਜਗਦਾ ਦੀਵਾ।*
*ਨੇੜੇ ਜਾਓ! ਜਾਣ ਲਵੋ ਖ਼ੁਦ, ਕਰਦੈ ਖੀਵਾ।*
*ਨਗਨ ਚਾਂਦਨੀ ਲਿਸ਼ਕੇ ਜੀਕੂੰ ਅੰਬਰ ਉੱਤੇ।*
*ਸ਼ਬਦ ਜਗਾਉਂਦੇ ਸੁਰਤੀ, ਮੌਲਣ ਸੁਪਨੇ ਸੁੱਤੇ।*

ਪ੍ਰਕਿਰਤੀ ਦਾ ਸੁਹਜ, ਵਿਅਕਤੀ ਦੇ ਮਨ ਅੰਤਰ ਦੀ ਪੀੜਾ ਤੇ ਸਮਾਜ ਦਾ ਸ਼ੋਸ਼ਣੀ ਵਰਤਾਰਾ ਗੁਰਭਜਨ ਗਿੱਲ ਦੀ ਕਵਿਤਾ ਵਿਚਲੇ ਸ਼ਬਦਾਂ ਨੂੰ ਜਗਾਉਂਦੇ-ਰੌਸ਼ਨਾਉਂਦੇ ਕਲਾਤਮਕ ਕਾਰਕ ਹਨ ਜੋ ਵਿਅਕਤੀ ਦੇ ਵਿਹਾਰ ਨੂੰ ਆਪਣੇ ਅੰਦਰ ਸਮੋਂਦੇ ਹਨ। ਉਸ ਦੀ ਕਾਵਿ-ਦ੍ਰਿਸ਼ਟੀ ਵਿਚ ਸ਼ਬਦ ਨੂੰ ਪ੍ਰਥਮ ਸਥਾਨ ਪ੍ਰਾਪਤ ਹੈ। ਸ਼ਬਦ ਹੀ ਪ੍ਰਕਿਰਤੀ, ਸਮਾਜ ਤੇ ਵਿਅਕਤੀ ਅੰਦਰ ਹਰਕਤ ਪੈਦਾ ਕਰਕੇ ਮਨੁੱਖੀ ਸਮਾਜ ਦੇ ਇਤਿਹਾਸਕ ਵਿਕਾਸ ਦੀ ਬਰਕਤ ਪੈਦਾ ਕਰਦੇ ਹਨ।

ਹੱਥਲੀ ਪੁਸਤਕ ਵਿਚ ਦਰਜ 62 ਕਵਿਤਾਵਾਂ ਤੇ 11 ਗ਼ਜ਼ਲਾਂ ਵਿਚ ਜਿੱਥੇ ਕਵੀ ਨੇ ਜਿਊਣ ਤੋਂ ਉਪਰਾਮ ਹੋਏ ਵਿਅਕਤੀ ਨੂੰ ਮੁੱਕੇ ਵਾਂਗ ਤਣਨ ਲਈ ਕਿਹਾ ਹੈ ਉੱਥੇ ਉਸਨੇ ਕੱਚ ਦੀ ਮੰਡੀ ਵਿਚ ਸੱਚ ਦਾ ਸੌਦਾ ਖਰੀਦਣ ਤੇ ਵੇਚਣ ਵਾਲੇ ਗਾਹਕ ਦੀ ਪਛਾਣ ਵੀ ਕਰਵਾਈ ਹੈ। ਪ੍ਰੋਫੈਸਰ ਪ੍ਰੀਤਮ ਸਿੰਘ ਦੇ ਕਹਿਣ ਅਨੁਸਾਰ ਗੁਰਭਜਨ ਸਿੰਘ ਗਿੱਲ ਅਵੱਸ਼ ਹੀ ਦੋਹਾਂ ਪੰਜਾਬਾਂ ਦੇ ਲੋਕਾਂ ਵਿਚ ਸਾਂਝ ਦੇ ਪੁਲ ਉਸਾਰਨ ਵਾਲਾ ਕਵੀ ਹੈ। ਪਰ ਉਸਦੀ ਕਵਿਤਾ ਦੇ ਪ੍ਰਸੰਗ ਇਸ ਤੋਂ ਕਿਤੇ ਵਡੇਰੇ ਹਨ। ਕਿਉਂਕਿ ਪੰਜਾਬ ਦੇ ਹਿੱਤ ਨੂੰ ਵੀ ਉਸਨੇ ਵਿਸ਼ਾਲ ਮਾਨਵ-ਪ੍ਰੇਮ ਦੇ ਚੌਖਟੇ ਵਿਚ ਰੱਖ ਕੇ ਪਾਲਿਆ ਹੈ। ☐☐

-ਚੰਦਰ ਮੋਹਨ





'ਸਿਰਜਣਾ' ਅਕਤੂਬਰ-ਦਸੰਬਰ 08 ਵਿਚ ਛਪੀ ਤਲਵਿੰਦਰ ਸਿੰਘ ਦੀ ਕਹਾਣੀ 'ਤ੍ਰਿਸ਼ਣ' ਮੈਨੂੰ ਲਗਾਤਾਰ ਹਾਂਟ ਕਰ ਰਹੀ ਹੈ। ਪੜ੍ਹਦਿਆਂ ਸਰੀਰ ਸੁੰਨ ਹੋਣ ਲੱਗਾ। ਇਹ ਕਹਾਣੀ ਪੜ੍ਹਨ ਤੋਂ ਤੀਜੇ ਕੁ ਦਿਨ ਪਿੱਛੋਂ ਇਤਫ਼ਾਕਨ ਮੇਰੀ ਰਿਹਾਇਸ਼ ਨੇੜੇ ਚਾਰ ਕੁ ਜਣੀਆਂ ਹੈਦਰ ਨਾਂ ਦੀ ਕੁੜੀ ਨੂੰ ਖ਼ੁਸ਼ੀ ਜ਼ਾਹਰ ਕਰਦੀਆਂ ਮੁਬਾਰਕਾਂ ਦੇ ਰਹੀਆਂ ਸਨ। ਕੋਲ ਗਈ ਤਾਂ ਪਤਾ ਲੱਗਾ ਕਿ ਉਹ ਪ੍ਰੈਗਨੈਂਟ ਸੀ। ਹੈਦਰ 28 ਕੁ ਸਾਲ ਦੀ ਸੀ। ਦੋਸਤ ਨਾਲ ਰਹਿੰਦੀ ਸੀ। ਮਾਂ ਡਾਕਟਰ ਹੈ ਤੇ ਬਾਪ ਵਕੀਲ। ਉਹ ਕਿਸੇ ਹੋਰ ਥਾਂ ਰਹਿੰਦੇ ਹਨ। ਹੈਦਰ ਦੱਸਦੀ ਸੀ ਕਿ ਜਦ ਉਹਨੇ ਆਪਣੀ ਮਾਂ ਨੂੰ ਫੋਨ 'ਤੇ ਦੱਸਿਆ ਤਾਂ ਮਾਂ ਨੇ ਕੰਮ 'ਤੇ ਜਾਂਦਿਆਂ ਹੀ ਸਭ ਨੂੰ ਪਹਿਲਾਂ ਇਹੋ ਖ਼ਬਰ ਸੁਣਾਈ। ਫੇਰ ਬਾਪ ਦਾ ਫੋਨ ਆਇਆ, "ਕੁੱਕੂ ਬਰਡ (ਪਿਆਰ ਨਾਲ ਰੱਖਿਆ ਧੀ ਦਾ ਨਾਂ) ਸੁਣਿਆ ਮੈਂ ਨਾਨਾ ਬਣਨ ਵਾਲਾਂ? ਰਿੱਕ ਖ਼ੁਸ਼ ਐ?' ਰਿੱਕ ਹੈਦਰ ਦੇ ਦੋਸਤ ਦਾ ਨਾਂ ਹੈ। 'ਹਾਂ, ਬਹੁਤ', ਹੱਸਦੀ ਧੀ ਨੇ ਬਾਪ ਨੂੰ ਦੱਸਿਆ ਸੀ।

ਡੁੱਬਦੇ ਮਨ ਨਾਲ ਮੈਂ ਸੋਚ ਰਹੀ ਹਾਂ : ਦੋ ਇਕੋ ਜਿਹੀਆਂ ਘਟਨਾਵਾਂ ਨੂੰ ਦੋ ਅਲੱਗ-ਅਲੱਗ ਸਮਾਜਾਂ 'ਚ ਕਿਵੇਂ ਦੇਖਿਆ ਜਾਂਦਾ ਹੈ। ਇਕ ਸਮਾਜ 'ਚ ਪਿਓ ਤੇ ਭਰਾ ਧੀ/ਭੈਣ ਨੂੰ ਏਸ ਲਈ ਕਤਲ ਕਰ ਦਿੰਦੇ ਹਨ ਕਿ ਉਹਦੇ ਵਿਆਹ ਤੋਂ ਪਹਿਲਾਂ ਮਾਂ ਬਣਨ ਦੀ ਸੰਭਾਵਨਾ ਹੋ ਗਈ ਸੀ। ਦੂਜੇ ਸਮਾਜ 'ਚ ਬਾਪ ਧੀ ਨੂੰ ਪਿਆਰ ਨਾਲ ਸੰਬੋਧਨ ਕਰਦਾ ਆਪਣੇ ਨਾਨਾ ਬਣਨ ਦੀ ਸੰਭਾਵਨਾ 'ਤੇ ਇਉਂ ਖ਼ੁਸ਼ੀ ਜ਼ਾਹਰ ਕਰਦਾ ਹੈ।

ਕੁਦਰਤ ਜਾਂ ਰੱਬ ਨੇ ਸਭ ਜੀਵਾਂ ਨੂੰ ਇਕ ਨਿਆਮਤ ਦਿੱਤੀ ਸੀ; ਆਪਣੀ ਆਪਣੀ ਨਸਲ ਨੂੰ ਅੱਗੇ ਤੋਰਨਾ। ਵਿਆਹ ਤਾਂ ਹਾਲੇ ਕੱਲ ਦੀਆਂ ਗੱਲਾਂ ਹਨ। ਔਰਤ 'ਤੇ ਮਰਦ ਦਾ ਕੰਟਰੋਲ ਕਬੀਲਿਆਂ ਤੋਂ ਸ਼ੁਰੂ ਹੋਇਆ ਜਦੋਂ ਥਾਹਾਂ, ਜਾਨਵਰਾਂ ਵਿਚ ਸ਼ਾਮਲ ਕੀਤੀ ਔਰਤ 'ਤੇ ਵੀ ਕਬਜ਼ਾ ਹੋਣ ਲੱਗਾ ਤੇ ਵਧਦਾ ਗਿਆ। ਸੋ ਹੁਣ ਜੇ ਉਹ ਵਿਆਹ ਤੋਂ ਪਹਿਲਾਂ ਪ੍ਰੈਗਨੈਂਟ ਹੋ ਜਾਂਦੀ ਹੈ (ਕਾਰਣ ਬੇਸ਼ੱਕ ਰੇਪ ਹੀ ਹੋਵੇ) ਤਾਂ ਕਤਲ ਕਰ ਦਿੱਤੀ ਜਾਂਦੀ ਹੈ। ਵਿਆਹ ਤੋਂ ਪਿੱਛੋਂ ਜੇ ਉਹ ਪ੍ਰੈਗਨੈਂਟ ਨਹੀਂ ਹੁੰਦੀ, ਮੁੰਡੇ ਨਹੀਂ ਜੰਮਦੀ ਤਾਂ ਘਰੋਂ ਕੱਢ ਦਿੱਤੀ ਜਾਂਦੀ ਹੈ। ਵਿਆਹ ਹੁੰਦਿਆਂ ਹੀ ਉਹਦੇ 'ਤੇ ਦਬਾਅ ਪਾਇਆ ਜਾਂਦੈ ਕਿ ਉਹ ਫਟਾਫਟ ਮੁੰਡੇ ਜੰਮਣ ਵਾਲੀ ਮਸ਼ੀਨ ਬਣ ਜਾਵੇ।

ਮਸਲਾ ਵਿਆਹ ਤੋਂ ਪਹਿਲਾਂ ਜਾਂ ਪਿੱਛੋਂ ਬੱਚਾ ਜੰਮਣ ਜਾਂ ਨਾ ਜੰਮਣ ਦਾ ਨਹੀਂ। ਮਸਲਾ ਮਰਦ ਦੇ ਕਬਜ਼ੇ ਦਾ ਹੈ। ਇਹੋ ਕਾਰਨ ਹੈ ਕਿ ਭਾਰਤ, ਪਾਕਿਸਤਾਨ ਤੇ ਮਿਡਲ ਈਸਟ ਜਿਹੇ ਸਮਾਜਾਂ ਵਿਚ, ਯਾਨੀ ਜਿੱਥੇ ਵੀ ਮਰਦ ਦਾ ਔਰਤ 'ਤੇ ਵੱਧ ਕਬਜ਼ਾ ਹੈ, ਉੱਥੇ ਕੁੜੀਆਂ/ ਔਰਤਾਂ ਦੇ ਹਰ ਬਹਾਨੇ ਲਗਾਤਾਰ ਕਤਲ ਹੋ ਰਹੇ ਹਨ। ਪੱਛਮੀ ਸਮਾਜ ਵਿਚ ਔਰਤ ਨੇ ਮਰਦ ਦੇ ਕਬਜ਼ੇ ਨੂੰ ਠੁੱਡੇ ਨਾਲ ਵਗਾਹ ਮਾਰਿਆ ਹੈ, ਤੇ ਆਪਣੀ ਮਰਜ਼ੀ ਨਾਲ ਉਹ ਬਾ-ਇੱਜ਼ਤ ਜੀਅ ਸਕਦੀ ਹੈ, ਵਿਚਰ ਸਕਦੀ ਹੈ।

ਦੋ ਸਵਾਲ ਮੇਰੇ ਮਨ 'ਚ ਉੱਠ ਰਹੇ ਹਨ:

1. ਏਸ਼ੀਅਨ ਮਰਦ ਦੀ ਮੱਧਯੁੱਗੀ ਸੋਚ ਨੂੰ ਕਿਵੇਂ ਬਦਲਿਆ ਜਾਵੇ?
2. ਸਾਡੀਆਂ ਔਰਤਾਂ ਆਪਣੀ ਜ਼ਿੰਦਗੀ ਦੇ ਫ਼ੈਸਲੇ ਆਪ ਕਰਨ ਦੇ ਯੋਗ ਕਿਵੇਂ ਹੋਣ?

**-ਸ਼ਸ਼ੀ ਸਮੁੰਦਰਾ, ਯੂ. ਐੱਸ. ਏ.**

ਸਿਰਜਣਾ-149 ਦਾ ਆਪਣੇ ਸਰਪ੍ਰਸਤ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਨੂੰ ਸਮਰਪਤ ਹੋਣਾ ਵੀਹਵੀਂ ਸਦੀ ਦੇ ਏਸ ਮਹਾਂ ਵਿਦਵਾਨ ਨੂੰ ਸੱਚੀ ਅਤੇ ਸੁਹਿਰਦ ਸ਼ਰਧਾਂਜਲੀ ਹੈ। ਜਿੱਥੇ ਤੁਸੀਂ ਪੰਜਾਬੀ ਸਾਹਿਤ ਦੇ ਬਾਬਾ ਬੋਹੜ ਨੂੰ ਸੰਪਾਦਕੀ ਵਿਚ ਸੰਖੇਪ ਰੂਪ ਵਿਚ ਯਾਦ ਕੀਤਾ ਹੈ, ਉੱਥੇ ਗੁਲਜ਼ਾਰ ਸਿੰਘ ਸੰਧੂ ਹੋਰਾਂ ਵਿਸਤਾਰ ਸਹਿਤ ਸੇਖੋਂ ਸਾਹਿਬ ਦੇ ਜੀਵਨ, ਫਲਸਫੇ, ਸਾਹਿਤ ਅਤੇ ਸੁਭਾਅ ਬਾਰੇ ਭਰਪੂਰ ਰੌਚਿਕ ਜਾਣਕਾਰੀ ਦਿੱਤੀ ਹੈ। ਸੰਧੂ ਸਾਹਿਬ ਦੇ ਇਸ ਕਥਨ ਨਾਲ ਸਹਿਮਤ ਹੋਣਾ ਬਣਦਾ ਹੈ, "ਸਮੇਂ ਦੀ

ਸਰਕਾਰ ਨੂੰ ਸੰਤ ਸਿੰਘ ਸੇਖੋਂ ਨੂੰ ਗਰੇਸ ਮਾਰਕਸ ਦੇਣੇ ਵੀ ਨਹੀਂ ਆਏ। ਉਸ ਨੂੰ ਮਿੱਤਰਾਂ ਦੀ ਮਹਿਫਲ ਵਿਚੋਂ ਬਾਹਰ ਰੱਖ ਕੇ ਸਰਕਾਰ ਨੇ ਆਪਣੀ ਗਰੇਸ ਗਵਾਈ ਹੈ। ਪਰ ਨਾਲ ਹੀ ਸੰਤੋਖ ਇਸ ਗੱਲ ਦਾ ਹੈ ਕਿ ਚੇਤੇ ਵਾਲਿਆਂ ਨੇ ਸੰਤ ਸਿੰਘ ਸੇਖੋਂ ਦਾ ਚੇਤਾ ਭੁਲਾ ਕੇ ਉਸ ਦੀ ਵਿਲੱਖਣਤਾ ਉੱਤੇ ਮੋਹਰ ਲਾਈ ਹੈ।"

ਪੰਜਾਬੀ ਸਾਹਿਤ ਜਗਤ ਵੱਲੋਂ ਵੀ ਪੰਜਾਬੀ ਸਾਹਿਤ ਦੇ ਏਸ ਜੁਗ ਪੁਰਸ਼ ਦੀ ਜਨਮ ਸ਼ਤਾਬਦੀ ਯਥਾਯੋਗ ਢੰਗ ਨਾਲ ਅਜੇ ਮਨਾਈ ਨਹੀਂ ਗਈ।

-ਅਵਤਾਰ ਸਿੰਘ ਬਿਲਿੰਗ, ਸੇਹ, ਜ਼ਿਲ੍ਹਾ ਲੁਧਿਆਣਾ

ਸਿਰਜਣਾ-149 ਵਿਚ ਗੁਲਜ਼ਾਰ ਸਿੰਘ ਸੰਧੂ ਹੋਰਾਂ ਵੱਲੋਂ ਸੇਖੋਂ ਸਾਹਿਬ ਬਾਰੇ ਲਿਖਣਾ ਬੜਾ ਚੰਗਾ ਲੱਗਾ। ਸੇਖੋਂ ਸਾਹਿਬ ਬਾਰੇ ਹਾਲਾਂਕਿ ਬਹੁਤ ਕੁਝ ਲਿਖਿਆ ਗਿਆ ਹੈ ਪਰ ਕਦੇ ਕਦੇ ਬਹੁਤ ਨੇੜੇ ਰਹੇ ਇਕ ਚੰਗੇ ਲੇਖਕ ਵੱਲੋਂ ਲਿਖਿਆ ਪੜ੍ਹਕੇ ਚੰਗਾ ਲਗਦਾ ਹੈ।

ਜਸਵੰਤ ਦੀਦ ਦੀ ਸ਼ਾਇਰੀ ਨੇ ਹਮੇਸ਼ਾ ਨੂੰ ਮੈਨੂੰ ਪ੍ਰਭਾਵਤ ਕੀਤਾ ਹੈ। 'ਖੁਸ਼ਬੋਈ' ਬੜੀ ਪਿਆਰੀ ਨਜ਼ਮ ਹੈ। ਸੁਰਿੰਦਰ ਸੋਹਲ ਦੀ ਨਜ਼ਮ ਦਾ ਆਪਣਾ ਰੰਗ ਹੈ। ਜਸਵੀਰ ਦੀਆਂ ਨਜ਼ਮਾਂ ਬਹੁਤ ਪਿਆਰੀਆਂ ਹਨ। ਇਹ ਉਹੀ ਜਸਵੀਰ ਹੋਵੇਗੀ ਜਿਹਦੇ ਨਾਲ ਕਾਨਾ ਸਿੰਘ ਦੇ ਘਰ ਮੁਲਾਕਾਤ ਹੋਈ ਸੀ ਤੇ ਫਿਰ ਕੈਨੇਡਾ ਪ੍ਰਿੰਸ ਜਾਰਜ ਵਿਚ।

-ਪ੍ਰੇਮ ਗੋਰਖੀ, ਜ਼ੀਰਕਪੁਰ, ਜ਼ਿਲ੍ਹਾ ਮੋਹਾਲੀ

ਸਿਰਜਣਾ-149 ਵਿਚ ਹਰਜੀਤ ਅਟਵਾਲ ਦੀ ਕਹਾਣੀ 'ਭਾਈਆ' ਉੱਚ ਪਾਏ ਦੀ ਸੀ, ਪਸੰਦ ਆਈ। ਐਪਰ ਚੰਗਾ ਹੁੰਦਾ ਜੇਕਰ ਕਹਾਣੀ ਮੈਂ ਪਾਤਰ ਤੋਂ ਹਟ ਕੇ ਕਿਸੇ ਹੋਰ ਸ਼ੈਲੀ ਵਿਚ ਹੁੰਦੀ। ਇਸ ਵਿਚ ਸ਼ਾਹਕਾਰ ਰਚਨਾ ਬਣਨ ਦੇ ਕਈ ਗੁਣ ਮੌਜੂਦ ਸਨ। ਗੁਰਸੇਵਕ ਸਿੰਘ ਪ੍ਰੀਤ ਦੀ ਕਹਾਣੀ 'ਟੁੱਟੀ ਮਾਲਾ ਦੇ ਮਣਕੇ' ਉੱਚ ਪੱਧਰ ਦੀ ਨਵੇਰੇ ਵਿਸ਼ੇ ਦੀ ਕਹਾਣੀ ਹੈ। ਲੇਖਕ ਦੀ ਸ਼ਲਾਘਾ ਕਰਨੀ ਬਣਦੀ ਹੈ। ਇਹ ਨੁੱਕਰ ਕਹਾਣੀ ਦੀ ਚੁਭਦੀ ਹੈ ਕਿ ਹਰ ਵਰਤਾਰੇ ਦੇ ਪਿੱਛੇ ਕੋਈ ਨਾ ਕੋਈ ਠੋਸ ਵਜ੍ਹਾ ਹੁੰਦੀ ਹੈ ਜਦਕਿ ਇਸ ਕਹਾਣੀ ਵਿਚ ਮੈਨੂੰ ਉਹ ਵਜ੍ਹਾ ਨਜ਼ਰ ਨਹੀਂ ਆਈ। ਜੇਕਰ ਮਨੁੱਖੀ ਮਨ ਵਿਚ ਛੁਪੀ ਅਸੀਮ ਅਤ੍ਰਿਪਤੀ ਹੀ ਉਸ ਦੀ ਵਜ੍ਹਾ ਹੈ ਤਾਂ ਕੋਈ ਨਾ ਕੋਈ ਨਾਟਕੀ ਮੋੜ ਚਾਹੀਦਾ ਸੀ ਕਹਾਣੀ ਵਿਚ ਜਿੱਥੋਂ ਨੀਰਜ ਦਾ ਹਰਿੰਦਰ ਬਾਰੇ ਜ਼ਿੰਦਗੀ ਦਾ ਅਹਿਮ ਫੈਸਲਾ ਲੈਣ ਦਾ ਮਨ ਬਣਦਾ। ਕੇਵਲ ਜੱਟਾਂ ਦਾ ਮੁੰਡਾ ਹੋਣਾ ਜਾਂ ਲੰਬੇ ਵਾਲ ਰੱਖਣਾ ਹੀ ਕਾਫੀ ਨਹੀਂ ਹੈ ਐਡਾ ਵਰਤਾਰਾ ਵਰਤ ਜਾਣ ਪਿੱਛੇ। ਅੰਜਲੀ ਦਾ ਪਾਤਰ ਮਨੁੱਖੀ ਨਾ ਹੋ ਕੇ ਕੋਈ ਕਠਪੁਤਲੀ ਹੀ ਜਾਪਦਾ ਹੈ। ਆਪਣੀ ਮਰਜ਼ੀ ਨਾਲ ਘਰਦਿਆਂ ਦੀ ਇੱਛਾ ਦੇ ਉਲਟ ਅੰਤਰ-ਜਾਤੀ ਵਿਆਹ ਕਰਵਾਉਣ ਵਾਲੀ ਜੱਟਾਂ ਦੀ ਕੁੜੀ ਵਾਸਤੇ ਸੰਭਵ ਨਹੀਂ ਜਾਪਦਾ ਕਿ ਉਹ ਹਾਲਾਤ ਸਾਹਮਣੇ ਗੋਡੇ ਟੇਕ ਦੇਵੇ। ਉਂਝ ਇਹ ਬਹੁਤ ਵਧੀਆ ਕਹਾਣੀ ਹੈ। ਕੁਲਵੰਤ ਸਿੰਘ ਵਿਰਕ ਬਾਰੇ ਤੁਹਾਡਾ ਲੇਖ ਵੀ ਅਮੁੱਲੀ ਰਚਨਾ ਹੈ। ਇਉਂ ਹੀ ਸੰਧੂ ਸਾਹਿਬ ਦਾ ਸੰਤ ਸਿੰਘ ਸੇਖੋਂ ਬਾਰੇ। ਤੁਹਾਡਾ ਦੋਹਾਂ ਦਾ ਧੰਨਵਾਦ।

-ਅਮਨਪਾਲ ਸਾਰਾ, ਬਰਨਬੀ, ਬੀ. ਸੀ., ਕੈਨੇਡਾ

ਸਿਰਜਣਾ-149 ਵਿਚ ਹਰਜੀਤ ਅਟਵਾਲ ਦੀ ਕਹਾਣੀ 'ਭਾਈਆ' ਨੇ ਤਾਂ ਭਾਵੁਕ ਹੀ ਕਰ ਦਿੱਤਾ। ਬੰਦਾ ਕਿਸੇ ਵੀ ਜਗ੍ਹਾ ਦਾ ਹੋਵੇ ਉਹ ਭਾਵੁਕ ਹੁੰਦੈ। ਤੇ ਜਦੋਂ ਉਸ ਦੇ ਸੁਪਨਿਆਂ ਨੂੰ ਅੱਗੋਂ ਪੂਰਾ ਕਰਨ ਵਾਲਾ ਐਵੇਂ ਜਿਹਾ ਹੀ ਕਹਿ ਕੇ ਛੁਟਿਆ ਦਿੰਦੈ ਤਾਂ ਉਹ ਭਾਵੇਂ ਭਾਈਆ ਹੋਵੇ ਭਾਵੇਂ ਜੋਮਜ਼ ਉਹ ਟੁੱਟ ਕੇ ਰਹਿ ਜਾਂਦੈ। ਜਿਵੇਂ ਸਾਰੀ ਕੀਤੀ ਕਰਾਈ ਖੂਹ 'ਚ ਪੈ ਗਈ ਹੋਵੇ। ਪਿਆਰਾ ਸਿੰਘ ਭੋਗਲ ਦੀ 'ਦੁਸ਼ਮਣ' ਦਾ ਅੰਤ ਕਹਾਣੀ ਨੂੰ ਸਿਖਰ 'ਤੇ ਲੈ ਗਿਆ ਹੈ। ਅੱਜ ਇਕ ਅਹੁਦੇ ਤੇ ਬੈਠਿਆਂ ਯਾਦ



ਆਉਂਦੈ ਜਦੋਂ ਕਾਲਿਜਾਂ ਵਿਚ ਪੜ੍ਹਦੇ ਸੀ। ਨਿੱਕੀਆਂ ਨਿੱਕੀਆਂ ਬੇਮਤਲਬ ਗੱਲਾਂ ਤੋਂ ਹੁੰਦੀਆਂ ਲੜਾਈਆਂ ਬੜੇ ਭੈੜੇ ਨਤੀਜੇ ਲੈ ਆਉਂਦੀਆਂ ਸਨ। ਬਹੁਤੇ ਬੇਮਤਲਬ ਝਗੜਿਆਂ 'ਚ ਕਿੰਨੇ ਸਾਰੇ ਮੁੰਡਿਆਂ ਨੇ ਆਪਣੇ ਕੈਰੀਅਰ ਅਤੇ ਘਰ ਵਾਲਿਆਂ ਅਥਵਾ ਮਾਪਿਆਂ ਦੇ ਸੁਪਨੇ ਮਿੱਟੀ 'ਚ ਰੋਲ ਦਿੱਤੇ। ਕਾਲਿਜ ਦਾ ਜੀਵਨ ਹੁੰਦਾ ਹੀ ਭਾਵੁਕਤਾ ਵਾਲਾ ਹੈ। ਸਾਧਨਾਂ ਦੀ ਭਟਕਣਾਂ ਵਿਚ ਭਟਕੇ ਮਨੁੱਖ ਦੀ ਦਾਸਤਾਨ 'ਟੁੱਟੀ ਮਾਲਾ ਦੇ ਮਣਕੇ' ਬਹੁਤ ਹੀ ਪਿਆਰੀ ਹੈ ਗੁਰਸੇਵਕ ਸਿੰਘ ਪ੍ਰੀਤ ਦੀ ਕਹਾਣੀ। ਸ਼ਸ਼ੀ ਸਮੁੰਦਰਾ ਦਾ ਲੇਖ ਬੜਾ ਚੰਗਾ ਸੀ। ਦੂਸਰੀ ਵਿਸ਼ਵ ਜੰਗ ਸਮੇਂ ਜਰਮਨਾਂ ਵੱਲੋਂ ਕੀਤੀ ਅੱਤ ਦਾ ਰੌਂਗਟੇ ਖੜ੍ਹੇ ਕਰਨ ਵਾਲਾ ਵੇਰਵਾ, ਸੁਰਜੀਤ ਹਾਂਸ ਨੇ ਆਪਣੇ ਲੇਖ ਵਿਚ ਦਿੱਤਾ। ਸਾਡੇ ਬਹੁਤ ਪਿਆਰੇ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਹੋਰਾਂ 'ਤੇ ਰਘਬੀਰ ਸਿੰਘ ਹੋਰਾਂ ਦਾ ਲੇਖ ਵੀ ਚੇਤਿਆਂ ਵਿਚ ਰਹਿਣ ਵਾਲੀ ਲਿਖਤ ਸੀ।

-ਡਾ. ਕਰਮਜੀਤ ਸਿੰਘ ਨਡਾਲਾ, ਅੱਡਾ ਨਡਾਲਾ, ਜ਼ਿਲ੍ਹਾ ਕਪੂਰਥਲਾ

ਸਿਰਜਣਾ-146 ਵਿਚ ਛਪੀ ਲਾਲ ਸਿੰਘ ਦੀ ਕਹਾਣੀ 'ਗੜ੍ਹੀ ਬਖਸ਼ਾ ਸਿੰਘ' ਭਾਰਤ ਦੇ ਆਜ਼ਾਦੀ ਸੰਗਰਾਮ ਦੇ ਕੁਝ ਗੁਆਚੇ ਪੈਂਡਿਆਂ ਦੀ ਤਲਾਸ਼ ਕਰਦੀ ਹੈ, ਨਿਸ਼ਾਨ ਦੇਹੀ ਕਰਦੀ ਹੈ। ਜਲ੍ਹਿਆਂ ਵਾਲੇ ਬਾਗ਼ ਦੀ ਘਟਨਾ ਤੋਂ ਲੈ ਕੇ 1947 ਤਕ ਦੇ ਡੋਮੀਨੀਅਨ ਪੰਜਾਬ ਵਿਚੋਂ ਲੰਘਦਾ ਕਹਾਣੀ ਦਾ ਕਥਾ-ਪਟ ਗਿਆਨੀ ਜ਼ੈਲ ਸਿੰਘ ਦੇ ਰਾਜ ਤਕ ਪੁੱਜਦਾ ਹੈ। ਕਹਾਣੀ ਵਿਚ ਸਮਿੱਤਰ ਤੇ ਉਸਦੇ ਨਾਨਕਾ ਪਿੰਡ ਦਾ ਦੇਸ਼ ਭਗਤ ਗੁਰਬਖਸ਼ ਸਿੰਘ ਹੀ ਮੁੱਖ ਤੌਰ 'ਤੇ ਕੇਂਦਰ ਬਿੰਦੂ ਬਣਦਾ ਹੈ ਜਿਸ ਦੀ ਦੁਆਬੇ ਦੇ ਇਕ ਪਿੰਡ ਵਿਚਲੀ ਹਵੇਲੀ ਨੂੰ ਦੇਸ਼ ਭਗਤਾਂ ਦੀ ਠਾਹਰ ਕਰਕੇ 'ਗੜ੍ਹੀ ਬਖਸ਼ਾ ਸਿੰਘ' ਕਿਹਾ ਜਾਣ ਲੱਗ ਪਿਆ। ਜਲ੍ਹਿਆਂ ਵਾਲੇ ਬਾਗ ਦੀ ਘਟਨਾ ਉਪਰੰਤ ਪੰਜਾਬ ਵਿਚ ਚੱਲੀ ਗੁਰਦੁਆਰਾ ਸੁਧਾਰ ਲਹਿਰ ਅਧੀਨ ਲੜੇ ਗਏ ਜੈਤੋ ਦੇ ਮੋਰਚੇ ਤੇ ਨਨਕਾਣਾ ਸਾਹਿਬ ਦੇ ਮੋਰਚਿਆਂ ਤੋਂ ਸ਼ੁਰੂ ਕਰਕੇ ਇਹ ਦੋਵੇ ਪਾਤਰ ਵੀਹਵਿਆਂ ਵਿਚ ਕਿਰਤੀ ਲਹਿਰ ਨਾਲ ਜੁੜ ਕੇ ਕਿਸਾਨੀ ਮੋਰਚਿਆਂ ਵਿਚ ਭਰਪੂਰ ਹਿੱਸਾ ਪਾਉਂਦੇ ਹਨ। ਸੰਘਰਸ਼ ਦੌਰਾਨ ਦੁਆਬੇ ਦੇ ਹੋਰ ਦੇਸ਼ ਭਗਤਾਂ ਸੰਗ ਨਹਿਰੀ ਪਾਣੀ ਦੇ ਵਧੇ ਲਗਾਨ ਵਿਰੁੱਧ ਜਲਸੇ ਜਲੂਸਾਂ ਵਿਚ ਪੂਰੀ ਹਿੱਸੇਦਾਰੀ ਪਾਉਂਦੇ ਤੇ ਜੇਲ੍ਹਾਂ ਦੀਆਂ ਸਜ਼ਾਵਾਂ ਭੁਗਤਦੇ ਪਰਵਾਨ ਚੜ੍ਹਦੇ ਹਨ। ਦੂਜੀ ਜੰਗ ਦੌਰਾਨ ਇਟਲੀ ਤੋਂ ਮੁੜੇ ਸੋਹਣੇ ਫੌਜੀ ਦੀ ਵਾਰਤਾ ਵਿਚ ਚਾਚਾ ਅਜੀਤ ਸਿੰਘ ਤੇ ਸੁਭਾਸ਼ ਚੰਦਰ ਬੋਸ ਤਥਾ ਆਜ਼ਾਦ ਹਿੰਦ ਫੌਜ ਵਿਚ ਬਹੁਤ ਸਾਰੇ ਭਾਰਤੀ ਫੌਜੀਆਂ ਦੀ ਭਰਤੀ ਦਾ ਜ਼ਿਕਰ ਕਹਾਣੀ ਦੀ ਰਫਤਾਰ ਵਧਾਉਂਦਾ ਹੈ। ਸ਼ਹੀਦ ਭਗਤ ਸਿੰਘ ਨੂੰ ਫਾਂਸੀ ਚਾੜ੍ਹਨ ਵਾਲੇ ਐੱਸ. ਪੀ. ਅਬਦੁੱਲ ਅਜ਼ੀਜ਼ ਖਾਨ ਨੂੰ ਗੋਲੀਆਂ ਬੰਬਾਂ ਨਾਲ ਉਡਾ ਦੇਣ ਦੀ ਅਸਫਲ ਯੋਜਨਾ ਅਤੇ ਇਹਨਾਂ ਦੇਸ਼ ਭਗਤ ਪਾਤਰਾਂ ਵੱਲੋਂ ਝੱਲੇ ਤਸ਼ੱਦਦ ਤੇ ਸਜ਼ਾਵਾਂ ਉਪਰੰਤ ਹਥਿਆਰਬੰਦ ਹੁੰਦੀ ਸੁਤੰਤਰਤਾ ਲਹਿਰ ਵਿਚਲੀਆਂ ਦਰਾੜਾਂ ਉਪਰ ਵੀ ਕਹਾਣੀ ਝਾਤ ਪੁਆ ਜਾਂਦੀ ਹੈ। ਕਹਾਣੀ ਵਿਚ ਸਫਲ ਕਿਸਾਨ ਮੋਰਚੇ ਮੂਹਰੇ ਪੰਜਾਬ ਦੇ ਉਦੋਂ ਦੇ ਮੁੱਖ ਮੰਤਰੀ ਸਿਕੰਦਰ ਹਯਾਤ ਖਾਂ ਦਾ ਕਿਸਾਨਾਂ ਦੀਆਂ ਪੂਰੀਆਂ ਮੰਗਾਂ ਮੰਨ ਲੈਣਾ ਜਿੱਥੇ ਉਦੋਂ ਦੀ ਲੋਕ ਲਹਿਰ ਦੀ ਮਜ਼ਬੂਤੀ ਵੱਲ ਧਿਆਨ ਦਿਵਾਉਂਦਾ ਹੈ ਉੱਥੇ ਸਰ ਛੋਟੂ ਰਾਮ ਦਾ ਜ਼ਿਕਰ, ਜਿਸ ਨੇ ਲੱਖਾਂ ਕਿਸਾਨਾਂ ਨੂੰ ਸ਼ਾਹੂਕਾਰਾਂ ਤੋਂ ਨਿਜਾਤ ਦਿਵਾ ਕੇ ਜ਼ਮੀਨਾਂ ਦੇ ਮਾਲਕ ਬਣਾਇਆ, ਨਾ ਆਉਣਾ ਚੁਭਦਾ ਵੀ ਹੈ। ਕਹਾਣੀ ਦਾ ਕਥਾ-ਪਟ ਲਾਹੌਰ, ਪੇਸ਼ਾਵਰ, ਕਾਬਲ, ਮਾਸਕੋ, ਈਰਾਨ, ਈਰਾਕ ਤੇ ਇਟਲੀ ਤਕ ਫੈਲਿਆ ਹੋਇਆ ਹੈ। ਕਹਾਣੀਕਾਰ ਕੋਈ ਅੱਧੀ ਸਦੀ ਉਪਰ ਫੈਲੇ ਇਸ ਕਥਾ-ਪਟ ਨੂੰ ਪੰਜ ਹਿੱਸਿਆ ਵਿਚ ਪੇਸ਼ ਕਰਦਾ ਹੈ। ਇਸ ਸਮੇਂ ਵਿਚਲਾ ਘਟਨਾ-ਕ੍ਰਮ ਪੂਰੇ ਇਤਿਹਾਸ ਨੂੰ ਆਪਣੇ ਵਿਚ ਨਹੀਂ ਸਮੇਟ ਸਕਿਆ- ਇਹ ਕਹਾਣੀਕਾਰ ਦੀ ਮਜਬੂਰੀ ਵੀ ਹੋ ਸਕਦੀ ਹੈ। ਪਰ ਆਜ਼ਾਦੀ ਸੰਗਰਾਮ ਵਿਚ ਮੋਹਰੀ ਰੋਲ ਨਿਭਾ ਰਹੀ ਕਾਂਗਰਸ ਦਾ ਕਹਾਣੀ ਵਿਚੋਂ ਗੈਰਹਾਜ਼ਰ ਹੋਣਾ ਕਿਰਤੀ ਸ਼੍ਰੇਣੀ ਤੇ ਸਿਰਲੱਥ ਦੇਸ਼ ਭਗਤ ਲਹਿਰ ਦੇ ਪੂੰਜੀਵਾਦੀ

ਸ਼ਾਂਤਮਈ ਆਜ਼ਾਦੀ ਅੰਦੋਲਨ ਵਿਚਲੇ ਦਵੰਦ ਨੂੰ ਜ਼ਾਹਰ ਨਹੀਂ ਹੋਣ ਦਿੰਦਾ। ਇਹ ਦਵੰਦ ਕਹਾਣੀ ਦੇ ਪੰਜਵੇਂ ਅੰਸ਼ ਵਿਚ ਸਾਹਵੇਂ ਆਉਂਦਾ ਹੈ ਜਦੋਂ ਗੁਰਬਖਸ ਸਿੰਘ ਦੀ ਮੌਤ ਦਾ ਅਫਸੋਸ ਕਰਨ ਆਇਆ ਆਜ਼ਾਦ ਹਿੰਦ ਫੌਜ ਦਾ ਸਿਪਾਹੀ ਸੋਹਣਾ ਗਿਆਨੀ ਜ਼ੈਲ ਸਿੰਘ ਵੱਲੋਂ ਦਿੱਤੀ ਪੈਨਸ਼ਨ ਦਾ ਜ਼ਿਕਰ ਸਮਿੱਤਰ ਪਾਸ ਕਰਦਾ ਕਹਿੰਦਾ ਹੈ, "ਭਾ. ਸਮਿੱਤਰਾ ਪਿਲਸਨ ਲੱਗਗੀ ਸੀ। ਅਸੀਂ ਵੀ ਜੀਂਦਿਆਂ 'ਚ ਹੋ ਗਏ। ਨਹੀਂ ਤਾਂ ਘਰ ਦਿਆਂ ਵੰਨੀਓਂ ਤਾਂ ਹੋਰ ਤਾਂ ਕੀ ਰੋਟੀ ਟੁੱਕ ਤੋਂ ਵੀ ਅਵਾਜ਼ਾਰ...। ਭਲਾ ਹੋਵੇ ਗਿ: ਜ਼ੈਲ ਸਿੰਘ ਸੂੰਹ ਦਾ।" ਕਹਾਣੀ ਵਿਚਲਾ ਦਵੰਦ ਉਦੋਂ ਸਿਖਰ 'ਤੇ ਪਹੁੰਚਦਾ ਹੈ ਜਦ ਸਮਿੱਤਰ ਵੱਲੋਂ ਨਿਰੁੱਤਰ ਰਹਿਣ 'ਤੇ ਸੋਹਣਾ ਸਮੇਂ ਦੇ ਯਥਾਰਥ ਨੂੰ ਮਨੋ ਮਨੀ ਬਿਆਨ ਕਰਦਾ ਹੈ, "ਇਕ ਪਾਸੇ ਖਾਲੀ ਹੱਥ ਪਰਤ ਆਉਣ ਦੀ ਨਮੋਸ਼ੀ, ਸਾਲਾਂ ਬੱਧੀ ਦੁਰਕਾਰਿਆਂ ਵਰਗੀ ਜੂਨ ਹੰਢਾਉਣ ਦਾ ਸੰਤਾਪ ਤੇ ਦੂਜੇ ਪਾਸੇ ਉਸਦੇ ਗੁਰੂਆਂ ਵਰਗੇ ਬਖਸ਼ੇ ਭਾਅ ਦਾ ਐਲਾਨਨਾਮਾ, ਉਸ ਦਾ ਫੈਸਲਾ, ਉਸ ਦਾ ਤਿਆਗ। ਉਮਰ ਭਰ ਵਿਆਹ ਨਹੀਂ ਸੀ ਕਰਵਾਇਆ ਉਸ ਨੇ।"

ਕਹਾਣੀਕਾਰ ਨੇ ਪੰਜਾਬ ਦੀ ਪੈਪਸੂ ਮੁਜ਼ਾਰਾ ਲਹਿਰ, ਜੋ ਪਰਚਾ ਮੰਡਲ ਪਾਰਟੀ ਅਧੀਨ ਚੱਲੀ ਸੀ, ਦਾ ਜ਼ਿਕਰ ਵੀ ਨਹੀਂ ਕੀਤਾ। ਇਸੇ ਲਹਿਰ ਵਿਚੋਂ ਲਾਲ ਪਾਰਟੀ ਲਹਿਰ ਪੰਜਾਹਵਿਆਂ ਵਿਚ ਚੱਲੀ ਜੋ ਤਿਲੰਗਾਨਾ ਅੰਦੋਲਨ ਤੋਂ ਪ੍ਰਭਾਵਤ ਸੀ। ਪਰ ਪੂੰਜੀਵਾਦ ਦੇ ਵੱਡੇ ਵਰਤਾਰੇ ਸਾਹਮਣੇ ਇਹ ਲਹਿਰਾਂ ਖਲੋ ਨਾ ਸਕੀਆਂ। ਪੰਜਾਬ ਜਾਂ ਭਾਰਤ ਦੀ ਕਮਿਊਨਿਸਟ ਲਹਿਰ ਤਾਂ ਕਾਂਗਰਸ ਜਾਂ ਦੇਸ਼ ਦੇ ਪੂੰਜੀਵਾਦ ਨਾਲ ਚੋਣਾਂ ਦੇ ਦੋਸਤਾਨਾ ਕ੍ਰਿਕਟ ਮੈਚ ਹੀ ਖੇਡਦੀ ਆਈ ਹੈ। ਦੇਸ਼ ਭਗਤ ਹਵੇਲੀ ਗੜ੍ਹੀ ਬਖਸ਼ਾ ਸਿੰਘ, ਜਿਸ ਦੇ ਕੱਚੇ ਪੱਕੇ ਕਮਰੇ ਢਹਿਣ ਦੇ ਕਿਨਾਰੇ ਹਨ, ਦੇ ਹਵਾਲੇ ਨਾਲ ਪੂੰਜੀਵਾਦੀ ਲੀਹਾਂ 'ਤੇ ਹੋਈ ਉਸਾਰੀ ਬਾਰੇ ਕਹਾਣੀਕਾਰ ਦਾ ਬਿਆਨ ਸਮਾਜ ਦੇ ਦੁਖਾਂਤਕ ਦਵੰਦ ਨੂੰ ਹੋਰ ਸਿਖਰਾਂ ਦਿੰਦਾ ਹੈ, "ਨਵੇਂ ਉਸਰੇ ਘਰਾਂ ਕੋਠਿਆਂ ਨੇ ਸਭ ਪਿੱਠ ਕਰ ਲਈ ਸੀ ਹਵੇਲੀ ਵਾਲੇ ਪਾਸੇ ਨੂੰ। ਕਿਸੇ ਇਕ ਦਾ ਵੀ ਮੂੰਹ ਇਧਰ ਵੰਨੀਂ ਨਹੀਂ ਸੀ ਰਿਹਾ, ਗੁਰਬਖਸ਼ ਸਿੰਘ ਵੰਨੀਂ, ਸਿਵਾ ਸਮਿੱਤਰ ਦੇ ਘਰ ਦੇ।"

ਅਤਰਜੀਤ ਨੇ ਠੀਕ ਹੀ ਇਸ ਕਹਾਣੀ ਬਾਰੇ ਲਿਖਿਆ ਹੈ, "ਆਜ਼ਾਦੀ ਦੀ ਖਾਤਰ ਮਰ ਮਿਟਣ ਵਾਲੇ ਦੇਸ਼ ਭਗਤਾਂ ਨਾਲ ਪਾਠਕ ਦਾ ਨਾਤਾ ਜੋੜਨ ਵਾਲੀ ਇਹ ਨਿੱਗਰ ਕਹਾਣੀ ਹੈ।" ਦੇਸ਼ ਦੀ ਭ੍ਰਿਸ਼ਟ ਤੇ ਮੁਜਰਮਾਨਾ ਰਾਜਨੀਤੀ, ਭ੍ਰਿਸ਼ਟ ਨੌਕਰਸ਼ਾਹੀ ਦੇ ਬਲਬੂਤੇ ਖੜ੍ਹੇ ਪੂੰਜੀਵਾਦ ਦੇ ਇਸ ਰੇਤ ਦੇ ਮਹੱਲ ਨੂੰ ਢਹਿ ਢੇਰੀ ਕਰਕੇ ਇਕ ਸੋਹਣੇ, ਸੁੰਦਰ ਤੇ ਸ਼ੋਸ਼ਣ ਰਹਿਤ ਸਮਾਜ ਦੀ ਸਿਰਜਣਾ ਵੱਲ ਨੂੰ ਇਸ਼ਾਰਾ ਕਰਦੇ ਹਨ ਕਹਾਣੀਕਾਰ ਦੇ ਆਖਰੀ ਸ਼ਬਦ: "ਉਸਦੀ (ਸਮਿੱਤਰ) ਇਸ ਟਿਕਟਿਕੀ ਅੰਦਰ ਉਸ ਦੇ ਬਖਸ਼ੇ ਭਾਅ ਦੇ, ਗੁਰਬਖਸ਼ ਸਿੰਘ ਦੇ ਕਿਸੇ ਰਹੇ-ਖਚੇ ਜਾਨਸ਼ੀਨ ਨੂੰ ਮਿਲਣ ਦੇਖਣ ਦੀ ਤਾਂਘ ਅਜੇ ਤਕ ਵੀ ਨਹੀਂ ਸੀ ਮੁੱਕੀ...ਬਰਕਰਾਰ ਸੀ ਉਵੇਂ ਦੀ ਉਵੇਂ...ਸ਼ਾਇਦ?"

ਸਮਾਜ ਨੂੰ ਇਕ ਵਾਢਿਓਂ ਬਦਲ ਕੇ ਰੱਖ ਦੇਣ ਵਾਲੇ ਰੈਡੀਕਲ ਸਾਹਿਤ ਵਿਚ ਸ਼ੁਮਾਰ ਹੋਣਾ ਚਾਹੀਦਾ ਹੈ ਇਸ ਕਹਾਣੀ ਦਾ। ਟੀ. ਵੀ. ਰੂਪਾਂਤਰਣ ਦੇ ਕੇ ਚੰਗੀ ਦਸਤਾਵੇਜ਼ੀ ਫਿਲਮ ਵੀ ਬਣ ਸਕਦੀ ਹੈ ਇਸ ਕਹਾਣੀ 'ਤੇ।

**-ਬਲਬੀਰ ਸਿੰਘ ਮੁਕੇਰੀਆ, ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ**

---

*ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਐੱਸ. ਸੀ. ਐੱਫ. 112, ਫੇਜ਼ 7, ਮੋਹਾਲੀ ਤੋਂ ਛਪਵਾ ਕੇ, 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।*
*ਸੰਪਾਦਕ : **ਰਘਬੀਰ ਸਿੰਘ*** *ਪ੍ਰਕਾਸ਼ਨ ਮਿਤੀ : 1 ਜਨਵਰੀ, 2009*



ਪ੍ਰੌਢ ਅਵਸਥਾ ਨੂੰ ਪਹੁੰਚ ਰਹੇ ਸਮਰੱਥ ਕਹਾਣੀਕਾਰ ਗੁਲਜ਼ਾਰ ਸਿੰਘ ਸੰਧੂ ਦਾ ਸੱਜਰਾ ਕਹਾਣੀ ਸੰਗ੍ਰਹਿ

# ਦਿਨ ਦੀਵੀਂ ਲੁੱਟ



ਉਮਰ ਦੇ ਚਲੋ ਚਲੀ ਦੇ ਪੜਾਅ ਉੱਤੇ ਕਹਾਣੀਕਾਰ ਗੁਲਜ਼ਾਰ ਸਿੰਘ ਸੰਧੂ ਹੁੱਬ ਕੇ ਦੱਸਦਾ ਹੈ ਕਿ ਚੜ੍ਹਦੀ ਜਵਾਨੀ ਵੇਲੇ ਉਹਦਾ ਵਾਹ ਆਪਣੇ ਤੋਂ ਵਡੇਰੀ ਉਮਰ ਦੇ ਸਾਹਿਤਕਾਰਾਂ ਨਾਲ ਬਹੁਤਾ ਰਿਹਾ ਹੈ। ਹੁਣ ਇੰਨੇ ਹੀ ਚਾਅ ਨਾਲ ਉਹ ਆਪਣੇ ਹਾਣ ਤੋਂ ਛੋਟੀ ਉਮਰ ਦੇ ਸਾਹਿਤਕਾਰਾਂ ਦੀ ਸੰਗਤ ਤੇ ਪੰਗਤ ਮਾਨਣ ਬਾਰੇ ਖੁਲਾਸਾ ਕਰਦਾ ਹੈ... ਪੰਜ ਦਹਾਕਿਆਂ ਦੌਰਾਨ ਕਹਾਣੀ ਦੇ ਨੈਣ-ਨਕਸ਼ ਬਹੁਤ ਬਦਲ ਗਏ ਹਨ। ਪਰ ਗੁਲਜ਼ਾਰ ਸਿੰਘ ਸੰਧੂ ਦੀਆਂ ਇਹਨਾਂ ਕਹਾਣੀਆਂ ਵਿਚ ਬਾਤਾਂ ਵਰਗਾ ਕੋਈ ਰਸ ਘੁਲਿਆ ਹੋਇਆ ਹੈ ਜੋ ਕਹਾਣੀਆਂ ਦੀ ਜਿੰਦ-ਜਾਨ ਬਣਦਾ ਹੈ। ਇਹ ਰੰਗ ਚਲੋ ਚਲੀ ਵਾਲੀ ਉਮਰ ਦੇ ਪੜਾਅ 'ਤੇ ਵੀ ਕਾਇਮ ਹੈ।

ਸੁੰਦਰ ਦਿੱਖ ਪੰਨੇ : 148 ਮੁੱਲ : 160 ਰੁਪਏ

**ਪੰਜਾਬੀ ਸਭਿਆਚਾਰ ਕੇਂਦਰ, ਦਰਿਆ ਗੰਜ, ਦਿੱਲੀ**

ROOTS___Alex Haley

**SIRJANA** Literary Punjabi Quarterly Chandigarh

No. 151 January-March 2009

Registered with the Registrar of Newspapers for India vide R.N. 10215/65




ਸੰਨ 1976 ਵਿਚ ਪਹਿਲੀ ਵਾਰ ਮੂਲ ਅੰਗਰੇਜ਼ੀ ਵਿਚ ਪ੍ਰਕਾਸ਼ਤ ਨਾਵਲ 'ਰੂਟਸ' ਅਫਰੀਕਨ-ਅਮਰੀਕਨ ਲੇਖਕ ਐਲੇਕਸ ਹੈਲੀ ਦੀ ਐਪਿਕ ਦਾ ਦਰਜਾ ਪ੍ਰਾਪਤ ਕਰਨ ਵਾਲੀ ਜਗਤ ਪ੍ਰਸਿੱਧ ਰਚਨਾ ਹੈ। ਲੇਖਕ ਦੇ ਪੁਰਖਿਆਂ ਦੀਆਂ ਛੇ ਪੁਸ਼ਤਾਂ ਦੇ ਇਤਿਹਾਸ ਨੂੰ ਕਥਾ ਵਸਤੂ ਵਜੋਂ ਲੈਂਦਾ ਹੋਇਆ ਇਹ ਨਾਵਲ ਗ਼ੁਲਾਮਾਂ ਦੇ ਵਪਾਰ, ਗ਼ੁਲਾਮਾਂ ਉੱਤੇ ਅੱਤਿਆਚਾਰ ਅਤੇ ਗ਼ੁਲਾਮਾਂ ਦੇ ਆਜ਼ਾਦੀ ਲਈ ਘੋਲ ਦਾ ਦਿਲ ਹਿਲਾ ਦੇਣ ਵਾਲਾ ਵੇਰਵਾ ਪੇਸ਼ ਕਰਦਾ ਹੈ। ਸੰਸਾਰ ਦੀਆਂ ਦਰਜਨਾਂ ਹੀ ਜ਼ੁਬਾਨਾਂ ਵਿਚ ਅਨੁਵਾਦ ਹੋ ਚੁੱਕੇ ਇਸ ਸ਼ਾਹਕਾਰ ਦਾ ਦਲਜੀਤ ਸਿੰਘ ਐਡਮਿੰਟਨ ਨੇ ਬਹੁਤ ਮਿਹਨਤ ਨਾਲ ਪੰਜਾਬੀ ਵਿਚ ਅਨੁਵਾਦ ਕੀਤਾ ਹੈ।

ਸੁੰਦਰ ਦਿਖ ਪੰਨੇ 828 ਮੁੱਲ : 550 ਰੁਪਏ

**ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ**